INTERNATIONAL MAGAZINE
RNI No. 61816/95

ਨਵੰਬਰ 2018

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੈ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ।
ਗੁਰਮੁਖਿ ਕਲਿ ਵਿਚ ਪਰਗਟੁ ਹੋਆ॥



# ਪ੍ਰੋਗਰਾਮ

## 30-31 ਅਕਤੂਬਰ ਅਤੇ 1 ਨਵੰਬਰ

| | |
|---|---|
| ਨਾਮ ਸਿਮਰਨ | ਅੰਮ੍ਰਿਤ ਵੇਲੇ 3.00 ਤੋਂ 3.45 |
| ਨਿੱਤਨੇਮ | 3.45 ਤੋਂ 4.30 |
| ਆਸਾ ਦੀ ਵਾਰ | 4.30 ਤੋਂ 6.00 |
| ਗੁਰਸ਼ਬਦ ਵਿਚਾਰ (ਬਾਬਾ ਲਖਬੀਰ ਸਿੰਘ ਜੀ) | 6.00 ਤੋਂ 7.00 |
| ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | ਸਵੇਰੇ 9.00 ਤੋਂ ਸ਼ਾਮ 3.30 |
| ਰਾਤ ਦਾ ਸਮਾਗਮ | 5.30 ਤੋਂ 10.00 |
| ਰਹਿਰਾਸ, ਅਰਦਾਸ ਅਤੇ ਹੁਕਮਨਾਮਾ | 5.30 ਤੋਂ 6.15 |
| ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | 6.15 ਤੋਂ 10.00 |

### 30 ਅਕਤੂਬਰ (ਮੰਗਲਵਾਰ)

ਵਿਸ਼ੇ : ★ ਸਮੂਹ ਸ਼ਹੀਦਾਂ ਦੀ ਕੁਰਬਾਨੀ ਨੂੰ ਪ੍ਰਣਾਮ

★ ਸਿੱਖ ਧਰਮ ਵਿੱਚ ਸ਼ਹਾਦਤ ਦਾ ਸੰਕਲਪ

### 1 ਨਵੰਬਰ (ਵੀਰਵਾਰ)

★ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਜੀਵਨਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੇ ਜੀਵਨ ਬਾਰੇ ਵਿਚਾਰ।

★ ਸਿੱਖ ਇਤਿਹਾਸ ਵਿੱਚ ਬੀਬੀਆਂ ਵੱਲੋਂ ਸੇਵਾ, ਸਿਮਰਨ, ਪਰਉਪਕਾਰ ਅਤੇ ਕੁਰਬਾਨੀਆਂ।

★ ਗੁਰਮਤਿ ਦੀ ਰੋਸ਼ਨੀ ਵਿਚ 'ਭਰੂਣ ਹੱਤਿਆ ਇੱਕ ਘਿਨੌਣਾ ਪਾਪ" ਦੀ ਵੀਚਾਰ।

★ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਦੇ ਸਿਧਾਂਤ ਦੀ ਵਿਚਾਰ।

ਲਾਈਵ ਟੈਲੀਕਾਸਟ
Apps: Ratwara Sahib Ji, Ratwara Sahib TV
Websites : www.ratwarasahib.in, www. ratwarasahib.org
You Tube : www.youtube.com/babalakhbirsingh
Facebook : www.facebook.com/ratwarasahib1

### 31 ਅਕਤੂਬਰ (ਬੁੱਧਵਾਰ)

★ ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਯਾਦ, ਉਨ੍ਹਾਂ ਵੱਲੋਂ ਧਾਰਮਿਕ, ਸਮਾਜਿਕ, ਸਾਹਿਤਕ ਅਤੇ ਵਿੱਦਿਅਕ ਖੇਤਰ ਵਿੱਚ ਪਾਏ ਯੋਗਦਾਨ। ਮਹਾਂਪੁਰਸ਼ਾਂ ਵੱਲੋਂ ਕੀਤੇ ਗਏ ਪਰਉਪਕਾਰ।

ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਲੈ ਕੇ ਸੰਪਰਦਾ ਦੇ ਸਮੂਹ ਮਹਾਂਪੁਰਸ਼ਾਂ ਦੀ ਯਾਦ।

★ ਸੰਪ੍ਰਦਾ ਵੱਲੋਂ ਦੇਸ਼, ਕੌਮ ਅਤੇ ਧਰਮ ਵਾਸਤੇ ਕੁਰਬਾਨੀਆਂ।

ਅੱਖਾਂ ਦੇ ਫਰੀ ਅਪ੍ਰੇਸ਼ਨ 27 ਤੋਂ 31 ਅਕਤੂਬਰ

ਫਰੀ ਕੈਂਸਰ ਚੈੱਕਅਪ ਕੈਂਪ 30-31 ਅਕਤੂਬਰ

### 2 ਨਵੰਬਰ (ਸ਼ੁੱਕਰਵਾਰ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ

| | |
|---|---|
| ਨਾਮ ਸਿਮਰਨ ਅੰਮ੍ਰਿਤ ਵੇਲੇ | 3.00 ਤੋਂ 3.45 |
| ਨਿੱਤਨੇਮ | 3.45 ਤੋਂ 4.30 |
| ਆਸਾ ਦੀ ਵਾਰ | 4.30 ਤੋਂ 6.00 |
| ਗੁਰ ਸ਼ਬਦ ਵਿਚਾਰ ਬਾਬਾ ਲਖਬੀਰ ਸਿੰਘ ਜੀ | ਸਵੇਰੇ 6.00 ਤੋਂ 7.00 |
| ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | ਸਵੇਰੇ 7.00 ਤੋਂ ਸ਼ਾਮ 3.30 |

★ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਂਝੀਵਾਲਤਾ ★ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਾਮ ਅਤੇ ਸੇਵਾ ਦਾ ਸੰਕਲਪ ★ ਗੁਰੂ ਮਾਨਿਓ ਗ੍ਰੰਥ

★ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਸਿਧਾਂਤ ਦੀ ਵਿਚਾਰ

★ ਵਿਸ਼ਵ ਸ਼ਾਂਤੀ ਦੇ ਕੇਂਦਰ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ

ਸਮੁੱਚੀ ਸੰਪੂਰਨਤਾ ਦੀ ਅਰਦਾਸ ਅਤੇ ਹੁਕਮਨਾਮਾ

ਅੰਮ੍ਰਿਤ ਸੰਚਾਰ: 1-2 ਨਵੰਬਰ ਸਵੇਰੇ 10 ਵਜੇ

ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਆਤਮ ਮਾਰਗ

ਸਾਲ-ਚੌਵੀਵਾਂ, ਮਹੀਨਾ - ਨਵੰਬਰ, 2018

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ**
ਭਾਈ (ਡਾ.) ਸੁਖਵਿੰਦਰ ਸਿੰਘ

**ਚੀਫ ਐਡੀਟਰ**
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379,

Email :atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।
ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ)
   9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE)
   0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.)
   95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8

*ਡਾ. ਜਗਜੀਤ ਸਿੰਘ*

3. ਪਿਆਰੇ ਦੀ ਤਾਂਘ 12

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਬਾਬਾਣੀਆਂ ਕਹਾਣੀਆਂ 22

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਸ੍ਰੀ ਗੁਰੂ ਤੇਗ ਬਹਾਦਰ ਜੀ 26

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਪਿਆਰ ਭਰਿਆ ਸੁਗੰਧਤ ਜੀਵਨ 34

(ਪਿਆਰੇ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ) 45

*ਭਾਈ (ਡਾ.) ਸੁਖਵਿੰਦਰ ਸਿੰਘ*

7. ਆਤਮ ਗਿਆਨ 40

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

8. ਗੁਰ ਨਾਨਕ ਆਗਮਨ 43

*ਡਾ. ਭਾਈ ਵੀਰ ਸਿੰਘ*

9. ਗੁਰਬਾਣੀ ਅਰਥ-ਭੰਡਾਰ 46

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

10. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ 48

*ਡਾ. ਸਵਾਮੀ ਰਾਮ ਜੀ*

11. ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ 50

12. ਸਮਾਗਮ ਲਈ ਸਵਾਰੀਆਂ ਦੇ ਰੂਟ ਅਤੇ ਸੰਪਰਕ ਨੰਬਰ 54

# ਸੰਪਾਦਕੀ

***ਭਾਈ (ਡਾ.) ਸੁਖਵਿੰਦਰ ਸਿੰਘ***

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥*

*ਅੰਗ - ੧੪੨੯*

ਰੂਹਾਨੀਅਤ ਦਾ ਮਾਰਗ ਸਥੂਲ ਤੋਂ ਸੂਖਸ਼ਮ ਵਲ ਨੂੰ ਵਧਣ ਦਾ ਮਾਰਗ ਹੈ। ਇਹ ਸੁਰਤਿ ਸਬਦਿ ਦਾ ਮਾਰਗ ਹੈ। ਦ੍ਰਿਸ਼ਟਮਾਨ ਸੰਸਾਰ ਵਿਚ ਜੋ ਕੁਝ ਵੀ ਦਿਸਦਾ ਹੈ ਉਹ ਪਦਾਰਥ ਦਾ ਬਣਿਆ ਹੋਇਆ ਹੈ। ਪਦਾਰਥ ਦੇ ਅੱਗੇ ਹੋਰ ਤਿੰਨ ਰੂਪ ਹਨ। ਠੋਸ, ਤਰਲ ਤੇ ਗੈਸ। ਸਾਇੰਸ ਨੇ ਇਹ ਸਿੱਧ ਕੀਤਾ ਹੈ ਕਿ ਪਦਾਰਥ ਦੇ ਟੁੱਟਣ ਨਾਲ ਇਸ ਦੇ ਤਿੰਨ ਹਿੱਸੇ ਬਣ ਜਾਂਦੇ ਹਨ- ਪ੍ਰੋਟੋਨ, ਨਿਊਟ੍ਰੋਨ ਤੇ ਇਲੈਕਟ੍ਰੋਨ। ਪਦਾਰਥ ਦੇ ਅੰਦਰ ਤਿੰਨ ਲਹਿਰਾਂ ਦਾ ਵੇਗ ਹੈ। ਉਨ੍ਹਾਂ ਵਿਚ ਵੀ ਕੋਈ ਅਦਿੱਖ ਸ਼ਕਤੀ ਕੰਮ ਕਰ ਰਹੀ ਹੈ। ਪਰ ਜੋ ਕੁਝ ਵੀ ਹੈ ਹਰ ਇਕ ਚੀਜ਼/ਵਸਤੂ ਦਾ ਕੋਈ ਨਾ ਕੋਈ ਆਕਾਰ ਤੇ ਨਾਮ ਹੈ। ਜਿਸ ਵੀ ਚੀਜ਼ ਦਾ ਨਾਮ ਤੇ ਆਕਾਰ ਹੈ ਗੁਰਬਾਣੀ ਮੁਤਾਬਿਕ ਉਸ ਨੇ ਇਕ ਦਿਨ ਬਿਨਸਨਾ ਹੈ ਭਾਵ ਨਸ਼ਟ ਹੋਣਾ ਹੈ। ਉਸ ਦਾ ਅੰਤ ਸੁਭਾਵਿਕ ਤੇ ਅਵੱਸ਼ ਹੈ-

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*

*ਅੰਗ- ੧੪੨੯*

ਹੁਣ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਜੇਕਰ ਹਰ ਦੁਨਿਆਵੀ ਵਸਤੂ ਜੋ ਵੀ ਉਪਜੀ ਹੈ, ਹੋਂਦ ਵਿਚ ਆਈ ਹੈ, ਉਸ ਨੇ ਇਕ ਦਿਨ ਬਿਨਸਨਾ ਹੈ, ਭਾਵ ਖਤਮ ਹੋਣਾ ਹੈ ਤਾਂ ਫਿਰ ਕੋਈ ਐਸੀ ਸ਼ੈਅ ਵੀ ਹੈ ਜੋ ਸਦਾ ਅਮਰ ਰਹੇ, ਜੋ ਕਦੇ ਨਸ਼ਟ/ਖਤਮ ਨਾ ਹੁੰਦੀ ਹੋਵੇ। ਗੁਰਬਾਣੀ ਦੇ ਪਵਿੱਤਰ ਪ੍ਰਕਾਸ਼ ਵਿਚ ਸਾਨੂੰ ਇਸ ਪ੍ਰਸ਼ਨ ਦਾ ਜਵਾਬ ਮਿਲ ਜਾਂਦਾ ਹੈ।

ਵਿਚਾਰ ਕੇ ਦੇਖਿਆ ਜਾਵੇ ਦੁਨੀਆਂ ਦੀ ਹਰ ਸ਼ੈਅ ਤਿੰਨ ਰੂਪਾਂ ਵਿਚ ਸਾਹਮਣੇ ਆਉਂਦੀ ਹੈ। ਸਥੂਲ, ਸੂਖਸ਼ਮ ਅਤੇ ਅਤੀ ਸੂਖਸ਼ਮ। ਮਨੁੱਖਾ ਦੇਹੀ ਵੀ ਤਿੰਨ ਰੂਪਾਂ ਦੀ ਹੀ ਬਣਤਰ ਹੈ। ਸਥੂਲ, ਸੂਖਸ਼ਮ, ਤੇ ਕਾਰਨ ਸਰੀਰ। ਸਥੂਲ ਸਰੀਰ ਦੀਆਂ ਵੀ ਅੱਗੋਂ ਤਿੰਨ ਅਵਸਥਾਵਾਂ ਭਾਵ ਪੜਾਅ ਹਨ।

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*
*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥*

*ਅੰਗ- ੧੪੨੮*

ਹੁਣ ਇਸ ਮਨੁੱਖਾ ਦੇਹੀ ਦੀ ਸਫਲਤਾ ਕਿਵੇਂ ਹੋਵੇ? ਇਸ ਦੇਹੀ ਧਾਰਨ ਕਰਨ ਦਾ ਪ੍ਰਯੋਜਨ ਕਿਵੇਂ ਹੱਲ ਹੋਵੇ? ਇਸ ਦੇ ਅੱਗੇ ਚਾਰ ਦਰਜੇ ਹਨ। ਕਰਮ, ਉਪਾਸ਼ਨਾ, ਗਿਆਨ ਤੇ ਵਿਗਿਆਨ। ਚਾਰੋਂ ਦਰਜੇ ਵੀ ਸਥੂਲ, ਸੂਖਸ਼ਮ ਤੇ ਅਤੀ ਸੂਖਸ਼ਮ ਦੇ ਸਿਧਾਂਤ ਨਾਲ ਜੁੜੇ ਹੋਏ ਹਨ। ਪਹਿਲਾਂ ਕਰਮ ਸਥੂਲ ਸਰੀਰ ਕਰਕੇ ਸੇਵਾ ਰੂਪ ਵਿਚ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਅਸੀਂ ਨਿਰਮਲ ਕਰਮ ਕਹਿੰਦੇ ਹਾਂ। ਇਹ ਸੇਵਾ ਦੇ ਤੌਰ ਤੇ ਜਗਿਆਸੂ ਜਨ ਕਰਦੇ ਹਨ। ਇਹੀ ਸਥੂਲ ਕਰਮ ਸਰੀਰ ਤੋਂ ਅੱਗੇ ਅੰਦਰਲੇ ਮਨ, ਚਿੱਤ, ਬੁੱਧ ਕਰਕੇ ਵੀ ਕੀਤੇ ਜਾਂਦੇ ਹਨ ਜੋ ਕਿ ਸੂਖਸ਼ਮ ਰੂਪ ਧਾਰਨ ਕਰ ਜਾਂਦੇ ਹਨ ਕਿਉਂਕਿ ਮਨ, ਚਿਤ, ਬੁੱਧ ਕਰਕੇ ਵੀ ਹਰ ਵਕਤ ਹਰ ਪ੍ਰਾਣੀ ਕਰਮ ਕਰ ਰਿਹਾ ਹੈ। ਇਸ ਬਾਰੇ ਗੁਰਬਾਣੀ ਅੰਦਰ ਫੁਰਮਾਨ ਹੈ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*

*ਅੰਗ- ੯੧੮*

*ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*

*ਅੰਗ- ੧੩੮੧*

ਇਹੀ ਬਿਰਤੀ ਜਦੋਂ ਸਾਧੀ ਜਾਂਦੀ ਹੈ ਤਾਂ ***'ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥' (ਅੰਗ 774)*** ਵਿਚ ਬਦਲ ਜਾਂਦੀ ਹੈ। ਭਾਉ ਤੇ ਭਉ ਵਾਲੀ ਅਵਸਥਾ ਬਣ ਜਾਂਦੀ ਹੈ। ਕਰਮ ਤੋਂ ਬਾਦ ਰੂਹਾਨੀਅਤ ਦਾ ਅਗਲਾ ਪੜਾਅ ਹੈ ਉਪਾਸ਼ਨਾ। ਜੇਕਰ ਕਰਮ ਨੂੰ ਸਥੂਲ ਵਿਚ ਦੇਖਿਆ ਜਾਵੇ ਤਾਂ ਉਪਾਸ਼ਨਾ ਸੂਖਸ਼ਮ ਹੈ। ਉਪਾਸ਼ਨਾ ਬਾਹਰੀ ਵੀ ਹੈ ਤੇ ਅੰਦਰੂਨੀ ਵੀ ਪਰ ਕਰਮ ਨਾਲੋਂ ਇਹ ਸੂਖਸ਼ਮ ਹੈ। ਇਸ ਤੋਂ ਅੱਗੇ ਅਵਸਥਾ ਹੈ ਗਿਆਨ ਵਿਗਿਆਨ ਦੀ। ਗਿਆਨ ਦਾ ਨਾਂ ਹੈ ਪ੍ਰਕਾਸ਼। ਪ੍ਰਕਾਸ਼ ਤੋਂ ਬਾਅਦ ਸਾਖਸ਼ਾਤ ਜੋ ਅਤੀ ਸੂਖਸ਼ਮ ਹੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*

*ਅੰਗ- ੨੯੩*

ਪ੍ਰਕਾਸ਼ ਮਨ ਦੇ ਅੰਦਰ ਹੋਣਾ ਹੈ। ਗੁਰੂ ਦੇ ਗਿਆਨ ਨੇ ਅੰਦਰ ਪ੍ਰਗਟ ਹੋਣਾ ਹੈ ਫਿਰ ਕੀ ਵਾਪਰਦਾ ਹੈ?

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ- ੪੦੭*

ਮੈਂ/ਮੇਰੀ ਆਪਾ ਭਾਵ ਖਤਮ ਹੋ ਕੇ ਤੂੰ ਹੀ ਵਿਚ, ਉਸ ਪ੍ਰਮੇਸ਼ਰ ਵਾਹਿਗੁਰੂ ਜੀ ਵਿਚ ਅਭੇਦਤਾ ਪ੍ਰਾਪਤ ਹੋ ਜਾਂਦੀ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ- ੬੫੭*

ਇਹ ਸਮੁੱਚਾ ਵਰਤਾਰਾ ਸਥੂਲ ਤੋਂ ਸ਼ੁਰੂ ਹੋ ਕੇ ਸੂਖਸ਼ਮ ਦੇ ਵਿਚੋਂ ਦੀ ਲੰਘਦਾ ਹੋਇਆ ਅਤੀ ਸੂਖਸ਼ਮ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਹੀ ਪਦਾਰਥ ਤੋਂ ਅਤੀਤ ਪ੍ਰਮਾਰਥ ਦਾ ਮਾਰਗ ਹੈ। ਇਹੀ ਅਸਲੀ ਆਤਮ ਮਾਰਗ ਹੈ।

ਭਾਵ ਰਚਨਾ ਤੋਂ ਰਚਨਹਾਰ ਵੱਲ ਨੂੰ ਵਧਦਾ ਹੈ। ਕਿਰਤ ਤੋਂ ਕਰਤੇ ਵਲ ਦਾ ਸਫ਼ਰ ਹੈ। ਕਿਉਂਕਿ ਉਹ ਪ੍ਰਮੇਸ਼ਰ ਵਾਹਿਗੁਰੂ ਸਥੂਲ ਹੁੰਦਾ ਹੋਇਆ ਵੀ ਅਤੀ ਸੂਖਸ਼ਮ ਹੈ -

*ਸੂਛਮ ਤੇ ਸੂਛਮ ਕਰ ਚੀਨੇ*
*ਬ੍ਰਿਧਨ ਬ੍ਰਿਧ ਬਤਾਏ॥*
*ਭੂਮ ਅਕਾਸ ਪਤਾਲ ਸਭੈ ਸਜਿ*
*ਏਕ ਅਨੇਕ ਸਦਾਏ। ਸ਼ਬਦ ਹਜ਼ਾਰੇ ਪਾਤਸ਼ਾਹੀ ੧੦*

ਦੂਸਰੇ ਰੂਪ ਵਿਚ ਸਥੂਲ ਤੋਂ ਸੂਖਸ਼ਮ ਵਲ ਨੂੰ ਵਧਣਾ ਹੀ ਭਾਵ ਸਰੀਰ/ ਜਿਸਮ ਤੋਂ ਮਨ, ਮਨ ਤੋਂ ਆਤਮਾ, ਆਤਮਾ ਤੋਂ ਪ੍ਰਮਾਤਮਾ ਵਲ ਵਧਣ ਦਾ ਮਾਰਗ ਹੈ। ਸਰੀਰ ਦਾ ਮੂਲ ਮਨ ਹੈ, ਮਨ ਦਾ ਮੂਲ ਆਤਮਾ ਹੈ, ਆਤਮਾ ਦਾ ਮੂਲ ਪ੍ਰਮਾਤਮਾ ਹੈ। ਇਹ ਅਨੁਭਵੀ ਪੁਰਸ਼ਾਂ, ਰੱਬ ਦੇ ਪਿਆਰਿਆਂ, ਸੰਤਾਂ, ਮਹਾਂਪੁਰਸ਼ਾਂ ਨੇ ਮੰਨਿਆ ਹੈ।

ਐਸਾ ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਅੰਗ-441)*** ਦੇ ਸਿਧਾਂਤ ਦੀ ਰੂਪਮਾਨਤਾ ਹੈ। ਸਮਰੱਥ ਸਤਿਗੁਰੂ ਨੇ ਗੁਰਮੰਤ੍ਰ ਤੇ ਮੂਲਮੰਤ੍ਰ ਦੀ ਦਾਤ ਬਖਸ਼ ਕੇ ਨਾਮ ਨੂੰ ਪ੍ਰਗਟ ਕੀਤਾ ਹੈ। ਸਰੀਰ ਸਥੂਲ ਹੈ ਤੇ ਗੁਰਮੰਤ੍ਰ ਤੇ ਮੂਲਮੰਤ੍ਰ ਸੂਖਸ਼ਮ ਹਨ। ਨਾਮ ਅਤੀ ਸੂਖਸ਼ਮ ਹੈ। ਜਪਣਾ ਸਥੂਲ ਨੇ ਹੀ ਹੈ। ਜੀਭਾ ਤੋਂ ਸਫਰ ਸ਼ੁਰੂ ਹੋਣਾ ਹੈ। ਜੀਭਾ ਸਥੂਲ ਹੈ। ਫਿਰ ਇਹੀ ਜਾਪ ਬੈਖਰੀ ਤੋਂ ਸ਼ੁਰੂ ਹੋ ਕੇ ਮਧਮਾ, ਪਸੰਤੀ ਤੇ ਪਰਾ ਤੱਕ ਪਹੁੰਚਦਾ ਹੈ। ਐਸਾ ਪਿਆਰੇ ਮਹਾਂਪੁਰਖਾਂ ਨੇ ਆਪਣੇ ਪ੍ਰਵਚਨਾਂ ਵਿਚ ਅਨੇਕਾਂ ਵਾਰੀ ਪ੍ਰਗਟਾਵਾ ਕੀਤਾ ਹੈ। ਸਾਰਾ ਵਰਤਾਰਾ ਸਥੂਲ ਤੋਂ ਅਤੀ ਸੂਖਸ਼ਮ ਤੱਕ ਪਹੁੰਚਦਾ ਹੈ। ਸਥੂਲ ਪਦਾਰਥਾਂ ਵਿਚ ਰਹਿੰਦੇ ਹੋਏ ਅਤੀ ਸੂਖਸ਼ਮ ਸੁਰਤ ਨੂੰ ਪ੍ਰਮੇਸ਼ਰ ਦੇ ਨਾਮ ਨਾਲ ਜੋੜੀ ਰਖਣਾ ਹੈ। ਸਥੂਲ ਦੀ ਵਰਤੋਂ ਕਰਨੀ ਹੈ ਪਰ ਉਸ ਵਿਚ ਖਚਿਤ ਨਹੀਂ ਹੋਣਾ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥*
*ਅੰਗ- ੯੩੮*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ- ੧੩੭੬*

ਮੋਹ ਨਹੀਂ ਕਰਨਾ, ਨਿਰਮੋਹੀ ਰਹਿਣਾ ਹੈ। ਮੈ/ਮੇਰੀ ਤੋਂ ਉਪਰ ਉੱਠ ਕੇ ਗੁਰੂ ਦੇ ਪਰਨੇ ਵਾਲਾ ਜੀਵਨ ਬਤੀਤ ਕਰਨ ਦੀ ਤਾਗੀਦ ਗੁਰਬਾਣੀ ਵਿਚੋਂ ਬਾਰ-ਬਾਰ ਮਿਲਦੀ ਹੈ-

*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਏ ॥ ਅੰਗ- ੯੨੦*

ਫਿਰ ਗੁਰੂ ਦੀ ਬਖਸ਼ਿਸ਼ ਵਾਲਾ ਦੁਆਰਾ ਖੁਲ੍ਹ ਜਾਂਦਾ ਹੈ। ਜਪੁਜੀ ਸਾਹਿਬ ਵਿਚ ਆਏ ਪੰਜ ਖੰਡਾਂ ਵਾਲੀ ਅਵਸਥਾ ਵੀ ਇਸੇ ਸਿਧਾਂਤ ਦਾ ਪ੍ਰਗਟਾਵਾ ਕਰਦੀ ਹੈ ਜੋ ਕਿ ਅਤੀ ਸੂਖਸ਼ਮ ਹੈ। ਅਕਤੂਬਰ ਮਹੀਨੇ ਦੇ 'ਆਤਮ ਮਾਰਗ' ਵਿਚ ***'ਹਰਿ ਜਨ ਐਸਾ ਚਾਹੀਐ ਜੈਸਾ ਹਰਿ ਹੀ ਹੋਇ'*** ਦੇ ਸਿਧਾਂਤ ਦੀ ਵੀਚਾਰ ਕੀਤੀ ਗਈ ਹੈ। ਉਸ ਸ਼ਬਦ ਵਿਚ ਵੀ ਸਤਿਗੁਰਾਂ ਨੇ ਸਥੂਲ ਤੋਂ ਸੂਖਸ਼ਮਤਾ ਵਾਲਾ ਆਤਮ ਮਾਰਗ ਹੀ ਦਿਖਾਇਆ ਹੈ। ਮਨ ਦੀ ਆਤਮਿਕ ਅਵਸਥਾ ਸਥੂਲ ਰੋੜੇ ਦੇ ਦ੍ਰਿਸ਼ਟਾਂਤ ਤੋਂ ਸ਼ੁਰੂ ਕਰਕੇ, ਖੇਹ ਰੂਪੀ ਸੂਖਸ਼ਮ ਅਵਸਥਾ, ਫਿਰ ਪਾਣੀ ਵਰਗਾ ਤਰਲ ਹੋ ਕੇ ਅਤੀ ਸੂਖਸ਼ਮ ਅਵਸਥਾ ਵਿਚ ਬਦਲਣ ਦਾ ਜ਼ਿਕਰ ਕੀਤਾ ਗਿਆ ਹੈ। ਪਾਣੀ ਰੂਪੀ ਅਵਸਥਾ ਤੋਂ ਬਾਅਦ ਵੀ ਪੂਰਨਤਾ ਹਾਸਿਲ ਨਹੀਂ ਹੁੰਦੀ। ਅਸਲ ਵਿਚ ਹਰਿ ਜਨ ਹਰੀ ਵਰਗਾ ਹੀ ਹੋਵੇ ਜੋ ਕਿ ਅਤੀ ਸੂਖਸ਼ਮ ਹੈ। ਪਵਿੱਤਰ ਸ਼ਬਦ ਇਸ ਤਰ੍ਹਾਂ ਹੈ-

*ਕਬੀਰ ਰੋੜਾ ਹੋਇ ਰਹੁ ਬਾਟ ਕਾ*
*ਤਜਿ ਮਨ ਕਾ ਅਭਿਮਾਨੁ॥*
*ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥ ੧੪੬ ॥*
*ਕਬੀਰ ਰੋੜਾ ਹੂਆ ਤ ਕਿਆ ਭਇਆ*
*ਪੰਥੀ ਕਉ ਦੁਖੁ ਦੇਇ ॥*
*ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥ ੧੪੭ ॥*
*ਕਬੀਰ ਖੇਹ ਹੂਈ ਤਉ ਕਿਆ ਭਇਆ*
*ਜਉ ਉਡਿ ਲਾਗੈ ਅੰਗ ॥*
*ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥ ੧੪੮ ॥*
*ਕਬੀਰ ਪਾਨੀ ਹੂਆ ਤ ਕਿਆ ਭਇਆ*
*ਸੀਰਾ ਤਾਤਾ ਹੋਇ ॥*
*ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥*
*ਅੰਗ - ੧੩੭੨*

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ- ੧੩੭੫*

ਸਥੂਲ 'ਚ ਬਦਲਾਅ ਹਨ - ਘਟਣਾ, ਵਧਣਾ, ਟੁੱਟਣਾ ਹੈ, ਠੰਡੇ-ਗਰਮ ਹੋਣਾ ਹੈ -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*
*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥*
*ਅੰਗ- ੧੪੨੮*

ਸ੍ਰਿਸ਼ਟੀ ਸਥੂਲ ਹੈ, ਟੁੱਟ ਭੱਜ ਵਿਚ ਹੈ ਪਰ ਕਰਤਾ (creator) ਸਥਾਈ ਹੈ। ਹਾਥੀ ਰੂਪੀ ਮਨ ਨੇ ਸੂਖਮ ਕੀੜੀ ਰੂਪ ਹੋ ਕੇ ਗੁਰੂ ਦੇ ਸ਼ਬਦ ਦੀ ਕਮਾਈ ਕਰਨੀ ਹੈ -

*ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥*
*ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥*
*ਅੰਗ- ੧੩੭੭*

*ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥*
*ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥*
*ਅੰਗ - ੫੦੯*

ਜਦੋਂ ਤਕ ਬਿਰਤੀ ਸਥੂਲ ਪਦਾਰਥਾਂ 'ਚ ਫਸੀ ਹੈ ਪਾਰ ਉਤਰਾ ਅਸੰਭਵ ਹੈ। ਜਦੋਂ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਸੂਖਸ਼ਮ ਤੋਂ ਅਤੀ ਸੂਖਸ਼ਮ ਹੋਵੇਗੀ ਤਾਂ ਮੁਕਤੀ ਦੇ ਦਰਵਾਜੇ ਖੁਲ੍ਹਣ 'ਚ ਦੇਰੀ ਨਹੀਂ -

*ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਅੰਗ- ੭੩੦*

ਇਸ ਮਾਰਗ ਤੇ ਚੱਲਣ ਲਈ ਪਹਿਲਾਂ ਪੰਜ ਪਿਆਰੇ ਸਾਹਿਬਾਨ ਸਰੀਰ ਦੀਆਂ ਰਹਿਤਾਂ ਦਸਦੇ ਹਨ, ਫਿਰ ਅੰਦਰਲੀਆਂ ਰਹਿਤਾਂ ਮਨ, ਬੁਧਿ ਤੇ ਚਿੱਤ ਤੇ ਪਹਿਰਾ ਦੇਣ ਦੀ ਤਾਕੀਦ ਕਰਦੇ ਹਨ। ਗੁਰਬਾਨੀ ਅਨੁਸਾਰ ਪਹਿਲਾਂ ਸਥੂਲ ਸਰੀਰ ਦੇ ਸਥੂਲ ਅੰਗਾਂ ਨੇ ਰਹਿਤਾਂ ਰੱਖਣੀਆਂ ਹਨ ਜਿਵੇਂ -

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ- ੨੭੪*

*ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ- ੨੭੪*

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ- ੧੩੭੬*

*ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ ਅੰਗ- ੯੨੨*

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਅੰਗ- ੯੨੨*

*ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।*
*ਭਾਈ ਗੁਰਦਾਸ ਜੀ*

ਇਤਿਆਦਿਕ ਪ੍ਰਮਾਣ ਗੁਰਬਾਣੀ ਅੰਦਰ ਮਿਲਦੇ ਹਨ ਪਰ ਇਨ੍ਹਾਂ ਸਥੂਲ ਅੰਗਾਂ ਦੀ ਉਪਰੋਕਤ ਰਹਿਤ ਰੱਖਣ ਨਾਲ ਫਿਰ ਇਨ੍ਹਾਂ ਨੇ ਦਿਬਯ ਬਣ ਜਾਣਾ ਹੈ। ਦਿੱਬਯ ਦ੍ਰਿਸ਼ਟੀ, ਦਿਬਯ ਕੰਨ, ਅੰਦਰਲੇ ਅੰਮ੍ਰਿਤ ਰੂਪੀ ਸ਼ਬਦ ਨੂੰ ਸੁਣਦੇ ਹਨ।

*ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥*
*ਅੰਗ- ੧੨੫੬*

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਅੰਗ- ੯੫੪*

ਮਨ ਨੇ ਵੀ ਅ-ਮਨ ਹੋ ਜਾਣਾ ਹੈ। ਕਰਮ ਇੰਦਰੇ, ਸਥੂਲ ਹਨ, ਗਿਆਨ ਇੰਦਰੇ ਸੂਖਸ਼ਮ ਹਨ ਫਿਰ ਅਹੰ ਭਾਵ (ਮਨ+ਬੁਧਿ+ਚਿਤ) ਹੋਰ ਵੀ ਸੂਖਸ਼ਮ ਹਨ। ਭਾਵ ਸਥੂਲ ਅੰਗਾਂ ਦੀਆਂ ਰਹਿਤਾਂ ਰਖਦੇ ਹੋਏ ਸੂਖਸ਼ਮ ਅੰਗਾਂ ਦੀਆਂ ਰਹਿਤਾਂ ਰੱਖਣੀਆਂ ਹਨ।

ਇਹੀ ਰੱਬ ਦੇ ਪਿਆਰਿਆਂ ਦਾ ਆਤਮ ਮਾਰਗ ਹੈ ਰੂਹਾਨੀ ਮਾਰਗ ਹੈ। ਇਸ ਮਾਰਗ ਤੇ ਚੱਲਣ ਵਾਲੇ ਇਕ ਦਿਨ ਮੰਜ਼ਲਿ-ਏ-ਮਕਸੂਦ ਨੂੰ ਸਹਿਜੇ ਹੀ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਕੋਲ ਤੇਲ ਦੀਵਾ ਤੇ ਬੱਤੀ ਰੂਪੀ ਪਿਛਲੇ ਜਨਮਾਂ ਦੀ ਕਮਾਈ ਪਹਿਲਾਂ ਹੀ ਹੁੰਦੀ ਹੈ। ਕਰਮ ਖੰਡ ਵਾਲੀ ਖੇਡ ਗੁਰੂ ਦੀ ਬਖਸ਼ਿਸ਼ ਰੂਪ ਵਿਚ ਇਸ ਜਨਮ ਵਿਚ ਵਾਪਰ ਜਾਂਦੀ ਹੈ। ਫਿਰ ਇਸ ਬਖਸ਼ਿਸ਼ ਸਦਕਾ ਉਹ ਜਿਥੇ ਆਪ ਨਾਮ-ਬਾਣੀ ਨਾਲ ਜੁੜੇ ਹੁੰਦੇ ਹਨ ਹੋਰ ਜੀਵ ਉਨ੍ਹਾਂ ਦੀ ਸੰਗਤ ਸੋਭਤ ਵਿਚ ਆਉਣ ਵਾਲੇ ਅਨੇਕਾਂ ਜੀਵਾਂ ਨੂੰ ਨਾਮ-ਬਾਣੀ ਨਾਲ ਸਦੀਵੀ ਤੌਰ ਤੇ ਜੋੜ ਦਿੰਦੇ ਹਨ, ਉਨ੍ਹਾਂ ਵਲੋਂ ਕੀਤੇ ਕਾਰਜ ਸਦੀਆਂ ਤਕ ਲੋਕਾਈ, ਮਾਨਵਤਾ ਦਾ ਭਲਾ ਕਰਦੇ ਰਹਿੰਦੇ ਹਨ। ਉਨ੍ਹਾਂ ਵਲੋਂ ਪਾਏ ਪੂਰਨਿਆਂ ਸਦਕਾ ਅਤੇ ਕੀਤੇ ਪਰਉਪਕਾਰੀ ਕਾਰਜਾਂ ਰਾਹੀਂ ਉਹ ਸਦਾ ਹੀ ਅਮਰ ਰਹਿੰਦੇ ਹਨ। ਭਾਵੇਂ ਉਨ੍ਹਾਂ ਦਾ ਪੰਜ ਭੌਤਿਕ ਸਰੀਰ ਅਲੋਪ ਹੋ ਜਾਂਦਾ ਹੈ ਪਰ -

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ- ੮੪੬*

ਅਨੁਸਾਰ ਉਹ ਨਿਰਗੁਨ ਵਾਹਿਗੁਰੂ ਵਿਚ ਅਭੇਦ ਹੋ ਕੇ ਅਮਰ ਅਵਸਥਾ ਨੂੰ ਪ੍ਰਾਪਤ ਹੋ ਜਾਂਦੇ ਹਨ। ਐਸੇ ਹੀ ਸਨ ਪਿਆਰੇ ਮਹਾਂਪੁਰਸ਼ ਅਤੇ ਉਨ੍ਹਾਂ ਦੇ ਜੀਵਨ ਸਾਥੀ ਪਰਮ ਸਤਿਕਾਰਯੋਗ (ਮਾਤਾ ਰਣਜੀਤ ਕੌਰ ਜੀ) ਬੀਜੀ। ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਹੋਣ ਦੇ ਨਾਤੇ ਆਪ ਜੀਆਂ ਵਲੋਂ ਕੀਤੇ ਗਏ ਪਰਉਪਕਾਰੀ ਕਾਰਜ ਭਾਵੇਂ ਉਹ ਕਿਸੇ ਵੀ ਖੇਤਰ (ਧਾਰਮਿਕ, ਸਮਾਜਿਕ, ਸਾਹਿਤਕ) ਵਿਚ ਹੋਣ, ਸਦਾ ਹੀ ਲੋਕਾਈ ਦਾ ਭਲਾ ਕਰਦੇ ਰਹਿਣਗੇ। ਪਰਉਪਕਾਰੀ ਕਾਰਜਾਂ ਤੋਂ ਇਲਾਵਾ ਵੱਡਾ ਕਾਰਜ-

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ - ੭੪੯*

(ਬਾਕੀ ਪੰਨਾ 11 'ਤੇ)

# ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥

(ਮਘਰ ਮਹੀਨੇ ਦੀ ਸੰਗਰਾਂਦ 16 ਨਵੰਬਰ, 2018) ਦਿਨ ਸ਼ੁਕਰਵਾਰ

*ਡਾ. ਜਗਜੀਤ ਸਿੰਘ*

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥*
*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥*
*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥*

ਪਦ ਅਰਥ-ਮੰਘਰਿ ਮਾਹਿ-ਮੰਘਰ ਦੇ ਮਹੀਨੇ ਵਿਚ, ਪਿਰ ਸੰਗਿ-ਪਤੀ ਦੇ ਨਾਲ, ਕਿਆ ਗਣੀ-ਮੈਂ ਕੀ ਦਸਾਂ? ਬਿਆਨ ਨਹੀਂ ਹੋ ਸਕਦੀ, ਜਿ-ਜਿਨ੍ਹਾਂ ਨੂੰ, ਸਾਹਿਬਿ-ਪ੍ਰਭੂ ਨੇ, ਰਾਮ ਸਿਉ-ਪ੍ਰਮਾਤਮਾ ਨਾਲ, ਸੰਗਿ ਸਾਧ ਸਹੇਲੜੀਅਹਿ-ਸਤ ਸੰਗੀਆਂ ਨਾਲ, ਬਾਹਰੀ-ਬਿਨਾ, ਤੇ-ਤੋਂ, ਦਿਸਹਿ-ਦਿਸਦੀਆਂ ਹਨ, ਖੜੀਆਹ-ਸਾਵਧਾਨ, ਸੁਚੇਤ, ਕੰਠਿ-ਗਲ ਵਿਚ (ਭਾਵ ਹਿਰਦੇ ਵਿਚ), ਬਾਂਛੈ-ਮੰਗਦਾ ਹੈ, ਦਰਿ-ਦਰ ਉੱਤੇ, ਬਹੁੜਿ-ਮੁੜ, ਫਿਰ।

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥

ਮੱਘਰ ਮਹੀਨੇ ਵਿਚ ਰੁੱਤ ਠੰਢੀ ਤੇ ਮਿੱਠੀ ਹੋ ਜਾਂਦੀ। ਗਰਮੀ ਦੀ ਸੜਹਾਂਦ ਤੇ ਘਬਰਾਹਟ ਖਤਮ ਹੋ ਜਾਂਦੀ ਹੈ। ਇਸ ਸੁਹਾਵਣੀ ਰੁੱਤ ਵਿਚ ਪ੍ਰਭੂ-ਪਿਆਰ ਵਾਲੇ ਜੀਵ, ਨਾਮ-ਸਿਮਰਨ-ਭਗਤੀ ਰਾਹੀਂ, ਪ੍ਰਭੂ ਦੀ ਨਿਕਟਤਾ ਦਾ ਅਨੰਦ ਲੈਂਦੇ ਹਨ। ਜਿਵੇਂ ਦੁਨਿਆਵੀ ਉਪਲਕਸ਼ ਵਿਚ ਸੁਹਾਗਣ ਇਸਤ੍ਰੀਆਂ ਇਸ ਰੁੱਤ ਵਿਚ ਪਤੀ-ਪਿਆਰ ਮਾਣਦੀਆਂ ਹਨ, ਤਿਵੇਂ ਹੀ ਸਭ ਜੀਵ-ਰੂਪੀ ਇਸਤ੍ਰੀਆਂ ਲਈ ਪ੍ਰਭੂ-ਪਿਆਰ ਲਈ, ਪ੍ਰਭੂ-ਪ੍ਰਾਪਤੀ ਲਈ, ਇਹ ਰੁੱਤ ਬਹੁਤ ਹੀ ਯੋਗ ਤੇ ਸੁਹਾਵਣੀ ਹੈ। ਗੁਰੂ ਅਰਜਨ ਦੇਵ ਜੀ ਇਸ ਸਚਾਈ ਨੂੰ ਦਸ ਰਹੇ ਹਨ ਕਿ ਮੱਘਰ ਦੇ ਠੰਢੇ-ਮਿੱਠੇ-ਸੁਹਾਵਣੇ ਮੌਸਮ ਵਿਚ ਉਹ ਸੁਹਾਗਣ ਇਸਤ੍ਰੀਆਂ, ਸ਼ੋਭਨੀਕ ਲਗਦੀਆਂ ਹਨ ਜੋ ਆਪਣੇ ਪਤੀ ਦੀ ਨਿਕਟਤਾ ਮਾਣਦੀਆਂ ਹਨ। ਇੰਜ ਹੀ ਉਹ ਜੀਵ-ਇਸਤ੍ਰੀਆਂ, ਜੀਵਾਤਮਾਵਾਂ ਧੰਨ ਹਨ, ਸੁੰਦਰ ਹਨ, ਭਾਗਸ਼ੀਲ ਹਨ ਜੋ ਪ੍ਰਭੂ-ਪਤੀ (ਪ੍ਰਮੇਸ਼ਵਰ) ਦੀ ਸੰਗਤ ਮਾਣਦੀਆਂ ਹਨ। ਪਤੀ-ਪ੍ਰਮੇਸ਼ਵਰ ਵੀ ਉਨ੍ਹਾਂ ਦੇ ਸੱਚੇ ਪਿਆਰ ਨੂੰ ਪ੍ਰਵਾਨ ਕਰਦਿਆਂ ਆਪਣਾ ਪਿਆਰ ਬਖਸ਼ਿਸ਼ ਕਰਦਾ ਹੈ ਅਤੇ ਆਪਣੇ ਨਾਲ ਮਿਲਾ ਲੈਂਦਾ ਹੈ। ਅਜਿਹੀਆਂ ਭਾਗਸ਼ੀਲ ਜੀਵ-ਇਸਤ੍ਰੀਆਂ ਦੀ ਵਡਿਆਈ, ਸ਼ੋਭਾ ਬਿਆਨ ਨਹੀਂ ਹੋ ਸਕਦੀ। ਸਤਿਸੰਗੀ ਸਹੇਲੀਆਂ (ਗੁਰਮੁਖ ਪਿਆਰਿਆਂ) ਦੀ ਸੰਗਤਿ ਵਿਚ ਪ੍ਰਭੂ ਪ੍ਰਮੇਸ਼ਵਰ ਨਾਲ ਚਿਤ ਜੋੜਨ ਕਾਰਨ ਨਾਮ-ਅਭਿਆਸੀਆਂ ਦਾ ਮਨ ਤੇ ਤਨ ਸਦਾ ਖਿੜਿਆ ਰਹਿੰਦਾ ਹੈ, ਉਹ ਸਦਾ ਅਨੰਦ ਅਤੇ ਵਿਗਾਸ ਵਿਚ ਰਹਿੰਦੇ ਹਨ। ਗੁਰੂ ਮਹਾਰਾਜ ਨੇ ਨਾਮ-ਅਭਿਆਸੀ ਪ੍ਰਭੂ-ਪਿਆਰਿਆਂ ਨੂੰ ਭਗਤ, ਸਾਧੂ, ਗੁਰਮੁਖ, ਸੰਤ ਬ੍ਰਹਮਗਿਆਨੀ ਕਹਿ ਕੇ ਵਡਿਆਇਆ ਹੈ। ਉਨ੍ਹਾਂ ਦੀ ਸੰਗਤਿ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।

੧. *ਸਾਧ ਕੈ ਸੰਗਿ ਮੁਖ ਊਜਲ ਹੋਤ ॥*
*ਸਾਧਸੰਗਿ ਮਲੁ ਸਗਲੀ ਖੋਤ ॥*
*ਸਾਧ ਕੈ ਸੰਗਿ ਮਿਟੈ ਅਭਿਮਾਨੁ ॥*
*ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥ ਅੰਗ - ੨੭੧*

੨. *ਪਾਰਬ੍ਰਹਮੁ ਸਾਧ ਰਿਦ ਬਸੈ ॥*
*ਨਾਨਕ ਉਧਰੈ ਸਾਧ ਸੁਨਿ ਰਸੈ ॥ ਅੰਗ - ੨੭੨*

੩. *ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨*

ਅਰਥਾਤ ਸਾਧ-ਜਨਾ ਤੇ ਪ੍ਰਭੂ ਵਿਚ ਕੋਈ ਅੰਤਰ ਨਹੀਂ ਹੁੰਦਾ। ਬ੍ਰਹਮ-ਗਿਆਨੀ ਦੀ ਅਵਸਥਾ ਹੋਰ ਵੀ ਉਚੇਰੀ ਦਸੀ ਹੈ। ਬ੍ਰਹਮਗਿਆਨੀ ਜਲ ਵਿਚ ਅਭਿੱਜ ਰਹਿਣ ਵਾਲੇ ਕਮਲ ਫੁੱਲ ਦੀ ਤਰ੍ਹਾਂ ਸੰਸਾਰ ਤੋਂ ਨਿਰਲੇਪ ਰਹਿੰਦੇ ਹਨ। ਸਮਾਨ ਦ੍ਰਿਸ਼ਟੀ ਦੇ ਮਾਲਕ, ਧੀਰਜਵਾਨ, ਨਿਰਮਲ, ਸਮਦਰਸ਼ੀ, ਬ੍ਰਹਮ-ਧਿਆਨੀ, ਸੁਖ-ਸਹਜ ਨਿਵਾਸੀ, ਬਡ-ਪਰਤਾਪੀ, ਮਾਨੋ ਉਹ ਪ੍ਰਮੇਸੁਰ ਦੀ ਮੂਰਤ ਹੀ ਹੁੰਦੇ ਹਨ -

*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - ੨੭੩*

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥

ਗੁਰੂ ਜੀ ਨੇ ਇਸ ਮਹੀਨੇ ਵਿਚ ਇਕ ਪਾਸੇ ਸੁਹਾਗਣ ਇਸਤ੍ਰੀਆਂ ਦੇ ਪਿਆਰ-ਰੰਗ ਦੀ ਆਭਾ ਦਸੀ ਹੈ ਅਤੇ ਦੂਜੇ ਬੰਨੇ ਪਿਆਰ-ਵਿਹੂਣੀਆਂ ਦੁਹਾਗਣਾਂ ਦੀ

ਦੁਖ-ਦਰਦ ਭਰੀ ਮੰਦੀ ਦਿਸ਼ਾ ਦਾ ਦਿਲ-ਵਿੰਨ੍ਹਵਾਂ ਬਿਆਨ ਕੀਤਾ ਹੈ। ਗੁਰੂ ਜੀ ਦਸਦੇ ਹਨ ਕਿ ਜਿਨ੍ਹਾਂ ਭਾਗ-ਹੀਣ ਜੀਵ-ਇਸਤ੍ਰੀਆਂ ਨੂੰ ਪ੍ਰਭੂ ਪਿਆਰਿਆਂ ਦੀ ਸੰਗਤ ਪ੍ਰਾਪਤ ਨਹੀਂ ਹੁੰਦੀ, ਜੋ ਗੁਰ-ਪਿਆਰੇ ਗੁਰਮੁਖਾਂ ਦੀ ਸੰਗਤ ਤੋਂ ਵਾਂਝੀਆ ਰਹਿ ਜਾਂਦੀਆਂ ਹਨ, ਉਹ ਇਕੱਲੀਆਂ (ਛੁਟੜ-ਇਸਤ੍ਰੀਆਂ ਵਾਂਗ) ਰਹਿ ਕੇ ਦੁਖ ਭੋਗਦੀਆਂ ਹਨ। ਆਸਾ ਜੀ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਐਸੀਆਂ ਬੇਮੁਖ ਹੋਈਆਂ ਜੀਵ-ਇਸਤ੍ਰੀਆਂ ਦੀ ਦੁਰਦਸ਼ਾ ਦੀ ਤੁਲਨਾ ਸੁੰਞੀ ਪੈਲੀ ਵਿਚ ਅੰਦਰੋਂ ਸੜੇ ਨਿਖਸਮੇ ਪਏ ਤਿਲਾਂ ਨਾਲ ਕਰਦੇ ਹਨ। ਕਹਿਣ ਨੂੰ ਤਾਂ ਉਹ ਵਿਚਾਰੇ ਤਿਲ ਫੁਲਦੇ ਭੀ ਹਨ ਅਤੇ ਫਲਦੇ ਭੀ ਹਨ, ਫੇਰ ਵੀ ਉਹਨਾਂ ਦੇ ਤਨ ਵਿਚ, ਅਰਥਾਤ ਉਨ੍ਹਾਂ ਦੀ ਫਲੀ ਵਿਚ ਤਿਲਾਂ ਦੀ ਥਾਂ ਸੁਆਹ ਹੀ ਹੁੰਦੀ ਹੈ। ਇਸ ਤਰ੍ਹਾਂ ਉਹ ਆਪਣੇ ਇਕ ਖਸਮ, ਮਾਲਕ ਦੇ ਕੰਮ ਦੇ ਨਾਂਹ ਹੋਣ ਕਰਕੇ, ਅਨੇਕਾਂ ਖਸਮ ਸਹੇੜ ਲੈਂਦੇ ਹਨ। ਗਰੀਬ ਗੁਰਬੇ, ਉਨ੍ਹਾਂ ਨਿਖਸਮੇ ਪਏ ਬੂਟਿਆਂ ਨੂੰ ਬਾਲਣ ਆਦਿ ਲਈ ਲੈ ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਜੀਵ ਆਪਣੇ ਮਨ ਵਿਚ ਚਤੁਰ ਬਣ ਕੇ ਗੁਰੂ ਨੂੰ ਮਨੋ ਵਿਸਾਰ ਦਿੰਦਾ ਹੈ, ਗੁਰੂ ਦੀ ਰਾਹਬਰੀ ਦੀ ਲੋੜ ਨਹੀਂ ਸਮਝਦਾ ਤਾਂ ਕਾਮਾਦਿਕ, ਸੌ ਔਗੁਣ ਇਸ ਦੇ ਮਨ ਨੂੰ ਆ ਘੇਰਦੇ ਹਨ ਅਤੇ ਮਨ ਵਿਕਾਰਾਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਫੁਰਮਾਨ ਹੈ-

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*
*ਅੰਗ - ੪੬੩*

ਨਿਖਸਮੀ ਜਿੰਦ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵੈਰੀ ਘੇਰੀ ਰਖਦੇ ਹਨ, ਉਸ ਦੇ ਦੁੱਖਾਂ ਦੀ ਕਹਾਣੀ ਬਹੁਤ ਲੰਮੀ ਹੁੰਦੀ ਹੈ, ਉਹ ਤਾਂ ਜਿਵੇਂ ਜਮਾਂ ਦੇ ਵਸ ਪਏ ਰਹਿੰਦੇ ਹਨ। ਪ੍ਰਮੇਸ਼ਵਰ ਤੋਂ ਟੁੱਟੇ ਨੂੰ ਹਰ ਤਰ੍ਹਾਂ ਦੇ ਰੋਗ ਤੇ ਦੁਖ ਦਬਾਈ ਰਖਦੇ ਹਨ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ - ੧੩੫*

ਪ੍ਰਮਾਤਮਾ ਰੂਪੀ ਮਾਲਕ ਜਾਂ ਖਸਮ ਨੂੰ ਛੱਡ ਕੇ, ਭੁੱਲ ਕੇ, ਵਿਸਾਰ ਕੇ ਕਿਸੇ ਹੋਰ ਵਿਚ ਚਿੱਤ ਜੋੜਨ ਵਾਲੇ ਜੀਵ ਇਸ ਸੰਸਾਰ ਸਾਗਰ ਵਿਚ ਡੁੱਬ ਜਾਂਦੇ ਹਨ। ਗੁਰੂ ਦੀ ਸ਼ਰਨ ਵਿਚ ਰਹਿਣ ਵਾਲੇ ਉਸ ਦੀ ਮਿਹਰ ਸਦਕਾ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ -

*ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥*
*ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ*
*ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥*
*ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥*
*ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥*
*ਕਰਿ ਕਿਰਪਾ ਪਾਰਿ ਉਤਾਰਿਆ ॥ ਅੰਗ - ੪੭੦*

ਸਾਧ ਜਨਾ ਦੀ ਸੰਗਤ ਤੋਂ ਵਿਹੂਣੀਆਂ ਜੀਵ-ਇਸਤ੍ਰੀਆਂ ਤ੍ਰੈ-ਗੁਣੀ ਮਾਇਆ, ਰਜੋ, ਤਮੋ, ਸਤੋ ਗੁਣਾਂ ਦੀ ਖੇਡ ਵਿਚ ਡੁੱਬ ਕੇ ਪ੍ਰਭੂ ਤੋਂ ਦੂਰ ਰਹਿ ਕੇ ਸਦਾ ਵਿਯੋਗ ਦਾ ਦੁਖ ਭੋਗਦੀਆਂ ਹਨ। ਉਨ੍ਹਾਂ ਨੂੰ ਇਸ ਲੋਕ ਵਿਚ ਵੀ ਸੁਖ ਨਹੀਂ ਮਿਲਦਾ ਅਤੇ ਮੌਤ ਤੋਂ ਬਾਅਦ ਉਹ ਜਮ-ਦੂਤਾਂ ਹੱਥੋਂ ਖੱਜਲ ਖੁਆਰ ਹੁੰਦੀਆਂ ਹਨ ਅਤੇ ਜਨਮ ਮਰਣ ਦੇ ਲੰਮੇ ਗੇੜ ਵਿਚ ਪੈ ਕੇ ਦੁਖ ਭੋਗਦੀਆਂ ਹਨ -

*ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥*
*ਬਹੁਤੁ ਸਜਾਇ ਪਇਆ ਦੇਸਿ ਲੰਮੈ ॥*
*ਜਿਨਿ ਕੀਤਾ ਤਿਸੈ ਨ ਜਾਣੀ ਅੰਧਾ*
*ਤਾ ਦੁਖੁ ਸਹੈ ਪਰਾਣੀਆ॥ ਅੰਗ - ੧੦੨੦*

ਪ੍ਰਭੂ ਨੂੰ ਭੁੱਲ ਕੇ, ਸੰਸਾਰਕ ਭੋਗਾਂ ਵਿਚ ਵਲੀਨ, ਵਿਕਾਰਾਂ ਨੂੰ ਖੁਸ਼ੀ ਦਾ ਸਾਧਨ ਮੰਨਣ ਵਾਲੇ, ਆਪਣੇ ਕੀਤੇ ਕਰਮਾਂ ਦਾ ਅਵੱਸ਼ ਫਲ ਭੋਗਦੇ ਹਨ। ਉਨ੍ਹਾਂ ਨੂੰ ਜਮਦੂਤਾਂ ਹੱਥੋਂ ਅਨੇਕ ਪ੍ਰਕਾਰ ਦੇ ਦੁਖ ਸਹਿਣੇ ਪੈਂਦੇ ਹਨ। ਉਨ੍ਹਾਂ ਤੋਂ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ। ਓਥੇ ਸਾਕ-ਸਨਬੰਧੀ, ਧਨ-ਦੌਲਤ, ਮਾਣ-ਵਡਿਆਈ, ਵੱਡੇ ਰੁਤਬੇ, ਕੁਝ ਵੀ ਸਹਾਇਤਾ ਨਹੀਂ ਕਰ ਸਕਦੇ। ਗੁਰਵਾਕ ਹੈ -

*ਪਾਪ ਕਰੇਦੜ ਸਰਪਰ ਮੁਠੇ ॥*
*ਅਜਰਾਈਲਿ ਫੜੇ ਫੜਿ ਕੁਠੇ ॥*
*ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥ ੨ ॥*
*ਸੰਗਿ ਨ ਕੋਈ ਭਈਆ ਬੇਬਾ ॥*
*ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥*
*ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥*
*ਅੰਗ - ੧੦੧੯-੨੦*

ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥

ਅਸਲ ਸੁਖ ਮਾਣਦੀਆਂ ਜੀਵ ਇਸਤ੍ਰੀਆਂ ਉਹ ਹਨ ਜੋ ਪ੍ਰਭੂ ਪਤੀ ਦਾ ਸਾਥ ਮਾਣਦੀਆਂ ਹਨ, ਮਾਲਕ ਪ੍ਰਭੂ ਨੂੰ ਹਿਰਦੇ ਵਿਚ ਵਸਾ ਲੈਂਦੀਆਂ ਹਨ ਤੇ ਹਰ ਤਰ੍ਹਾਂ ਸੁਚੇਤ ਰਹਿ ਕੇ ਵਿਕਾਰਾਂ ਦੇ ਹੱਲਿਆਂ ਤੋਂ ਬਚੀਆਂ ਰਹਿੰਦੀਆਂ ਹਨ। ਉਨ੍ਹਾਂ ਦੇ ਸਹਜ-ਮਈ, ਵਿਗਾਸ-ਮਈ ਜੀਵਨ ਤੋਂ ਸਦਾ ਅਨੰਦ-ਮਈ ਨੂਰ ਝਲਕਦਾ ਰਹਿੰਦਾ

ਹੈ। ਪ੍ਰਮਾਤਮਾ ਦਾ ਗੁਣਨਵਾਦ ਉਨ੍ਹਾਂ ਦੇ ਹਿਰਦੇ ਵਿਚ ਪ੍ਰੋਤਾ ਜਾਂਦਾ ਹੈ। ਇੰਜ ਸਮਝੋ ਜਿਵੇਂ ਕੀਮਤੀ ਹੀਰੇ, ਜਵਾਹਰ ਤੇ ਲਾਲਾਂ ਦੇ ਹਾਰ ਉਨ੍ਹਾਂ ਦੇ ਗਲ ਦੀ ਸੋਭਾ ਵਧਾ ਰਹੇ ਹੋਣ ***(ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ )***

ਗੁਰੂ ਮਹਾਰਾਜ ਐਸੀਆਂ ਸੁਹਾਗਣਾਂ ਪ੍ਰਭੂ ਚਰਨਾਂ ਨਾਲ ਜੁੜੀਆਂ ਜੀਵ-ਇਸਤ੍ਰੀਆਂ ਤੋਂ ਬਲਿਹਾਰ ਜਾਂਦੇ ਹਨ, ਉਨ੍ਹਾਂ ਦੇ ਚਰਨਾਂ ਦੀ ਧੂੜ ਦੀ ਜਾਚਨਾ ਕਰਦੇ ਹਨ ਜਿਨ੍ਹਾਂ ਨੇ ਪ੍ਰਭੂ ਦਰ ਤੇ ਆਪਾ ਸਮਰਪਨ ਕਰ ਦਿਤਾ ਹੈ ***(ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥)*** ਅੰਤਲੇ ਵਾਕ ਵਿਚ ਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੱਘਰ ਦੇ ਸੁਹਾਵਣੇ ਮਹੀਨੇ ਵਿਚ ਪ੍ਰਭੂ ਦਾ ਸਿਮਰਨ ਕੀਤਿਆਂ ਜਨਮ ਮਰਣ ਦਾ ਗੇੜ ਮੁਕ ਜਾਂਦਾ ਹੈ -

*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥*

ਗੁਰਬਾਣੀ ਅਨੁਸਾਰ ਪ੍ਰਭੂ ਪ੍ਰਮਾਤਮਾ ਦਾ ਵਾਸਾ ਘਟਿ ਘਟਿ ਵਿਚ ਹੈ, ਪ੍ਰਭੂ ਸਾਡੇ ਅੰਦਰ ਹੀ ਵਸਦਾ ਹੈ, ਅਸੀਂ ਆਪ ਹੀ ਜੀਵ-ਆਤਮਾ ਅਤੇ ਪ੍ਰਮਾਤਮਾ ਵਿਚਾਲੇ ਹਉਮੈ ਦੀ ਦੀਵਾਰ ਖੜ੍ਹੀ ਕਰ ਲਈ ਹੈ ਅਤੇ ਪ੍ਰਮਾਤਮਾ ਨੂੰ ਓਹਲੇ ਕਰਕੇ ਹਉਮੈ ਦਾ - ਮੈਂ, ਮੇਰੀ ਦਾ ਸੰਸਾਰ ਖੜ੍ਹਾ ਕਰ ਲਿਆ ਹੈ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥*

*ਅੰਗ - ੧੨੬੩*

ਸਾਧੂ ਜਨ, ਗੁਰੂ ਪਿਆਰੇ ਸਾਨੂੰ ਇਹ ਰੂਹਾਨੀ ਗਿਆਨ ਬਖਸ਼ਦੇ ਹਨ, ਗੁਰੂ ਚਰਨਾਂ ਨਾਲ ਜੋੜਦੇ ਹਨ ਤੇ ਗੁਰਬਾਣੀ ਸਾਨੂੰ ਇਹ ਸੋਝੀ ਬਖਸ਼ਦੀ ਹੈ ਕਿ ਨਾਮ-ਸਿਮਰਨ ਰਾਹੀਂ ਅੰਦਰ ਵਸਦੇ ਪ੍ਰਭੂ ਨੂੰ ਪਛਾਣ, ਅਗਿਆਨਤਾ ਤੇ ਹਉਮੈ ਦਾ ਪਤਲਾ ਪਰਦਾ ਪਾਸੇ ਕਰ, ਇਸ ਪਰਦੇ ਨੇ ਨੇੜੇ (ਅੰਦਰ) ਵਸਦੇ ਪ੍ਰਮਾਤਮਾ ਤੇ ਆਤਮਾ ਵਿਚ ਦੂਰੀਆਂ ਖੜ੍ਹੀਆਂ ਕੀਤੀਆਂ ਹਨ, ਪੜਦਾ ਹਟਾ ਕੇ ਪ੍ਰਭੂ ਨਾਲ ਇਕਮਿਕ ਹੋ ਜਾ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ- ੬੨੪*

ਤਾਂਤੇ ਗੁਰੂ ਦੀ ਸ਼ਰਨ ਵਿਚ ਆਈਏ, ਗੁਰੂ, ਅਨੇਕ ਜਨਮਾਂ ਦੇ ਵਿਛੜਿਆਂ ਨੂੰ ਮੇਲਣ ਦੇ ਸਮਰੱਥ ਹੈ। ਸੰਤ, ਸਾਧੂ, ਗੁਰੂ ਪਿਆਰਿਆਂ ਦੀ ਸੰਗਤ ਕਰਦਿਆਂ ਗੁਰੂ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਜਨਮ-ਜਨਮ ਦੇ ਵਿਛੜਿਆਂ ਨੂੰ ਪ੍ਰਭੂ ਮਿਲਾਪ ਬਖਸ਼ਿਸ਼ ਕਰਦਾ ਹੈ, ਗੁਰਬਾਣੀ ਦਾ ਐਸਾ ਵਿਧਾਨ ਹੈ -

*ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ*
*ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ ॥*
*ਅਨੇਕ ਜਨਮ ਕੇ ਵਿਛੁੜੇ ਜਨ ਮੇਲੇ*
*ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥ ੪ ॥*

*ਅੰਗ - ੮੩੬*

## ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

*ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥*
*ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥*
*ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥*
*ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥*
*ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥*

*ਅੰਗ - ੧੧੦੯*

ਮੱਘਰ ਦਾ ਮਹੀਨਾ ਮਿੱਠੀ ਰੁੱਤ ਦਾ ਮਹੀਨਾ ਹੈ। ਇਸ ਵਿਚ ਨਾ ਜੇਠ ਹਾੜ ਵਾਲੀ ਤਪਸ਼ ਹੈ, ਨਾ ਹੀ ਪੋਹ ਮਾਘ ਵਾਲਾ ਕੱਕਰ ਤੇ ਪਾਲਾ। ਪ੍ਰਭੂ ਦੀ ਭਗਤੀ ਕਰਨ ਲਈ, ਉਸ ਦੀ ਸਿਫਤਿ-ਸਾਲਾਹ ਵਿਚ ਜੁੜਨ ਲਈ ਇਹ ਬੜੀ ਹੀ ਚੰਗੀ ਸੁਹਾਵਣੀ ਰੁੱਤ ਮੰਨੀ ਗਈ ਹੈ।

ਗੁਰੂ ਨਾਨਕ ਦੇਵ ਜੀ ਇਸ ਮਹੀਨੇ ਨੂੰ ਭਲਾ, ਚੰਗਾ, ਸੁਹਾਵਣਾ ਮਿੱਠਾ ਕਰਕੇ ਯਾਦ ਕਰਦੇ ਹਨ (ਮੰਘਰ ਮਾਹੁ ਭਲਾ) ਅਤੇ ਸਾਨੂੰ ਜੀਵ ਰੂਪੀ ਇਸਤ੍ਰੀਆਂ ਨੂੰ ਉਪਦੇਸ਼ ਕਰਦੇ ਹਨ ਕਿ ਪ੍ਰਮਾਤਮਾ ਦੀ ਸਿਫਤਿ ਸਾਲਾਹ ਵਿਚ ਜੁੜ ਕੇ ਅਸੀਂ ਉਸ ਨੂੰ ਆਪਣੇ ਹਿਰਦੇ ਵਿਚ ਵਸਾ ਸਕਦੇ ਹਾਂ (ਹਰਿ ਗੁਣ ਅੰਕਿ ਸਮਾਵਏ)। ਵਸਦਾ ਤਾਂ ਉਹ ਪਹਿਲਾਂ ਹੀ ਹੈ ਪਰ ਅਸੀਂ ਉਸਨੂੰ ਵਿਸਾਰੀ ਬੈਠੇ ਹਾਂ, ਭੁਲਾਈ ਬੈਠੇ ਹਾਂ। ਪ੍ਰਮਾਤਮਾ ਦੀ ਸਿਫਤਿ-ਸਾਲਾਹ ਰਾਹੀਂ, ਗੁਰਬਾਣੀ ਦੇ ਗਾਇਨ ਰਾਹੀਂ, ਜੋ ਉਸ ਦੀ ਸਿਫਤਿ-ਸਾਲਾਹ ਹੀ ਹੈ, ਉਸ ਦੇ ਸਿਮਰਨ ਰਾਹੀਂ ਅਸੀਂ ਇਸ ਗਵਾਚੀ ਅਵਸਥਾ ਨੂੰ ਮੁੜ ਸੁਰਜੀਤ ਕਰ ਸਕਦੇ ਹਾਂ। ਵਿਸਰੇ ਨੂੰ ਮੁੜ ਯਾਦ ਕਰਨਾ ਹੀ ਸਿਮਰਨ ਹੈ। ਵਾਹਿਗੁਰੂ ਸ਼ਬਦ ਦਾ ਹਰ ਸਮੇਂ ਜਾਪ, ਰਸਨਾ ਰਾਹੀਂ, ਕੰਠ ਰਾਹੀਂ, ਹਿਰਦੇ ਰਾਹੀਂ, ਸ੍ਵਾਸਾਂ ਰਾਹੀਂ, ਉਠਦਿਆਂ, ਬੈਠਦਿਆਂ, ਚਲਦਿਆਂ, ਕੰਮ ਕਾਜ ਕਰਦਿਆਂ ਹਰ ਸਮੇਂ ਸਿਮਰਨ ਕਰਨਾ, ਉਸ ਦੀ ਯਾਦ ਨੂੰ ਤਾਜ਼ਾ ਕਰਨਾ ਹੈ, ਆਪਣੇ ਅਨੁਭਵ ਵਿਚ ਲਿਆਉਣਾ ਹੈ, ਉਸ ਨਾਲੋਂ ਟੁੱਟੀ

ਡੋਰ ਨੂੰ ਮੁੜ ਜੋੜਨਾ ਹੈ, ਅੰਦਰ ਵਸਦੇ ਨਾਲ ਸਾਂਝ ਪਾਉਣੀ ਹੈ। ਸਿਮਰਨ ਨਾਲ, ਗੁਣ-ਗਾਇਨ ਨਾਲ, ਸਦਾ ਥਿਰ ਰਹਿਣ ਵਾਲਾ, ਨਿਹਚਲੁ ਪਿਰ, ਪ੍ਰਭੂ-ਪਤੀ, ਪਿਆਰਾ ਲਗਣ ਲਗ ਪੈਂਦਾ ਹੈ। ਗੁਣਵਾਨ ਇਸਤ੍ਰੀ, ਸੂਝਵਾਨ ਜੀਵ ਇਸਤ੍ਰੀ ਇਕ-ਮਨ, ਇਕ ਚਿੱਤ, ਸੱਚੀ ਲਗਨ ਰਾਹੀਂ ਗੁਣ-ਗਾਇਨ ਰਾਹੀਂ, ਪਤੀ ਪਿਆਰ ਪ੍ਰਾਪਤ ਕਰ ਲੈਂਦੀ ਹੈ। ***(ਗੁਣਵੰਤੀ ਗੁਣ ਰਵੈ ਮੈ ਪਿਰ ਨਿਹਚਲੁ ਭਾਵਏ)*** ਉਸ ਨੂੰ ਇਹ ਸੋਝੀ ਪ੍ਰਾਪਤ ਹੋ ਜਾਂਦੀ ਹੈ ਕਿ ਇਹ ਦ੍ਰਿਸ਼ਟਮਾਨ ਜਗਤ, ਇਸ ਦੇ ਸਾਰੇ ਸਨਬੰਧ, ਰਿਸ਼ਤੇ ਨਾਤੇ, ਵਰਤੋਂ ਵਿਹਾਰ ਕੂੜ-ਅਧਾਰਤ ਹਨ, ਨਾਲ ਨਿਭਣ ਵਾਲੇ ਨਹੀਂ, ਚੰਚਲ ਹਨ, ਨਾਸ਼ਵੰਤ ਹਨ, ਕੇਵਲ ਅਤੇ ਕੇਵਲ ਪ੍ਰਭੂ ਪ੍ਰਮੇਸ਼ਵਰ ਹੀ ਸਾਰੇ ਜਗਤ ਦਾ ਸਿਰਜਣਹਾਰ ਹੀ ਚਤੁਰ, ਸਿਆਣਾ ਅਤੇ ਸਦਾ ਕਾਇਮ ਰਹਿਣ ਵਾਲਾ ਹੈ, ਨਾਲ ਨਿਭਣ ਵਾਲਾ, ਸੱਚੀ ਪ੍ਰੀਤ ਵਾਲਾ ਹੈ। ***(ਨਿਹਚਲ ਚਤੁਰ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ)*** ਪ੍ਰਭੂ ਦੀ ਸਿਫਤਿ ਸਾਲਾਹ, ਗੁਣ-ਗਾਇਨ, ਸਿਮਰਨ ਰਾਹੀਂ ਪ੍ਰਭੂ ਦਾ ਗਿਆਨ, ਪ੍ਰਭੂ ਦੀ ਪਛਾਣ ਹੁੰਦੀ ਹੈ, ਉਸ ਵਿਚ ਸੁਰਤਿ ਟਿਕਦੀ ਹੈ, ਉਸ ਦੇ ਗੁਣ ਹਿਰਦੇ ਵਿਚ ਆ ਵਸਦੇ ਹਨ ਅਤੇ ਉਸ ਦੇ ਹੁਕਮ, ਉਸ ਦੀ ਰਜ਼ਾਅ ਦੀ ਸੋਝੀ ਮਿਲਦੀ ਹੈ ਅਤੇ ਉਸ ਦੀ ਰਜ਼ਾਅ ਵਿਚ ਹੋ ਰਹੀ ਸਭ ਕਿਰਿਆ ਚੰਗੀ ਲਗਣ ਲਗ ਪੈਂਦੀ ਹੈ। ***(ਗਿਆਨ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ)*** ਮਨ ਦੀ ਐਸੀ ਸਥਿਤੀ ਪ੍ਰਾਪਤ ਹੋ ਜਾਂਦੀ ਹੈ ਜਿਸ ਵਿਚ ਦੁਖਾਂ ਦੀ ਕੋਈ ਥਾਂ ਨਹੀਂ ਰਹਿੰਦੀ, ਪ੍ਰਭੂ ਦੀ ਸਿਫਤਿ-ਸਾਲਾਹ ਵਿਚ ਜੁੜਿਆਂ, ਪ੍ਰਭੂ ਦੇ ਮਿੱਠੇ ਗੀਤ (ਗੁਰਬਾਣੀ) ਸੁਣ-ਸੁਣ ਕੇ ਮਨ ਅਨੰਦਿਤ ਹੁੰਦਾ ਹੈ ਅਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ***(ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ)*** ਪ੍ਰਭੂ ਪਿਆਰ ਵਿਚ, ਪ੍ਰਭੂ ਰਜ਼ਾਅ ਵਿਚ ਵਿਚਰਦੀ ਉਹ ਪ੍ਰਭੂ ਪਤੀ ਨੂੰ ਪਿਆਰੀ ਲਗਣ ਲਗ ਪੈਂਦੀ ਹੈ, ਉਸ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦੀ ਹੈ, ਅਰਥਾਤ ਉਸਨੂੰ ਜੀਵਨ ਆਦਰਸ਼ ਦੀ ਪ੍ਰਾਪਤੀ ਹੋ ਜਾਂਦੀ ਹੈ ***(ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥)*** ਸੋ ਮੱਘਰ ਦੇ ਮਹੀਨੇ ਅਸੀਂ ਪ੍ਰਭੂ-ਸਿਫਤਿ ਸਾਲਾਹ ਰਾਹੀਂ, ਨਾਮ ਸਿਮਰਨ ਰਾਹੀਂ ਪ੍ਰਭੂ ਪਿਆਰ ਪਾ ਸਕਦੇ ਹਾਂ।

*(ਪੰਨਾ 7 ਦੀ ਬਾਕੀ)*

ਜੀਅ ਦਾਨ ਭਾਵ ਟੁੱਟੀਆਂ ਰੂਹਾਂ ਨੂੰ ਵਾਹਿਗੁਰੂ ਨਾਲ ਜੋੜ ਦੇਣਾ ਵੱਡਮੁੱਲਾ ਕਾਰਜ ਹੈ ਜੋ ਉਨ੍ਹਾਂ ਰਾਹੀਂ ਗੁਰੂ ਮਹਾਰਾਜ ਨੇ ਕਰਵਾਇਆ ਹੈ।

'ਆਪਿ ਜਪੈ ਅਵਰਹ ਨਾਮੁ ਜਪਾਵੈ॥ (ਅੰਗ-306) ਦੇ ਸਿਧਾਂਤ ਤੇ ਜੀਵਨ ਭਰ ਪਹਿਰਾ ਦੇ ਕੇ ਅਨੇਕਾਂ ਪ੍ਰਾਣੀਆਂ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ। ਐਸੀਆਂ ਰੱਬੀ ਆਤਮਾਵਾਂ, ਉਨ੍ਹਾਂ ਵਲੋਂ ਜੀਵਨ ਭਰ ਕੀਤੇ ਕਾਰਜਾਂ ਕਰਕੇ ਅਤੇ ਅਭੇਦ ਅਵਸਥਾ ਪ੍ਰਾਪਤ ਹੋਣ ਕਰਕੇ ਸਦਾ ਹੀ ਅਮਰ ਹਨ। ਨਾਮ ਅੰਮ੍ਰਿਤ ਨੂੰ ਭੁੰਚ ਕੇ ਅਮਰ ਹੋ ਜਾਂਦੇ ਹਨ। ***'ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ'*** ਅਤੇ ***'ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ'*** ਉਹ ਅੱਜ ਵੀ ਪੰਜ ਭੌਤਿਕ ਸਰੀਰ ਦੇ ਅਲੋਪ ਹੋਣ ਤੇ ਵੀ 'ਸਦ ਜੀਵੈ' ਭਾਸ ਰਹੇ ਹਨ। ਉਨ੍ਹਾਂ ਦੀ ਯਾਦ ਵਿਚ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ ਚਾਰ ਰੋਜ਼ਾ ਮਹਾਨ ਗੁਰਮਤਿ ਰੂਹਾਨੀ ਸਮਾਗਮ 30-31 ਅਕਤੂਬਰ 1-2 ਨਵੰਬਰ ਨੂੰ ਹੋ ਰਹੇ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ, ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਰਹਿਨੁਮਾਈ ਹੇਠ ਅਤੇ ਸਮੂੰਹ ਟਰੱਸਟ ਮੈਂਬਰਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿਤੀਆਂ ਜਾ ਚੁੱਕੀਆਂ ਹਨ। ਪਿਆਰੇ ਦੇ ਪਿਆਰ ਵਿਚ ਦੇਸ਼-ਵਿਦੇਸ਼ਾਂ ਤੋਂ ਸੰਗਤਾਂ ਆਤਮਿਕ ਅਨੰਦ ਮਾਨਣ ਲਈ ਪਹੁੰਚ ਰਹੀਆਂ ਹਨ। ਅੱਖਾਂ ਦੇ ਫਰੀ ਅਪਰੇਸ਼ਨ ਕੈਂਪ, ਕੈਂਸਰ ਦੇ ਫਰੀ ਚੈਕਅੱਪ ਕੈਂਪ ਅਤੇ ਫਰੀ ਮੈਡੀਕਲ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। ਸੰਗਤਾਂ ਦੀ ਸੁਚੱਜੀ ਰਿਹਾਇਸ਼, ਆਤਮ ਮਾਰਗ ਸਟਾਲ, ਆਵਾਜਾਈ, ਪਾਰਕਿੰਗ, ਗੁਰੂ ਕੇ ਲੰਗਰਾਂ, ਜੋੜਾ ਘਰਾਂ, ਪੰਡਾਲਾਂ, ਬਿਜਲੀ ਪਾਣੀ ਇਤਿਆਦਿਕ ਅਨੇਕਾਂ ਸੇਵਾਵਾਂ ਨੂੰ ਸੁਚੱਜੇ ਢੰਗ ਨਾਲ ਨਿਪੁੰਨਤਾ ਦਿਤੀ ਗਈ ਹੈ। ਭਾਰੀ ਮਾਤਰਾ ਵਿਚ ਅੰਮ੍ਰਿਤ ਸੰਚਾਰ ਹੋ ਰਹੇ ਹਨ। ਰੱਬੀ ਪਿਆਰ ਵਿਚ ਭਿੱਜੀਆਂ ਆਤਮਾਵਾਂ ਬੁਲਾਰਿਆਂ ਦੇ ਰੂਪ ਵਿਚ ਗੁਰੂ ਪਿਆਰਿਆਂ ਨੂੰ ਇਲਾਹੀ ਬਾਣੀ ਦੇ ਕਥਾ-ਕੀਰਤਨ ਨਾਲ ਸ਼ਰਸਾਰ ਕਰਨਗੀਆਂ। ਸਮੂੰਹ ਸੰਗਤਾਂ ਤੇ ਪਾਠਕ ਜਨਾਂ ਨੂੰ ਇਸ ਅਲੌਕਿਕ ਤੇ ਨਿਵੇਕਲੀ ਦਿੱਖ ਰੱਖਣ ਵਾਲੇ ਰੂਹਾਨੀ ਸਮਾਗਮ ਵਿਚ ਪਹੁੰਚਣ ਲਈ ਟਰੱਸਟ ਰਤਵਾੜਾ ਸਾਹਿਬ ਵਲੋਂ ਹਾਰਦਿਕ ਬੇਨਤੀ ਹੈ। ਅਕਾਲ ਪੁਰਖ ਵਾਹਿਗੁਰੂ ਜੀ ਦੀ ਸਿਫਤ ਸਲਾਹ ਵਿਚ ਜੁੜ ਕੇ ਜੀਵਨ ਯਾਤਰਾ ਸਫਲ ਸਕੀਏ।

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥*
*ਅੰਗ - ੧੪੨੯*

# ਪਿਆਰੇ ਦੀ ਤਾਂਘ
# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ
## (ਗੁਰੂ ਨਾਨਕ ਦੇਵ ਜੀ ਮਹਾਰਾਜ ਪ੍ਰਕਾਸ਼ ਦਿਵਸ-23 ਨਵੰਬਰ 2018)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-31)*

ਕਹਿੰਦੇ, ਅੱਜ ਜੁਮਾ ਰਾਤ ਹੈ, ਅੱਜ ਨਮਾਜ਼ ਪੜ੍ਹਨੀ ਹੈ, ਤੁਸੀਂ ਸਾਡੇ ਨਾਲ ਚੱਲੋਂਗੇ? ਮਹਾਰਾਜ ਕਹਿੰਦੇ, ਹਾਂ ਅਸੀਂ ਚੱਲਾਂਗੇ। ਕਹਿਣ ਲੱਗੇ, ਰਾਇ ਸਾਹਿਬ! ਜਦੋਂ ਗੁਰੂ ਨਾਨਕ ਚਲੇ ਗਏ ਮਸਜਿਦ ਦੇ ਅੰਦਰ, ਸਾਰੇ ਸ਼ਹਿਰ 'ਚ ਰੌਲਾ ਪੈ ਗਿਆ ਕਿ ਗੁਰੂ ਨਾਨਕ ਦੇਵ ਜੀ ਇਸਲਾਮ ਧਾਰਨ ਕਰ ਲਿਆ ਤੇ ਮਸਜਿਦ 'ਚ ਨਮਾਜ਼ ਪੜ੍ਹਨ ਗਿਆ ਹੈ।

ਬੇਬੇ ਨਾਨਕੀ ਸੀ, ਉਹ ਕਹਿੰਦੀ ਕਿ ਮੇਰਾ ਵੀਰ ਤਾਂ ਮਜ਼ਹਬਾਂ ਤੋਂ ਉਤੇ ਹੈ। ਉਹ ਕਿਸੇ ਮਜ਼ਹਬ ਵਿਚ ਨਹੀਂ ਹੈ ਉਹ ਲਾ-ਮਜ਼ਹਬ ਹੈ। ਉਹਦਾ ਮਜ਼੍ਹਬ ਪ੍ਰਮੇਸ਼ਰ ਹੈ, ਵਾਹਿਗੁਰੂ ਹੈ ਹੋਰ ਕੋਈ ਦਿਖਾਵਾ ਨਹੀਂ ਹੈ, ਕੋਈ ਰੂਪ ਨਹੀਂ, ਭੇਖ ਨਹੀਂ ਹੈ ਉਹਦਾ। ਕਹਿੰਦੀ, ਤੁਸੀਂ ਦੇਖੋਂ, ਕੋਈ ਕੌਤਕ ਹੈ ਮੇਰੇ ਵੀਰ ਦਾ ਕੋਈ। ਉਹ ਨਹੀਂ ਡੋਲੀ। ਰਾਇ ਸਾਹਿਬ! ਬਾਕੀ ਸਾਰਾ ਸ਼ਹਿਰ, ਹਿੰਦੂ ਲੋਕ ਕਹਿੰਦੇ ਨੇ ਕਿ ਉਹ ਤਾਂ ਐਡਾ ਚੰਗਾ ਸੀ, ਇਸਲਾਮ ਵਿਚ ਚਲਿਆ ਗਿਆ। ਜਦੋਂ ਨਮਾਜ਼ ਸ਼ੁਰੂ ਹੋਈ, ਇਮਾਮ ਅੱਗੇ ਖੜ੍ਹਾ ਹੈ, ਗੁਰੂ ਨਾਨਕ ਇਮਾਮ ਦੇ ਪਿੱਛੇ ਨੇ, ਇਕ ਪਾਸੇ ਕਾਜ਼ੀ ਹੈ, ਇਕ ਪਾਸੇ ਨਵਾਬ ਹੈ। ਜਦੋਂ ਕਲਮਾ ਪੜ੍ਹਨਾ ਸ਼ੁਰੂ ਹੋਇਆ, ਗੁਰੂ ਨਾਨਕ ਖੜ੍ਹੇ ਨੇ, ਉਸ ਤੋਂ ਬਾਅਦ ਗੁਰੂ ਨਾਨਕ ਇਕ ਪਾਸੇ ਹੋ ਕੇ ਬੈਠ ਗਏ ਕਿਉਂਕਿ ਨਮਾਜ਼ ਸ਼ੁਰੂ ਹੋ ਚੁੱਕੀ ਸੀ, ਏਸ ਵਾਸਤੇ ਕਜ਼ਾ ਨਹੀਂ ਸੀ ਹੋ ਸਕਦੀ, ਖੰਡਤ ਨਹੀਂ ਸੀ ਹੋ ਸਕਦੀ। ਨਮਾਜ਼ ਪੜ੍ਹੀ ਜਾਣ ਤੋਂ ਪਿਛੋਂ ਕਾਜ਼ੀ ਨੇ ਕਿਹਾ, ਨਾਨਕ ਨਮਾਜ਼ ਪੜ੍ਹਨ ਆਇਆ ਸੀ, ਪਰ ਇਹਨੇ ਨਮਾਜ਼ ਤਾਂ ਪੜ੍ਹੀ ਹੀ ਨਹੀਂ, ਉਥੇ ਜਾ ਕੇ ਬਹਿ ਗਿਆ। ਨਵਾਬ ਸਾਹਿਬ ਕਹਿਣ ਲੱਗੇ, ਨਾਨਕ ਜੀ! ਤੁਸੀਂ ਤਾਂ ਨਮਾਜ਼ ਪੜ੍ਹਨ ਆਏ ਸੀ? ਕਹਿੰਦੇ, ਹਾਂ ਅਸੀਂ ਤਾਂ ਪੜ੍ਹਦੇ ਹਾਂ, ਹੁਣ ਵੀ ਪੜ੍ਹਦੇ ਹਾਂ। ਅਸੀਂ ਤਾਂ ਹਰ ਵਕਤ ਨਮਾਜ਼ ਪੜ੍ਹਦੇ ਹਾਂ ਤੁਸੀਂ ਪੰਜ ਵਕਤ ਪੜ੍ਹਦੇ ਓਂ। ਉਹ ਵੀ ਪੜ੍ਹਦੇ ਨਹੀਂ। ਸਾਡੀ ਨਮਾਜ਼ 24 ਘੰਟੇ ਦੀ ਹੈ, ਅਖੰਡ ਨਮਾਜ਼ ਹੈ, ਅੱਜ ਵੀ 24 ਘੰਟੇ, ਕੱਲ੍ਹ ਨੂੰ ਵੀ 24 ਘੰਟੇ, ਅਖੰਡ ਨਮਾਜ਼ ਪੜ੍ਹਦੇ ਹਾਂ ਅਸੀਂ, ਖੰਡਤ ਨਹੀਂ ਹੁੰਦੀ। ਤੁਸੀਂ ਤਾਂ ਪੰਜ ਵਾਰੀ ਵੀ ਨਹੀਂ ਪੜ੍ਹਦੇ, ਮੈਂ ਕੀਹਦੇ ਨਾਲ ਪੜ੍ਹਦਾ। ਨਵਾਬ ਨੇ ਕਿਹਾ ਕਿ ਮੈਂ ਜੋ ਇਥੇ ਸੀ? ਗੁਰੂ ਨਾਨਕ ਨੇ ਕਿਹਾ ਕਿ ਨਵਾਬ ਸਾਹਿਬ! ਤੂੰ ਕੰਧਾਰ ਦੇ ਵਿਚ ਘੋੜੇ ਖਰੀਦ ਰਿਹਾ ਸੀ, ਦੱਸ ਰਿਹਾ ਸੀ ਉਨ੍ਹਾਂ ਨੂੰ ਕਿ ਇਹ ਰੰਗ ਦੇ ਘੋੜੇ ਐਨੇ ਲੈਣੇ ਨੇ, ਤੋਪਾਂ ਖਿੱਚਣ ਵਾਲੇ ਐਨੇ, ਸਵਾਰੀਆਂ ਵਾਲੇ ਐਨੇ, ਤੂੰ ਤਾਂ ਹੁਣੇ ਮੁੜ ਕੇ ਆਇਆ ਹੈਂ।

ਰਾਇ ਜੀ! ਉਸ ਵੇਲੇ ਉਹਨੇ ਉਂਗਲੀ ਮੂੰਹ ਵਿਚ ਲੈ ਲਈ। ਕਹਿਣ ਲੱਗਿਆ, ਸੁਬਾਨ ਅੱਲਾਹ! ਨਾਨਕ ਤਾਂ ਸਭ ਦੇ ਅੰਦਰ ਦੀ ਜਾਣਦਾ ਹੈ। ਕਾਜ਼ੀ ਕਹਿਣ ਲੱਗਿਆ ਕਿ ਫੇਰ ਮੇਰੇ ਨਾਲ ਪੜ੍ਹ ਲੈਂਦੇ। ਨਾਨਕ ਜੀ ਕਹਿਣ ਲੱਗੇ ਕਾਜ਼ੀ ਸਾਹਿਬ! ਤੂੰ ਤਾਂ ਹੁਣੇ ਆਇਆ ਹੈਂ, ਤੂੰ ਖੂਹੀ ਦੇ ਕੰਢੇ ਆਪਣੇ ਵਿਹੜੇ ਦੇ ਵਿਚ ਇਕ ਵਛੇਰੀ ਮੋੜੀ ਗਿਆ ਹੈਂ, ਘੋੜੀ ਨੇ ਵਛੇਰੀ ਦੇ ਦਿਤੀ ਸੀ, ਖੂਹੀ ਮੌਣ ਤੋਂ ਬਿਨਾਂ ਸੀ, ਮੰਜਾ ਦੇਣਾ ਉਤੇ ਭੁੱਲ ਆਇਆ ਤੇ ਉਥੇ ਹੀ ਸਮਾਂ ਬਤੀਤ ਕਰਿਆ ਹੈ, ਨਮਾਜ਼ ਵਿਚ ਤਾਂ ਤੂੰ ਆਇਆ ਹੀ ਨਹੀਂ। ਕਹਿੰਦੇ, ਕਾਜ਼ੀ ਬੜਾ ਸ਼ਰਮਿੰਦਾ ਹੋ ਗਿਆ।

ਸੋ ਉਸ ਵੇਲੇ ਗੁਰੂ ਨਾਨਕ ਨੇ ਕਿਹਾ ਕਿ ਜੇ ਤੁਸੀਂ ਪ੍ਰਮੇਸ਼ਰ ਦਾ ਨਾਮ ਲੈਣਾ ਹੈ, ਪਹਿਲਾਂ ਜ਼ਰੂਰੀ ਹੈ ਕਿ ਚਿੱਤ ਨੂੰ ਇਕਾਗਰ ਕਰੋ। ਨਵਾਬ ਨੇ ਪੁਛਿਆ, ਹੇ ਨਾਨਕ! ਚਿੱਤ ਇਕਾਗਰ ਕਿਵੇਂ ਹੋਵੇ। ਸਾਨੂੰ ਤਾਂ ਇਸ ਗੱਲ ਦਾ ਗਿਆਨ ਨਹੀਂ। ਗੁਰੂ ਨਾਨਕ ਨੇ ਕਿਹਾ, ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾਵਾਂ ਨੇ, ਓਨੀਂ ਦੇਰ ਤੱਕ ਚਿੱਤ ਦੀ ਇਕਾਗਰਤਾ ਨਹੀਂ ਹੋਇਆ ਕਰਦੀ। ਤੇ ਖੋਲ੍ਹ ਕੇ ਦੱਸਿਆ ਕਿ ਧਨ ਦੀ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਦਿਨ ਰਾਤ ਧਨ ਦੇ ਪਿੱਛੇ ਪਿਆ ਰਹਿੰਦਾ ਹੈ, ਰਾਤ ਨੂੰ ਵੀ ਧਨ ਦੀਆਂ ਗੱਲਾਂ ਸੋਚੇਗਾ, ਸੁਪਨੇ ਵੀ ਧਨ ਦੇ ਆਉਣਗੇ, ਦਿਨੇ ਵੀ ਧਨ ਦੇ, ਸੋਚੇਗਾ ਵੀ ਮਾੜੀਆਂ ਗੱਲਾਂ ਕਿ ਫਲਾਣੇ ਦਾ ਧਨ ਮੇਰੇ ਕਾਬੂ ਕਿਵੇਂ ਆ ਸਕਦੈ, ਮਿਤਰ ਨੂੰ ਧੋਖਾ ਕਿਵੇਂ ਦਿਤਾ ਜਾ ਸਕਦਾ ਹੈ। ਛਲ ਕਿਵੇਂ ਖੇਡਿਆ ਜਾ ਸਕਦਾ ਹੈ। ਸੋ ਧਨ ਦੇ ਵਾਸਤੇ ਆਦਮੀ ਬੇਅੰਤ ਪਾਪ ਕਰਦਾ ਹੈ। ਸੋ ਕਹਿੰਦੇ ਜਦੋਂ ਤੱਕ ਧਨ ਦੀ ਵਾਸ਼ਨਾ ਹੈ, ਓਨੀ ਦੇਰ ਤੱਕ ਨਹੀਂ ਮਨ ਟਿਕਿਆ ਕਰਦਾ। ਕਹਿੰਦੇ, ਜੀ, ਫੇਰ ਧਨ ਦੀ ਵਾਸ਼ਨਾ ਦੂਰ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਸੰਤੋਖ ਧਾਰਨ ਕੀਤਿਆਂ ਧਨ ਦੀ ਵਾਸ਼ਨਾ ਹਟਦੀ ਹੈ।

ਯਥਾ ਲਾਭ ਤਥਾ ਸੰਤੁਸ਼ਟੇ।

ਜੋ ਕੁਛ ਪ੍ਰਮੇਸ਼ਰ ਨੇ ਮੱਥੇ 'ਚ ਲਿਖ ਦਿਤਾ ਉਹ ਤਾਂ ਆਉਣਾ ਹੀ ਆਉਣਾ ਹੈ। ਵਾਧੂ ਆਉਂਦਾ ਨਹੀਂ।

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭***

ਦੂਸਰੀ ਵਾਸ਼ਨਾ ਪੁੱਤਰ ਦੀ ਹੋਇਆ ਕਰਦੀ ਹੈ। ਭਾਰਤੀ ਸਮਾਜ ਦੇ ਅੰਦਰ ਪੁੱਤਰ ਨੂੰ ਮਹਾਨਤਾ ਜ਼ਿਆਦਾ ਦਿਤੀ ਜਾਂਦੀ ਹੈ। ਜਿਹੜੀ ਅੰਗਰੇਜ਼ਾਂ ਦੀ ਸਮਾਜ ਹੈ ਉਹਦੇ ਵਿਚ ਪੁੱਤਰ ਦੀ ਮਹਾਨਤਾ ਕੋਈ ਹੈ ਹੀ ਨਹੀਂ, ਨਾ ਲੜਕੀ ਦੀ ਮਹਾਨਤਾ ਹੈ। ਲੜਕੀ ਨੂੰ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਮਾਂ-ਬਾਪ ਬੁੱਢੇ ਹੁੰਦੇ ਨੇ, ਲੜਕੇ ਕੋਲ ਨਹੀਂ ਰਿਹਾ ਕਰਦੇ, ਲੜਕੀ ਕੋਲ ਰਿਹਾ ਕਰਦੇ ਨੇ। ਸੋ ਇਹ ਵਾਸ਼ਨਾ ਭਾਰਤ ਵਰਸ਼ ਵਿਚ ਵੱਡੇ, ਉਲਟੇ ਕੰਮ ਕਰਾ ਦਿੰਦੀ ਹੈ।

ਇਹੋ ਜਿਹੇ ਕੰਮ ਦੇਖੇ ਨੇ ਮੈਂ ਕਿ ਦੱਸੇ ਹੀ ਨਹੀਂ ਜਾ ਸਕਦੇ ਕਿ ਪੁੱਤਰ ਪ੍ਰਾਪਤੀ ਵਾਸਤੇ। ਜੇ ਪ੍ਰਾਪਤ ਹੋ ਗਿਆ, ਬੀਮਾਰ ਹੋ ਗਿਆ, ਮਰ ਗਿਆ ਫੇਰ?

ਰਾਜਾ ਚਿਤ੍ਰਕੋਟੂ ਸੀ, ਉਹਦੇ ਪੁੱਤਰ ਨਹੀਂ ਸੀ ਹੁੰਦਾ, ਬੇਅੰਤ ਵਿਆਹ ਗਿਣਤੀ ਮਿਣਤੀ ਤੋਂ ਬਾਹਰ ਕਰਾ ਲਏ, ਰੋਜ਼ ਵਿਆਹ ਕਰਾਉਂਦਾ ਸੀ। ਪੁੱਤਰ ਨਾ ਹੋਇਆ, ਅਖੀਰ ਵਸ਼ਿਸ਼ਟ ਜੀ ਨੇ, ਵਿਸ਼ਵਾਮਿਤਰ, ਅੰਗਰਾ ਆਦਿ ਜਿਹੜੇ ਮੁਖੀ ਰਿਸ਼ੀ ਸੀਗੇ, ਉਨ੍ਹਾਂ ਨੇ ਮੰਤਰ ਬਲ ਦੇ ਨਾਲ ਇਕ ਪੁੱਤਰ ਉਹਨੂੰ ਦੇ ਦਿਤਾ। ਉਹ ਪੁੱਤਰ ਥੋੜ੍ਹੀ ਜਿਹੜੀ ਜ਼ਿੰਦਗੀ ਭੋਗ ਕੇ ਮਰ ਗਿਆ, ਫੇਰ ਉਹ ਉਸ ਤੋਂ ਵੀ ਜ਼ਿਆਦਾ ਦੁਖੀ ਹੋ ਗਿਆ। ਮਹਾਰਾਜ ਕਹਿੰਦੇ ਪੁੱਤਰ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਉਹ ਦੇਖੀ ਜਾਂਦਾ ਹੈ ਕਿ ਮੇਰੀ ਜਾਇਦਾਦ ਐਵੇਂ ਹੀ ਜਾਏਗੀ, ਪਤਾ ਨਹੀਂ ਕੀਹਦੇ ਹੱਥ 'ਚ ਆਵੇ। ਅੰਗਰੇਜ਼ ਨਹੀਂ ਐਉਂ ਦੇਖਦੇ। ਉਹ ਪਹਿਲਾਂ ਹੀ ਧਾਰ ਲੈਂਦੇ ਨੇ, ਪੁੱਤਰ ਹੁੰਦੇ ਵੀ ਨੇ ਤੇ ਉਨ੍ਹਾਂ ਦੀ ਵਸੀਅਤ ਇਹ ਹੁੰਦੀ ਹੈ ਕਿ ਮੈਂ ਜੋ ਕਮਾਈ ਜ਼ਿੰਦਗੀ ਭਰ ਕੀਤੀ ਹੈ, ਉਹ ਵੰਡੀ ਜਾਵੇ, ਐਨੀ ਤਾਂ ਹਸਪਤਾਲ ਨੂੰ ਜਾਵੇ, ਐਨੀ ਜਾਵੇ ਜਿਥੇ ਭੁੱਖੇ ਨੰਗਿਆ ਨੂੰ ਸੰਭਾਲਿਆ ਜਾਂਦਾ ਹੈ, ਐਨੀ ਜਾਨਵਰਾਂ ਦੀ ਰਾਖੀ ਵਾਸਤੇ ਜਾਵੇ, ਅਖੀਰ ਪੁੱਤਰਾਂ ਨੂੰ ਕੀ ਹੁੰਦਾ ਹੈ ਕਿ ਬੱਚਿਆਂ ਵਾਸਤੇ ਮੇਰੀ 'ਗੁਡ ਵਿੱਲ'। ਉਹ ਕਰੀ ਜਾਣਗੇ ਥੈਂਕਸ ਡੈਡੀ-ਥੈਂਕਸ ਡੈਡੀ। ਕੋਰਟ ਵਿਚ ਪੜ੍ਹ ਕੇ ਸੁਣਾਉਂਦੇ ਨੇ। ਇਥੇ ਇਹ ਹੁੰਦਾ ਹੈ ਕਿ ਮੇਰੀ ਜਾਇਦਾਦ ਕੌਣ ਸਾਂਭੇਗਾ। ਸਰੀਕ ਸਾਂਭਣਗੇ? ਇਹ ਤਾਂ ਮੇਰੇ ਨਾਲ ਲੜਦੇ ਨੇ। ਉਹ ਵੀ ਕਹਿਣਗੇ, ਇਹਨੂੰ ਛੇਤੀ ਤੋਰੀਏ, ਜਾਇਦਾਦ ਸਾਨੂੰ ਮਿਲ ਜਾਏ। ਸੋ ਇਸ ਕਰਕੇ ਪੁੱਤਰ ਵਾਸ਼ਨਾ ਆਦਮੀ ਨੂੰ ਭਜਨ ਨਹੀਂ ਕਰਨ ਦਿੰਦੀ। ਤੀਸਰੀ ਹੋਇਆ ਕਰਦੀ ਹੈ ਲੋਕ ਲਾਜ। ਲੋਕ ਨਾ ਮੈਨੂੰ ਮਾੜਾ ਕਹਿ ਦੇਣ। ਤਾਕਤ ਹੁੰਦੀ ਨਹੀਂ, ਵਿਆਹ ਕਰ ਨਹੀਂ ਸਕਦਾ, ਕਰਜ਼ਾ ਲੈ ਕੇ ਕਰਦਾ ਹੈ, ਫੇਰ ਕਰਜ਼ਾ ਮੁੜਦਾ ਨਹੀਂ, ਜ਼ਮੀਨ ਜਾਇਦਾਦ ਸਭ ਵਿਕ ਜਾਂਦੀ ਹੈ। ਲੋੜ ਤੋਂ ਵੱਧ ਆਪਣੇ ਆਪ ਦਾ ਵਿਖਾਵਾ ਕਰਦਾ ਹੈ ਕਿ ਲੋਕ ਮੈਨੂੰ ਅਮੀਰ ਕਹਿਣ। ਲੋਕਾਂ ਨੂੰ ਖੁਸ਼ ਕਰਦਾ ਹੈ। ਅੱਜ ਤੱਕ ਤਾਂ ਸੰਸਾਰ 'ਚ ਕੋਈ ਐਸਾ ਨਹੀਂ ਆਇਆ ਜਿਹੜਾ ਲੋਕਾਂ ਨੂੰ ਖੁਸ਼ ਕਰ ਦੇਵੇ, ਸ੍ਰੀ ਰਾਮ ਚੰਦਰ ਜੀ ਮਹਾਰਾਜ ਜਦੋਂ ਅਯੁੱਧਿਆ ਪਹੁੰਚੇ ਨੇ, ਲੰਕਾ ਤੋਂ ਵਾਪਸ ਤਾਂ ਉਥੇ ਲੰਕਾ ਦੇ ਵਿਚ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਲਈ, ਅੱਗ ਜਾਲ ਦਿਤੀ ਤੇ ਉਹਦੇ ਵਿਚੀਂ ਲੰਘਾਈ ਕਿ ਜੇ ਤਾਂ ਲੰਘ ਜਾਏਗੀ ਤਾਂ ਇਹ ਸੱਚੀ, ਜੇ ਇਹ ਜਲ ਗਈ ਤਾਂ ਇਹ ਝੂਠੀ। ਅੱਗ ਦੇ ਵਿਚੋਂ ਲੰਘ ਗਈ ਤੇ ਇਥੇ ਆ ਗਈ। ਲੇਕਿਨ ਇਥੇ ਵਾਲੇ ਲੋਕਾਂ ਨੇ ਨਾ ਮੰਨਿਆ। ਉਨ੍ਹਾਂ ਨੇ ਕਿਹਾ ਕਿ ਨੌਂ ਮਹੀਨੇ ਰਾਵਣ ਦੇ ਕੋਲ ਰਹੀ, ਇਹ ਸੁੱਚੀ ਕਿਵੇਂ ਹੋ ਸਕਦੀ ਹੈ। ਇਹ ਤਾਂ ਰਾਮ ਚੰਦਰ ਨੇ ਕਲੰਕ ਲਾ ਦਿਤਾ ਸਾਨੂੰ। ਗੱਲ ਚਲਦੀ ਗਈ।

ਇਕ ਦਿਨ ਰਾਮ ਚੰਦਰ ਜੀ ਜਾਂਦੇ ਨੇ ਤਾਂ ਇਕ ਧੋਬੀ ਘਰਵਾਲੀ ਨਾਲ ਲੜ ਰਿਹਾ ਹੈ ਤੇ ਉਹਨੂੰ ਅੰਦਰ ਨਹੀਂ ਵੜਨ ਦਿੰਦਾ, ਉਹ ਕਹਿੰਦੀ ਮੈਨੂੰ ਤੂੰ ਅੰਦਰ ਵੜਨ ਦੇ, ਮੈਂ ਕੋਈ ਗੁਨਾਹ ਤਾਂ ਨਹੀਂ ਕਰਿਆ, ਮੇਰਾ ਪਿਤਾ ਬਿਮਾਰ ਸੀ, ਮੈਂ ਉਹਦੀ ਖਬਰ ਲੈ ਕੇ ਆ ਗਈ ਹਾਂ। ਹੁਣੇ ਮੈਂ ਗਈ ਸੀ, ਧੋਬੀਘਾਟ ਦੁਗਣੀ ਦੂਰ ਸੀ, ਮੇਰੇ ਪੇਕੇ ਅੱਧੇ ਮੀਲ ਦੂਰ ਸੀਗੇ ਤੇ ਮੈਂ ਰੁਕੀ ਨਹੀਂ ਹਾਂ, ਪਾਣੀ ਨਹੀਂ ਪੀਤਾ।

ਰਾਮ ਚੰਦਰ ਜੀ ਬੀਰ ਯਾਤਰਾ ਕਰ ਰਹੇ ਸੀ, ਕਹਿਣ ਲੱਗੇ, ਪੁਰਖਾ! ਕੀ ਗੱਲ ਹੈ ਤੂੰ ਇਸਦੇ ਨਾਲ ਕਿਉਂ ਲੜਦਾ ਹੈਂ। ਕਹਿੰਦਾ, ਲੜਾਂ ਨਾ, ਮੇਰੇ ਤੋਂ ਪੁੱਛੇ ਬਗੈਰ, ਬਾਹਰ ਗਈ ਹੈ। ਉਹ ਕਹਿਣ ਲੱਗੀ ਕਿ ਮੈਂ ਬਾਹਰ ਨਹੀਂ ਗਈ, ਇਹਦਾ ਧੋਬਘਾਟ ਦੂਰ ਸੀ, ਮੈਨੂੰ ਸੁਨੇਹਾ ਆਇਆ ਮੇਰਾ ਪਿਤਾ ਬਿਮਾਰ ਸੀ, ਮੈਂ ਖਬਰ ਲੈ ਕੇ ਉਦੋਂ ਹੀ ਮੁੜ ਆਈ ਹਾਂ। ਇਧਰ ਨੂੰ ਜਾਂਦੀ ਮੈਨੂੰ ਦੁੱਗਣਾ ਸਮਾਂ ਲੱਗਣਾ ਸੀ, ਮੇਰੇ ਕੋਲ ਸਮਾਂ ਨਹੀਂ ਸੀ ਜਾਣ ਦਾ। ਰਾਮ ਚੰਦਰ ਜੀ ਕਹਿਣ ਲੱਗੇ ਕਿ ਕੀ ਹੋ ਗਿਆ ਐਨੀ ਦੇਰ 'ਚ, ਆਹ ਪਿੰਡ ਹੈ ਨਾਲ, ਇਥੋਂ ਇਹ ਵਾਪਸ ਆ ਗਈ ਹੈ, ਤੂੰ ਇਹਨੂੰ ਵੜਨ ਨਹੀਂ ਦਿੰਦਾ, ਉਹ ਕਹਿੰਦਾ ਤੂੰ ਮੈਨੂੰ ਕੀ ਸਮਝਦਾ ਹੈਂ ਓਏ? ਕਹਿੰਦਾ ਮੈਂ ਤੈਨੂੰ ਕੀ ਸਮਝਣਾ ਹੈ। ਤੂੰ ਮੈਨੂੰ ਰਾਮ ਚੰਦਰ ਸਮਝਦਾ ਹੈਂ ਕਿ ਨੌਂ ਮਹੀਨੇ ਸੀਤਾ ਨੂੰ ਰਾਵਣ ਕੋਲ ਰੱਖ ਕੇ ਫੇਰ ਘਰ 'ਚ ਵਾੜ ਲਈ। ਲੋਕ ਰਾਇ ਲਈ, ਲੋਕ ਰਾਇ ਖਿਲਾਫ ਹੋ ਗਈ। ਰਾਮਚੰਦਰ ਜੀ ਨੂੰ ਸੀਤਾ ਜੀ ਨੂੰ, ਨਿਰਦੋਸ਼ ਨੂੰ ਜੰਗਲਾਂ 'ਚ ਛੱਡਣਾ ਪਿਆ, ਲੋਕ ਲਾਜ ਕਰਕੇ।

ਉਹ ਫਿਰਦੇ-ਫਿਰਦੇ ਆਪਣੇ ਰਾਜ ਵਿਚ ਪੂਰਬ ਵਲ ਨੂੰ ਚਲੇ ਗਏ। ਉਥੇ ਲੱਛਮਣ ਜੀ ਨਾਲ ਹਨ ਤੇ ਪਾਣੀ ਦੀ ਪਿਆਸ ਲੱਗੀ। ਇਕ ਜ਼ਿਮੀਦਾਰ ਹੱਲ ਚਲਾ ਰਿਹਾ ਸੀ। ਲੇਕਿਨ ਉਹਦੀ ਜਿਹੜੀ ਵਰਦੀ ਸੀ ਉਹ ਅਜੀਬ ਸੀ, ਬਲਦਾਂ ਦੇ ਉਤੇ ਝੁੱਲ ਪਾਇਆ ਹੋਇਆ ਸੀ ਤਾਰਾਂ ਦਾ, ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਹੋਏ, ਆਪ ਦੇ ਪੈਰਾਂ 'ਚ ਗੋਡਿਆਂ ਤੱਕ ਵੱਡਾ ਜੁੱਤਾ ਪਾਇਆ ਹੋਇਆ, ਬੂਟ ਪਾਏ ਹੋਏ ਨੇ ਤੇ ਸਿਰ ਉਤੇ ਇਕ ਟੋਪ ਰੱਖਿਆ ਹੋਇਆ ਹੈ ਤਾਰਾਂ ਦਾ ਤੇ ਕੋਟ ਪਾਇਆ ਹੋਇਆ ਹੈ ਤਾਰਾਂ ਦਾ। ਪਾਣੀ ਪੀਤਾ ਲਛਮਣ ਜੀ ਤੇ ਰਾਮਚੰਦਰ ਜੀ ਨੇ ਤੇ ਬੈਠ

ਗਏ ਛਾਂ ਦੇਖ ਕੇ। ਉਹ ਕਿਸਾਨ ਵੀ ਬੈਠ ਗਿਆ। ਕਹਿਣ ਲੱਗੇ, ਕਿਸਾਨ! ਆਹ ਕੀ ਤੂੰ ਹੁਲੀਆ ਬਣਾਇਆ ਹੈ ਬਲਦਾਂ ਦਾ ਤੇ ਆਪ ਦਾ। ਕਹਿੰਦਾ ਮਹਾਰਾਜ! ਇਥੇ ਇਕ ਪੰਛੀ ਹੈ, ਉਹਦੀ ਚੁੰਝ ਐਨੀ ਤਿੱਖੀ ਹੈ, ਜੇ ਉਹ ਮਾਰ ਦੇਵੇ ਉਹ ਮਾਸ ਕੱਢ ਲੈ ਜਾਂਦਾ ਹੈ। ਏਸ ਕਰਕੇ ਤਾਰਾਂ ਦਾ ਅਸੀਂ ਝੁੱਲ ਪਾ ਦਿਤਾ। ਅਸੀਂ ਕੋਟ ਪਾ ਲਿਆ ਤੇ ਟੋਪ ਲੈ ਲਿਆ। ਪੈਰਾਂ 'ਚ ਇਥੇ ਇਕ ਬਿੱਛੂ ਹੈ ਐਨਾ ਜ਼ਹਿਰੀਲਾ ਹੈ ਕਿ ਜੇ ਲੜ ਜਾਏ ਤਾਂ ਆਦਮੀ ਬਚਦਾ ਨਹੀਂ। ਬਲਦ ਵੀ ਨਹੀਂ ਬਚਦਾ। ਸੋ ਓਸ ਤੋਂ ਬਚਾਓ ਵਾਸਤੇ ਅਸੀਂ ਫੁਟਲਸ ਪਾ ਦਿੰਦੇ ਹਾਂ, ਬਣਾ ਕੇ। ਕਹਿਣ ਲੱਗੇ, ਰਾਮਚੰਦਰ ਜੀ! ਇਥੇ ਜ਼ਮੀਨ ਦਾ ਘਾਟਾ ਹੈ ਭਾਰਤ ਵਰਸ਼ ਵਿਚ? ਲਿਆ ਤੈਨੂੰ ਜਿੰਨੀ ਜੀਅ ਕਰਦਾ ਹੈ ਵਧੀਆ ਜ਼ਮੀਨ ਦਿਵਾ ਦੇਈਏ। ਜਿਥੇ ਮਾੜੀ ਜਿਹੀ ਫਸਲ ਬੀਜੋ ਪਾਣੀ ਨਾਲ ਹੋ ਜਾਂਦੀ ਹੈ। ਤੂੰ ਇੱਥੇ ਟੱਕਰਾਂ ਕਿਉਂ ਮਾਰਦਾ ਹੈਂ? ਕਹਿੰਦਾ, ਵਾਹ ਓਏ ਤੁਹਾਡੇ, ਨਾਲੇ ਮੈਂ ਤੁਹਾਨੂੰ ਪਾਣੀ ਪਿਲਾਇਆ, ਨਾਲੇ ਤੁਸੀਂ ਉਲਟੀ ਮਤ ਦਿੰਦੇ ਓਂ। ਕਹਿੰਦਾ, ਮੈਨੂੰ ਤੁਸੀਂ ਰਾਮਚੰਦਰ ਹੀ ਸਮਝ ਲਿਆ, ਆਪਣੀ ਇਸਤਰੀ ਤੇ ਜ਼ਮੀਨ ਨੂੰ ਕੋਈ ਨਹੀਂ ਛੱਡਦਾ ਹੁੰਦਾ ਭਾਈ। ਮੈਨੂੰ ਤੁਸੀਂ ਰਾਮਚੰਦਰ ਸਮਝਦੇ ਓਂ। ਰਾਮਚੰਦਰ ਜੀ ਲਛਮਣ ਵਲ ਦੇਖਣ ਲੱਗ ਗਏ ਕਹਿੰਦੇ, ਲੱਛਮਣ! ਓਧਰ ਦੂਜੀ ਗੱਲ ਕਹਿੰਦੇ, ਏਧਰ ਦੂਜੀ ਕਹਿੰਦੇ ਨੇ। ਸੋ ਇਹਨੂੰ ਲੋਕ ਲਾਜ ਕਹਿੰਦੇ ਨੇ, ਲੋਕ ਲਾਜ ਵਿਚ ਕੋਈ ਬੰਦਾ ਵੀ ਸਾਰਿਆਂ ਨੂੰ ਸੰਤੁਸ਼ਟ ਨਹੀਂ ਕਰਿਆ ਕਰਦਾ। ਜਿੰਨੀ ਕੁ ਉਸਤਤਿ ਹੁੰਦੀ ਹੈ, ਓਨੀ ਕੁ ਨਿੰਦਿਆ ਵੀ ਨਾਲ ਸਹਿਣੀ ਪੈਂਦੀ ਹੈ। ਮਹਾਰਾਜ ਕਹਿੰਦੇ ਦੋਵੇਂ ਛੱਡ ਦਿਓ -

***ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥***

***ਅੰਗ - ੨੧੯***

ਅੰਨੁਸ਼ਠਾਨ ਵਾਸ਼ਨਾ ਹੋਇਆ ਕਰਦੀ ਹੈ, ਸ਼ਾਸਤਰ ਵਾਸ਼ਨਾ ਹੋਇਆ ਕਰਦੀ ਹੈ, ਕਿਤਾਬਾਂ ਪੜ੍ਹੀ ਜਾਣੀਆਂ, ਕੁਟੇਸ਼ਨਾਂ ਲਿਖੀ ਜਾਣੀਆਂ, ਲਿਖ-ਲਿਖ ਕੇ ਸੁਣਾਈ ਜਾਣੀਆਂ। ਉਹਨੂੰ ਗਧਾ ਕਹਿੰਦੇ ਨੇ ਕਿਤਾਬਾਂ ਢੋਣ ਵਾਲਾ ਗਧਾ। ਤੇ ਅੱਗੇ ਹੁੰਦਾ ਹੈ ਸੰਤ, ਸਾਧੂ, ਮਹਾਤਮਾ, ਤਾਂਤਰੀ, ਚਿਲੇ ਕੱਟਦੇ ਨੇ, ਚਿਲੇ ਕੱਟ ਕੇ ਲੋਕਾਂ ਨੂੰ ਧਾਗੇ ਦਿੰਦੇ ਨੇ, ਮੰਤਰ ਦਿੰਦੇ ਨੇ, ਲਾਚੀਆਂ ਦੇਈ ਜਾਂਦੇ ਨੇ, ਲੈ-ਲੈ ਕੇ ਲੋਕ ਉਹਨੂੰ ਖਿਲਾ ਦਿਤੀ, ਫਲਾਣੇ ਨੂੰ ਖਿਲਾ ਦਿਤੀ, ਉਹ ਤਾਂਤਰੀ ਕਹਾਉਂਦੇ ਨੇ। ਅੰਨੁਸ਼ਠਾਨ ਵਾਸ਼ਨਾ, ਮਿਹਨਤ ਕਰਦੇ ਨੇ, ਰੱਬ ਦਾ ਭਜਨ ਨਹੀਂ ਕਰਦੇ।

ਸੋ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਨਵਾਬ ਸਾਹਿਬ! ਏਸ ਤਰ੍ਹਾਂ ਦੀਆਂ ਅਨੇਕਾਂ ਵਾਸ਼ਨਾਵਾਂ ਮਨ ਨੂੰ ਘੇਰ ਕੇ ਰੱਖਦੀਆਂ ਨੇ। ਸੋ ਆਦਮੀ ਨਾਮ ਨਹੀਂ ਜਪ ਸਕਦਾ। ਮਰਦਾਨਾ ਕਹਿਣ ਲੱਗਿਆ ਕਿ ਸੁਮੱਤ ਦੇ ਕੇ ਮਹਾਰਾਜ ਨੇ ਸਭ ਨੂੰ ਸਹੀ ਰਸਤੇ ਤੇ ਪਾਇਆ। ਕਹਿਣ ਲੱਗੇ, ਰਾਇ ਜੀ! ਜੋ ਨਵਾਬ ਦੌਲਤਖਾਨ ਸੀ, ਉਹ ਗੁਰੂ ਨਾਨਕ ਦਾ ਮੁਰੀਦ ਬਣ ਗਿਆ। ਮੁਰੀਦ ਬਣ ਕੇ ਉਨ੍ਹਾਂ ਦੇ ਚਰਨਾਂ ਤੋਂ, ਚਰਨਾਂਮ੍ਰਿਤ ਲੈ ਕੇ, ਉਸਨੇ, ਉਨ੍ਹਾਂ ਤੋਂ ਨਾਮ ਲੈ ਕੇ ਉਹ ਨਾਮ ਜਪਣ ਲੱਗ ਗਿਆ।

ਰਾਇ ਬੁਲਾਰ ਕਹਿਣ ਲੱਗਿਆ, ਧਨ ਹੈ ਉਹ। ਜਿਸਨੂੰ ਮੇਰੇ ਗੁਰੂ ਨਾਨਕ ਦੀ ਸੋਝੀ ਪੈ ਗਈ। ਮਰਦਾਨੇ ਨੇ ਕਿਹਾ ਕਿ ਉਸ ਤੋਂ ਬਾਅਦ ਅਸੀਂ ਭਾਈ ਲਾਲੋ ਦੇ ਚਲੇ ਗਏ, ਗੁਰੂ ਨਾਨਕ ਪਾਤਸ਼ਾਹ ਕਾਫੀ ਦਿਨ ਰਹੇ। ਉਥੇ ਸ਼ਿਕਾਇਤ ਕਰ ਦਿਤੀ ਕੱਟੜਾਂ ਨੇ ਕਿ ਗੁਰੂ ਨਾਨਕ ਖੱਤਰੀ ਹੋ ਕੇ ਲਾਲੋ ਤਰਖਾਣ ਦੇ ਘਰ ਰਹਿੰਦਾ ਹੈ, ਜਿਨ੍ਹਾਂ ਨੂੰ ਸ਼ੂਦਰ ਕਹਿੰਦੇ ਨੇ। ਸ਼ੂਦਰਾਂ ਦੀ ਵੰਡ ਦੋ ਤਰ੍ਹਾਂ ਦੀ ਕਰੀ ਹੋਈ ਸੀ ਇਨ੍ਹਾਂ ਲੋਕਾਂ ਨੇ ਕਿ ਜਿਹੜੇ ਬੰਦੇ ਦੇ ਰੋਟੀ ਕਮਾਉਣ ਵਾਸਤੇ ਸਰੀਰ ਵਿਚੋਂ ਪਸੀਨਾ ਆ ਜਾਵੇ, ਉਹ ਸ਼ੂਦਰ ਹੈ। ਉਨ੍ਹਾਂ 'ਚ ਦੋ ਨੇ, ਜਿਨ੍ਹਾਂ ਨੂੰ ਅਛੂਤ ਕਹਿੰਦੇ ਨੇ ਕਿ ਹੱਥ ਲਾਇਆ, ਹੱਥ ਭਿੱਟ ਹੋ ਜਾਂਦਾ ਹੈ। ਇਕ ਉਹ ਨੇ ਜਿਨ੍ਹਾਂ ਦੇ ਪੱਕਿਆ ਹੋਇਆ ਨਹੀਂ ਖਾਣਾ, ਜੇ ਖਾਣਾ ਤਾਂ ਉਨ੍ਹਾਂ ਦੇ ਘਰ 'ਚੋਂ ਆਪ ਪਕਾ ਕੇ ਖਾਣਾ ਹੈ। ਜਾਤ ਪਾਤ ਦੀ ਵੰਡ ਬਹੁਤ ਗਹਿਰੀ ਸੀ। ਕਹਿਣ ਲੱਗੇ, ਭਾਈ ਲਾਲੋ ਕਿਰਤੀ, ਪਰ ਰੱਬ ਦਾ ਪਿਆਰਾ। ਗੁਰੂ ਨਾਨਕ ਦਾ ਪ੍ਰਵਾਨ ਕੀਤਾ ਗੁਰਸਿੱਖ। ਨਿਰਾ ਹੀ ਪਿਆਰ ਦੀ ਮੂਰਤ। ਰਾਇ ਜੀ! ਉਹਦੀ ਐਨੀ ਨਿੰਦਿਆ ਕਿ ਜਾ ਕੇ ਮਲਕ ਭਾਗੋ, ਜੋ ਉਸ ਪਰਗਣੇ ਦਾ ਮਾਲਕ ਸੀ ਓਸ ਦੇ ਕੋਲ ਕਰ ਦਿਤੀ। ਉਹਨੇ ਬ੍ਰਹਮਭੋਜ ਕਰਿਆ, ਗੁਰੂ ਨਾਨਕ ਨੇ ਜਵਾਬ ਦੇ ਦਿਤਾ, ਅਖੀਰ ਗੁਰੂ ਨਾਨਕ ਨੇ ਕਿਹਾ ਕਿ ਤੈਨੂੰ ਜਾਣਾ ਪੈਣਾ ਹੈ, ਉਥੇ ਚਲੇ ਗਏ ਤਾਂ ਉਥੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, ਤੂੰ ਬ੍ਰਹਮ ਭੋਜ ਖਾਂਦਾ ਕਿਉਂ ਨਹੀਂ। ਉਨ੍ਹਾਂ ਨੇ ਕਿਹਾ ਕਿ ਮੈਨੂੰ ਭੁੱਖ ਹੀ ਨਹੀਂ ਹੈ। ਫੇਰ ਕਹਿਣ ਲੱਗੇ, ਮਲਕ ਜੀ! ਇਹ ਤੁਹਾਡੀ ਕਮਾਈ ਪਵਿੱਤਰ ਨਹੀਂ ਹੈ, ਜਿਹੜੇ ਲਾਲੋ ਦਾ ਤੁਸੀਂ ਮੈਨੂੰ ਮੇਹਣਾ ਮਾਰਦੇ ਓਂ, ਉਹ ਦੱਸਾਂ ਨੌਂਹਾਂ ਦੀ ਕਮਾਈ ਕਰਕੇ, ਉਹ ਤਾਂ ਜਿਹਦੇ ਮੁੱਖ ਵਿਚ ਚਲੀ ਜਾਏਗੀ, ਉਹ ਨਾਮ ਜਪਣ ਲੱਗ ਜਾਏਗਾ। ਤੇਰੀ ਗਰਾਹੀ ਜਿਸਦੇ ਮੁੱਖ 'ਚ ਚਲੀ ਜਾਏਗੀ ਉਹ ਨਾਮ ਜਪਦਾ ਹੋਇਆ ਭੁੱਲ ਜਾਏਗਾ-

***ਜਾ ਕੀ ਰਹਿਤ ਨ ਜਾਣੀਐ***
***ਗੁਰਬਾਣੀ ਨਹੀਂ ਰੀਤ ।***
***ਤਿਸ ਦੇ ਹਥਹੁ ਖਾਧੀਐ***
***ਵਿਸਰੈ ਹਰਿ ਕੀ ਪ੍ਰੀਤ।***

ਸੋ ਉਥੇ ਗੁਰੂ ਨਾਨਕ ਨੇ ਕੌਤਕ ਕਰਿਆ ਤੇ ਲਾਲੋ ਦੇ ਸੁੱਕੇ ਟੁਕੜੇ ਮੰਗਾਏ ਤੇ ਇਹਦੇ ਬ੍ਰਹਮ ਭੋਜ ਦੀਆਂ ਪੂਰੀਆਂ ਮੰਗਾਈਆਂ ਤੇ ਦੋ ਥਾਲੀਆਂ ਲੈ ਲਈਆਂ ਤੇ ਹੱਥ 'ਚ ਨਪੀੜ ਦਿਤੇ। ਮਲਕ ਭਾਗੋ ਦੇ ਮਾਲ ਪੂੜਿਆਂ ਦੇ ਵਿਚੋਂ ਖੂਨ ਚੱਲ ਰਿਹਾ ਹੈ ਤੇ ਲਾਲੋ ਦੇ ਸੁੱਕੇ ਟੁਕੜੇ ਦੇ ਵਿਚੋਂ ਜੋ ਬਾਜਰੇ ਦਾ ਸੀ ਉਹਦੇ ਵਿਚੋਂ ਦੁੱਧ ਦੀ ਧਾਰ ਚੱਲ ਰਹੀ ਹੈ। ਉਸ ਵੇਲੇ ਗੁਰੂ ਨਾਨਕ ਜੀ ਨੇ ਉਸਨੂੰ ਕਿਹਾ ਕਿ ਮਲਕ

ਜੀ, ਪੁੰਨ ਕਰਦਾ ਹੈਂ ਕਿ ਪਾਪ ਕਰਦਾ ਹੈਂ? ਲੋਕਾਂ ਤੋਂ ਖੋਹ-ਖੋਹ ਕੇ ਲਿਆ ਕੇ ਫੇਰ ਤੂੰ ਦਾਨ ਕਰਦਾ ਹੈਂ, ਇਹਨੂੰ ਪਿਆਰਿਆ ਦਾਨ ਦਾ ਫਲ ਨਹੀਂ ਮਿਲਣਾ। ਕਦੇ ਅਸੂਲ ਉਲਟ ਹੋਇਆ ਹੈ? -

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ - ੧੩੭੯*

ਕਹਿਣ ਲੱਗੇ, ਮਲਕ ਜੀ! ਤੁਸੀਂ ਹਾਕਮ ਲੋਕ ਓਂ, ਇਕ ਗੱਲ ਇਨਸਾਫ ਦੀ ਦੱਸੋ ਕਿ ਬੀਜੇ ਕਿੱਕਰ ਤੇ ਉਹਨੂੰ ਅੰਗੂਰ ਲਗਦੇ ਨੇ ਕਦੇ? ਕਹਿੰਦਾ ਨਹੀਂ। ਕੱਤਦੀ ਤਾਂ ਰਹੀ ਬੀਬੀ ਕਪਾਹ, ਕਹਿੰਦੀ ਹੈ ਉੱਨ ਮੈਨੂੰ ਮਿਲ ਜਾਵੇ, ਰੇਸ਼ਮ ਮਿਲ ਜਾਵੇ। ਉਹ ਮਿਲ ਸਕਦਾ ਹੈ? ਕਹਿੰਦਾ ਨਹੀਂ। ਇਹ ਤਾਂ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪*

ਕਿੰਨੇ ਤੂੰ ਪਾਪ ਬੀਜਦਾ ਹੈਂ, ਕਿੰਨੇ ਧੱਕੇ ਕਰਦਾ ਹੈਂ, ਕਿੰਨਾ ਪਰਜਾ ਤੋਂ ਅਨਾਜ ਖੋਂਹਦਾ ਹੈਂ ਤੇ ਫੇਰ ਬੜਾ ਦਾਨੀ ਬਣ ਜਾਂਦਾ ਹੈਂ। ਯਾਦ ਰੱਖ ਜਿਹੜੇ ਆਹ ਕਰਮ ਤੂੰ ਕੀਤੇ ਨੇ, ਇਹ ਕੀਤੇ ਹੋਏ ਕਰਮ ਲਿਖੇ ਗਏ, ਇਹ ਅੱਟਲ ਹੋ ਗਏ। ਫੇਰ ਧਰਮਰਾਜ ਦੀ ਦਰਗਾਹ 'ਚ ਜਾ ਕੇ ਤੈਨੂੰ ਇਹ ਭੋਗਣੇ ਪੈਣੇ ਨੇ, ਸਜਾਵਾਂ ਮਿਲਣੀਆਂ ਨੇ ਇਹਦੀਆਂ। ਇਹ ਨਹੀਂ ਹੈ ਕਿ ਤੂੰ ਕਰ ਗਿਆ ਤੇ ਤੈਨੂੰ ਕੋਈ ਰੋਕਣ ਵਾਲਾ ਨਹੀਂ। ਐਥੇ ਤਾਂ ਤੂੰ ਕਰ ਗਿਆ ਤੇ ਸੰਸਾਰ 'ਚ ਸਦਾ ਤੂੰ ਰਹਿਣਾ ਨਹੀਂ। ਇਥੋਂ ਚਲੇ ਜਾਣਾ ਹੈ ਤੇ ਜਦੋਂ ਦਰਗਾਹ 'ਚ ਜਾਵੇਂਗਾ ਪਿਆਰਿਆ! ਉਥੇ ਫੇਰ ਔਖਾ ਹੋ ਜਾਏਂਗਾ ਤੇ ਮਹਾਂਪੁਰਸ਼ਾਂ ਦਾ ਕਹਿਣਾ ਮੰਨ।

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥*
*ਅੰਗ - ੧੩੭੮*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧ ॥ਰਹਾਉ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥*
*ਕਹਤੁ ਕਬੀਰੁ ਕੋਈ ਨਹੀ ਤੇਰਾ ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥ ਅੰਗ - ੬੫੬*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ - ੩੧੫*
*ਕਬੀਰ ਲੇਖਾ ਦੇਣਾ ਸੁਹੇਲਾ*
*ਜਉ ਦਿਲ ਸੂਚੀ ਹੋਇ ॥*
*ਉਸੁ ਸਾਚੇ ਦੀਬਾਨ ਮਹਿ*
*ਪਲਾ ਨ ਪਕਰੈ ਕੋਇ ॥ ਅੰਗ - ੧੩੭੫*

ਕਹਿਣ ਲੱਗੇ, ਮਲਕ! ਆਹ ਖੂਨ ਤੂੰ ਸਾਧੂਆਂ ਨੂੰ ਖਿਲਾਉਂਦਾ ਹੈਂ। ਭਜਨ ਰਹਿ ਜਾਏਗਾ ਇਨ੍ਹਾਂ ਦਾ? ਪੁੰਨ ਦਾਨ ਬਚ ਜਾਣਗੇ ਇਨ੍ਹਾਂ ਦੇ ਕੀਤੇ ਹੋਏ? ਜਿਥੇ ਤੂੰ ਨਰਕਾਂ ਨੂੰ ਜਾਏਂਗਾ, ਜਿਨ੍ਹਾਂ ਨੂੰ ਦਾਨ ਦਿੰਦਾ ਹੈਂ, ਇਹ ਵੀ ਨਰਕਾਂ ਨੂੰ ਜਾਣਗੇ। ਕਹਿਣ ਲੱਗੇ, ਰਾਇ ਸਾਹਿਬ! ਸਮਝਾ ਦਿਤਾ। ਚਰਨੀਂ ਢਹਿ ਪਿਆ ਜੋ ਉਥੇ ਦਾ ਨਵਾਬ ਸੀ ਜ਼ਾਲਮ ਖਾਂ, ਉਹਨੂੰ ਵੀ ਗੁਰੂ ਨਾਨਕ ਨੇ ਸੁਮੱਤ ਦਿਤੀ। ਐਨੇ ਬਚਨ ਸੁਣਦਾ-ਸੁਣਦਾ, ਰਾਇ ਬੁਲਾਰ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬਹੁਤ ਮਨ ਦੇ ਅੰਦਰ ਸ਼ਰਧਾ ਤੇ ਪਿਆਰ ਜਾਗਿਆ ਹੋਇਆ ਹੈ। ਓਸ ਵੇਲੇ ਮਰਦਾਨਾ ਜੀ ਕਹਿਣ ਲੱਗੇ, ਰਾਇ ਜੀ! ਗੁਰੂ ਨਾਨਕ ਨੂੰ ਬੰਦਾ ਨਾ ਕਹੋ, ਬੜੀ ਭਾਰੀ ਭੁੱਲ ਹੈ, ਜਿਹੜੇ ਉਸਨੂੰ ਇਕ ਮਨੁੱਖ ਜਾਣਦੇ ਨੇ। ਗੁਰੂ ਨਾਨਕ ਤਾਂ ਸਾਖਸ਼ਾਤ ਅੱਲਾਹ ਦਾ ਰੂਪ ਹੈ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਕਹਿਣ ਲੱਗਿਆ, ਰਾਇ ਜੀ! ਗੁਰੂ ਨਾਨਕ ਦੀ ਮਹਿਮਾ ਕੀਹਦੇ ਬਰਾਬਰ ਕਰਾਂ।

***ਕਹਿ ਮਰਦਾਨਾ 'ਸੁਨਿਯੇ ਰਾਇ!***
***ਨਾਨਕ ਧਾਰਯੋ ਰੂਪ ਖੁਦਾਇ।***
***ਕਿਹ ਕੀ ਉਪਮਾ ਦੇਵੋਂ ਤਾਂਹੀ।***
***ਤਿਨ ਕੀ ਸਮ ਕੋ ਦੀਸਤਿ ਨਾਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467***

ਸੰਸਾਰ ਦੇ ਉਤੇ ਤਾਂ ਕੋਈ ਨਜ਼ਰ ਨਹੀਂ ਆਉਂਦਾ ਜੀਹਦੇ ਵਰਗਾ ਮੈਂ ਗੁਰੂ ਨਾਨਕ ਨੂੰ ਕਹਿ ਸਕਾਂ। ਹਾਂ ਖੁਦਾ ਵਰਗਾ ਹੀ ਹੈ ਖੁਦਾ ਦਾ ਰੂਪ। ਐਨੇ ਬਚਨ ਜਦੋਂ ਖਬਰ ਸਾਰ ਸੁਣੀ, ਮਨ ਵਿਚ ਬੜਾ ਗੱਚ ਉਠਿਆ ਉਸਦੇ, ਅੱਖਾਂ ਦੇ ਵਿਚੋਂ ਜਲ ਜਾਂਦਾ ਹੈ ਰਾਇ ਬੁਲਾਰ ਦੇ। ਆਪਣੀ ਅਵਸਥਾ ਨੂੰ ਦੇਖਦਾ ਹੈ, ਗਲਾ ਰੁਕ ਗਿਆ, ਓਸ ਵੇਲੇ ਕਹਿਣ ਲੱਗਿਆ, ਭਾਈ ਮਰਦਾਨਾ! ਮੇਰੇ ਮਨ ਵਿਚ ਗੁਰੂ ਨਾਨਕ ਦੇ ਦਰਸ਼ਨਾਂ ਦੀ ਲੋਚਾ ਲੱਗੀ ਪਈ ਹੈ। ਪਰ ਪਿਆਰਿਆ! ਮੌਜ ਦੇ ਮਾਲਕ, ਪਤਾ ਨਹੀਂ ਕਦੋਂ ਮੋੜਾ ਪਾਉਣ, ਮੈਨੂੰ ਦਰਸ਼ਨ ਹੋ ਜਾਣ ਜਾਂ ਨਾ ਹੋ ਜਾਣ। ਮੈਂ ਤਾਂ ਦਿਨ ਰਾਤ ਲੋਚਦਾ ਹਾਂ, ਜਦ ਮੈਂ ਆਪਣਾ ਸਰੀਰ ਦੇਖਦਾ ਹਾਂ, ਮੈਂ ਹੈਰਾਨ ਹੋ ਜਾਂਦਾ ਹਾਂ ਇਹਨੂੰ ਦੇਖ ਕੇ।

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*
*ਅੰਗ - ੨੩*

ਭਾਈ ਮਰਦਾਨਾ! ਸਰੀਰ ਤਾਂ ਪੈਦਾ ਹੁੰਦਾ ਹੈ, ਫੇਰ

ਜੁਆਨ ਹੁੰਦਾ ਹੈ, ਫੇਰ ਉਸ ਤੋਂ ਬਾਅਦ ਬੁਢਾਪਾ ਆਉਂਦਾ ਹੈ ਫੇਰ ਉਸ ਤੋਂ ਬਾਅਦ ਜਾਣਾ ਹੀ ਜਾਣਾ ਹੋਇਆ ਕਰਦਾ ਹੈ।

ਇਹ ਚੀਜ਼ਾਂ, ਨਾ ਧਨ ਸਦਾ ਰਹਿੰਦਾ ਹੈ, ਨਾ ਜੋਬਨ ਰਹਿੰਦਾ ਹੈ, ਨਾ ਫੁੱਲਾਂ ਦੀ ਵਾੜੀ ਰਹਿੰਦੀ ਹੈ।

*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ਅੰਗ - ੨੩*

ਜਿੰਨਾ ਚਿਰ ਤੱਕ ਜੋਬਨ ਹੈ, ਤਕੜਾ ਹੈਂ, ਓਨੀਂ ਦੇਰ ਤੱਕ ਨਾਮ ਦਾ ਰੰਗ ਮਾਣ ਲੈ।

ਰਾਇ ਬੁਲਾਰ ਕਹਿਣ ਲੱਗੇ ਕਿ ਮਰਦਾਨਾ ਜੀ! ਦੇਖੋ ਮੇਰੀ ਉਮਰ ਵਲ, ਸਰੀਰ ਸਾਥ ਨਹੀਂ ਦੇ ਰਿਹਾ। ਵਡੇਰੀ ਉਮਰ ਹੋ ਗਈ ਤੇ ਮੇਰੇ ਹਿਰਦੇ ਦੇ ਅੰਦਰ ਗੁਰੂ ਨਾਨਕ ਦਾ ਪਿਆਰ ਹੈ, ਕਿਸ ਤਰ੍ਹਾਂ ਮੈਂ ਦੱਸਾਂ, ਜਿਵੇਂ ਚੰਦ ਚਕੋਰ ਦਾ ਪਿਆਰ ਹੁੰਦਾ ਹੈ, ਐਉਂ ਮੇਰਾ ਮਨ ਲੋਚਦਾ ਹੈ ਕਿ ਮੈਂ ਉਸਦੇ ਹਰ ਵਕਤ ਦਰਸ਼ਨ ਕਰਾਂ। ਹਰ ਵਕਤ ਮੇਰੇ ਮਨ ਵਿਚ ਇਹ ਭਾਵਨਾ ਬਣੀ ਰਹਿੰਦੀ ਹੈ।

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥***
***ਭਾਈ ਗੁਰਦਾਸ ਜੀ, ਵਾਰ 17/4***

ਭਾਈ ਮਰਦਾਨਾ! ਇਨ੍ਹਾਂ ਦੀਆਂ ਪ੍ਰੀਤਾਂ ਮਸ਼ਹੂਰ ਨੇ, ਚੰਦ ਵਲ ਚਕੋਰ ਦੇਖਦਾ ਹੀ ਰਹਿੰਦਾ ਹੈ, ਚੰਦ ਨੂੰ ਚਾਹੇ ਪਤਾ ਹੈ ਚਾਹੇ ਨਹੀਂ ਪਤਾ, ਲੇਕਿਨ ਚਕੋਰ ਜਿਹੜਾ ਹੈ ਉਹ ਪਿਆਰ ਵਿਚ ਮਸਤ ਹੈ। ਚਕਵੀ ਦਾ ਸੂਰਜ ਨਾਲ ਪਿਆਰ ਹੈ, ਉਹਦੇ ਵਲ ਮੂੰਹ ਕਰਕੇ ਖੜ੍ਹੀ ਰਹਿੰਦੀ ਹੈ। ਜਿਸ ਵਕਤ ਸੂਰਜ ਛਿਪ ਜਾਂਦਾ ਹੈ ਜੋੜੀ ਉਸੇ ਵੇਲੇ ਅੱਡ ਹੋ ਜਾਇਆ ਕਰਦੀ ਹੈ। ਸੋ ਇਸੇ ਤਰ੍ਹਾਂ ਕਮਲ ਦਾ ਜਲ ਨਾਲ ਪਿਆਰ ਹੈ, ਮੋਰਾਂ ਤੇ ਬਬੀਹਿਆਂ ਨੂੰ ਬੱਦਲ ਕਾਲੇ ਚੰਗੇ ਲਗਦੇ ਨੇ। ਨਾਰ ਦਾ ਭਤਾਰ ਨਾਲ ਤੇ ਮਾਂ ਪੁੱਤ ਨੂੰ ਸੰਭਾਲਦੀ ਹੈ। ਐਸੇ ਤਰ੍ਹਾਂ ਮੇਰੇ ਮਨ ਵਿਚ ਪਿਆਰ ਹੈ। ਪਰ ਮੇਰਾ ਗੁਰੂ ਨਾਨਕ ਘਟ-ਘਟ ਦੇ ਜਾਨਣਹਾਰ ਹੈ। ਇਹ ਪਿਆਰ ਐਨਾ ਜ਼ਬਰਦਸਤ ਹੈ ਕਿ ਇਹ ਘਟਦਾ ਨਹੀਂ ਹੈ ਕਿਸੇ ਤਰੀਕੇ ਨਾਲ।

***ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,***
***(ਭਾਈ ਗੁਰਦਾਸ ਜੀ, ਕਬਿੱਤ 424)***

ਪਾਣੀ 'ਚ ਰਹਿੰਦੀ ਹੈ ਮੱਛੀ ਪਰ ਸਾਰੀ ਜ਼ਿੰਦਗੀ ਉਹਦਾ ਪਾਣੀ ਨਾਲੋਂ ਕਦੇ ਪਿਆਰ ਨਹੀਂ ਟੁੱਟਦਾ।

***ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥***
***(ਭਾਈ ਗੁਰਦਾਸ ਜੀ, ਕਬਿੱਤ 424)***

ਦੀਵਾ ਜਲਦਾ ਹੈ ਤੇ ਪਤੰਗਾ ਆ ਕੇ ਉਸ ਵਿਚ ਜਲੀ ਜਾਂਦਾ ਹੈ। ਦੂਜਾ ਜਲੀ ਜਾਂਦਾ ਹੈ, ਤੀਜਾ ਜਲੀ ਜਾਂਦਾ ਹੈ, ਪਰ ਪਿਆਰ ਨਹੀਂ ਇਨ੍ਹਾਂ ਦਾ ਟੁੱਟਦਾ।

***ਕੁਸਮ ਸੁਬਾਸ ਜੈਸੋ ਤ੍ਰਿਪਤਿ ਨ ਮਧੁਪ ਕਉ***
***(ਭਾਈ ਗੁਰਦਾਸ ਜੀ, ਕਬਿੱਤ 424)***

ਫੁੱਲਾਂ ਦੇ ਵਿਚ ਭੌਰਾ ਜਿਹੜਾ ਹੈ ਉਹ ਨਿਵਾਸ ਕਰ ਲੈਂਦਾ ਹੈ, ਫੁੱਲ ਬੰਦ ਹੋ ਜਾਂਦਾ ਹੈ ਤੇ ਉਹ ਉਸੇ ਵਿਚੇ ਹੀ ਮਰ ਜਾਂਦਾ ਹੈ।

***ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥***
***(ਭਾਈ ਗੁਰਦਾਸ ਜੀ, ਕਬਿੱਤ 424)***

ਜਾਨਵਰ ਜਿਹੜੇ ਉਡਦੇ ਨੇ ਅਕਾਸ਼ ਵਿਚ, ਉਨ੍ਹਾਂ ਦੀ ਚਾਹ ਘਟਦੀ ਨਹੀਂ ਹੈ -

***ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,***
***(ਭਾਈ ਗੁਰਦਾਸ ਜੀ, ਕਬਿੱਤ 424)***

ਜਦੋਂ ਘਨਘੋਰ ਘਟਾ ਆਉਂਦੀਆਂ ਨੇ, ਮੋਰਾਂ ਦੇ ਚਿੱਤਾਂ 'ਚ ਖੁਸ਼ੀ ਹੁੰਦੀ ਹੈ, ਚਾਤ੍ਰਿਕ ਦੇ ਚਿੱਤ 'ਚ ਖੁਸ਼ੀ ਹੁੰਦੀ ਹੈ-

***ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥***
***ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,***
***ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥***
***(ਭਾਈ ਗੁਰਦਾਸ ਜੀ, ਕਬਿੱਤ 424)***

ਘੰਡੇਹੇੜੇ ਦਾ ਸ਼ਬਦ ਸੁਣਦਾ ਹੈ, ਹਰਨ ਲਿਟਣ ਲਗ ਜਾਂਦਾ ਹੈ, ਸ਼ਿਕਾਰੀ ਆ ਕੇ ਫੜ ਲੈਂਦਾ ਹੈ ਲੇਕਿਨ ਉਹਦੀ ਰੁਚੀ ਨਹੀਂ ਭੋਰਾ ਜਿੰਨੀ ਵੀ ਘਟਦੀ। ਅਫੁਰ ਅਵਸਥਾ ਹੁੰਦੀ ਹੈ, ਉਹਨੂੰ ਕੋਈ ਪਤਾ ਨਹੀਂ ਕਿ ਮੈਨੂੰ ਸ਼ਿਕਾਰੀ ਆ ਕੇ ਫੜ ਲਏਗਾ। ਐਸੇ ਤਰ੍ਹਾਂ ਜਿਹੜੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ ਸਾਧੂ ਲੋਕ, ਉਨ੍ਹਾਂ ਦੇ ਮਨ ਵਿਚ ਹਰ ਵਕਤ ਪਿਆਰ ਬਣਿਆ ਰਹਿੰਦਾ ਹੈ।

ਸੋ ਮੈਂ ਕੀ ਦੇਵਾਂ ਭਾਈ ਮਰਦਾਨਾ, ਮੇਰੇ ਸਤਿਗੁਰੂ ਦੇ ਤੁਸੀਂ ਦੋਵਾਂ ਜਣਿਆਂ ਨੇ ਬਚਨ ਸੁਣਾਏ ਨੇ ਤੇ ਉਨ੍ਹਾਂ ਦੇ ਹੀ ਹੁਕਮ ਦੇ ਮੁਤਾਬਿਕ ਕੀਮਤ ਵੱਡੀ ਤੋਂ ਵੱਡੀ ਦਿਤੀ ਜਾ ਸਕਦੀ ਹੈ।

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ ॥ ਅੰਗ - ੫੫੮*

ਭਾਈ ਮਰਦਾਨਾ! ਕੀ ਅਰਪਾਂ ਮੈਂ ਤੁਹਾਨੂੰ, ਮੇਰੇ ਸਾਹਿਬ ਦੇ ਤੁਸੀਂ ਐਨੀਆਂ ਗੱਲਾਂ ਸੁਣਾਈਆਂ ਨੇ, ਐਨੇ ਬਚਨ ਸੁਣਾਏ ਨੇ, ਮੇਰੇ ਕੋਲ ਦੇਣ ਨੂੰ ਨਹੀਂ ਕੁੱਛ। ਕੋਈ ਕੀਮਤ ਨਹੀਂ ਹੈ ਜੋ ਮੈਂ ਦੇ ਸਕਾਂ। ਤੁਸੀਂ ਮੇਰੇ ਗੁਰੂ ਨਾਨਕ ਨੂੰ ਕਿਸੇ

ਤਰ੍ਹਾਂ ਨਾਲ ਮਿਲਾ ਸਕਦੇ ਓਂ। ਵੱਡੀ ਤੋਂ ਵੱਡੀ ਕੀਮਤ ਦੇਣ ਵਾਸਤੇ ਤਿਆਰ ਹਾਂ।

*ਹਉ ਮਨੁ ਅਰਪੀ ਸਭੁ ਤਨੁ ਅਰਪੀ*
*ਅਰਪੀ ਸਭਿ ਦੇਸਾ ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ*
*ਜੋ ਪ੍ਰਭ ਦੇਇ ਸਦੇਸਾ ॥* **ਅੰਗ - ੨੪੭**

ਭਾਈ ਮਰਦਾਨਾ ਜੀ! ਤੁਸੀਂ ਧੰਨ ਹੋ ਮੇਰੇ ਮੁਰਸ਼ਦ ਦੇ ਨਾਲ ਜਾਂਦੇ ਓਂ। ਮੇਰਾ ਸਰੀਰ ਵਡੇਰਾ ਹੋ ਗਿਆ, ਮੇਰੇ 'ਚ ਤਾਕਤ ਨਹੀਂ ਰਹੀ ਤੁਰਨ ਦੀ। ਦੂਸਰਾ ਮੇਰੇ ਸਿਰ ਜਿਹੜੀ ਜ਼ਿੰਮੇਵਾਰੀ ਪੈ ਗਈ ਰਾਜ ਦੀ, ਇਹ ਮੈਨੂੰ ਛੱਡ ਕੇ ਜਾਣਾ ਬੜਾ ਔਖਾ ਹੈ ਤੇ ਮੈਂ ਕੀ ਅਰਪਾਂ, ਤੁਸੀਂ ਮੈਨੂੰ ਸੰਦੇਸਾ ਦੇ ਰਹੇ ਓਂ, ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦਾ। ਮੇਰਾ ਮੇਲ ਕਰਾ ਦਿਓ ਉਨ੍ਹਾਂ ਨਾਲ। ਮੈਂ ਹਜ਼ਾਰ ਵਾਰੀ ਜਾਂਦਾ ਜੇ ਸਰੀਰ ਵਿਚ ਸ਼ਕਤੀ ਹੁੰਦੀ। ਪੈਰਾਂ ਭਾਰ ਨਾ ਮੈਂ ਤੁਰਦਾ, ਮੈਂ ਸਿਰ ਭਾਰ ਤੁਰ ਕੇ ਜਾਣਾ ਸੀ।

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥*
*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥*
**ਅੰਗ - ੧੩੮੪**

ਭਾਈ ਮਰਦਾਨਾ! ਜੇ ਮੇਰੇ ਵਿਚ ਬਲ ਹੁੰਦਾ ਤਾਂ ਮੈਂ ਸਿਰ ਦੇ ਭਾਰ ਚੱਲ ਕੇ ਆਉਂਦਾ।

ਮੇਰਾ ਸੰਦੇਸ਼ਾ ਦੇ ਦੇਈਂ ਗੁਰੂ ਨਾਨਕ ਪਾਤਸ਼ਾਹ ਨੂੰ। ਜੇ ਮੇਰੇ ਸਰੀਰ 'ਚ ਬਲ ਹੁੰਦਾ ਤਾਂ ਮੈਂ ਪੈਰਾਂ ਨਾਲ ਤੁਰ ਕੇ ਨਹੀਂ ਸੀ ਆਉਣਾ, ਸਿਰ ਦੇ ਭਾਰ ਚੱਲ ਕੇ ਆਉਣਾ ਸੀ। ਐਸੀ ਵੀ ਗੱਲ ਹੁੰਦੀ ਹੈ।

ਯੂ.ਪੀ. 'ਚ ਅਸੀਂ ਦੇਖਿਆ, ਨਾਨਕ ਮਤੇ ਨੂੰ ਜਾਇਆ ਕਰਦੇ ਨੇ। ਥਾਰੂ ਕੌਮ ਹੈ ਜਿਹੜੇ ਗੁਰੂ ਨਾਨਕ ਵੇਲੇ ਤੋਂ ਗੁਰੂ ਦੀ ਸਿੱਖੀ ਵਿਚ ਆਏ ਹੋਏ, ਆਪਣੇ ਰਹੁਰੀਤ, ਰਿਵਾਜਾਂ ਦੇ ਮੁਤਾਬਿਕ ਰਹਿੰਦੇ ਸੀ ਤੇ ਗੁਰੂ ਨਾਨਕ ਪਾਤਸ਼ਾਹ ਨਾਲ ਉਨ੍ਹਾਂ ਦੀ ਸਿੱਧੀ ਗੱਲ ਹੈ, ਸਾਡੇ ਵਾਲੀ ਨਹੀਂ ਹੈ, ਅਸੀਂ ਅਰਦਾਸ ਕਰਦੇ ਹਾਂ, ਅਰਦਾਸ ਦਾ ਉਨ੍ਹਾਂ ਨੂੰ ਪਤਾ ਹੀ ਨਹੀਂ। ਉਹ ਸਿੱਧਾ ਹੀ ਕਹਿੰਦੇ ਨੇ, ਬਾਬਾ ਜੀ! ਮੈਨੂੰ ਆਹ ਤਕਲੀਫ ਹੈ ਮੇਰੀ ਇਹ ਦੂਰ ਕਰ ਦਿਓ, ਬਾਬਾ ਜੀ ਉਦੋਂ ਹੀ ਸੁਣ ਲੈਂਦੇ ਨੇ। ਹੈਰਾਨੀ ਦੀ ਗੱਲ ਹੈ।

ਸਾਡੇ ਇਕ ਨੌਕਰ ਸੀ। ਰਾਮ ਸਰੂਪ ਸੀ ਉਹਦਾ ਨਾਉਂ। 40-45 ਸਾਲ ਦਾ ਹੋ ਗਿਆ ਸੀ, ਘਰਵਾਲੀ ਸੀ ਓਹਦੀ 42-43 ਸਾਲ ਦੀ। ਐਉਂ ਵੀ ਨਹੀਂ ਸੀ ਕਿ ਬੜਾ ਸ਼ੁੱਧ ਜੀਵਨ ਹੈ, ਪੀ ਲੈਂਦੀ ਸੀ ਸ਼ਰਾਬ, ਅਸੀਂ ਕਹਿਣਾ ਕਿ ਤੂੰ ਇਹ ਕੀ ਕਰਦੀ ਹੈਂ, ਸਿਗਰਟਾਂ ਪੀਂਦੀ ਸੀ। ਸੰਗਤ ਜਾਂਦੀ ਸੀ ਨਾਨਕ ਮਤੇ ਨੂੰ, ਨੌਕਰਾਂ ਨੂੰ ਮੈਂ ਕਿਹਾ ਕਿ ਤੁਸੀਂ ਜਾਓ ਦਰਸ਼ਨ ਕਰ ਆਓ। ਕਿਉਂਕਿ ਉਹ ਮੰਨਦੇ ਗੁਰੂ ਨਾਨਕ ਨੂੰ ਨੇ, ਸਾਨੂੰ ਨਹੀਂ ਪਤਾ, ਅਸੀਂ ਉਨ੍ਹਾਂ ਨੂੰ ਸੰਭਾਲ ਨਹੀਂ ਸਕੇ। ਟਰਾਲੀ ਦੇ ਦਿਤੀ, ਟਰੈਕਟਰ ਦੇ ਦਿਤਾ, ਉਹ ਕਹਿਣ ਲੱਗੀ ਮੈਨੂੰ ਕਿ ਬਾਬੂ ਜੀ! ਮੈਨੂੰ ਗੁਰੂ ਨਾਨਕ ਸਾਹਿਬ ਤੋਂ ਇਕ ਪੁੱਤਰ ਮਿਲ ਜਾਇਗਾ। ਕਹਿੰਦੀ, ਕਿਵੇਂ ਕਰਾਂ? ਮੈਂ ਕਿਹਾ, ਤੂੰ ਮੰਗੀ ਜਾਈਂ ਉਥੇ ਖੜ੍ਹ ਕੇ, ਨਹਾ ਕੇ ਆਈਂ ਪਹਿਲਾਂ, ਫੇਰ ਉਥੇ ਪੰਜਾ ਸਾਹਿਬ ਦੇ ਸਾਮ੍ਹਣੇ ਹੁੰਦੇ ਪਿੱਪਲ ਥੱਲੇ, ਉਥੇ ਕਹਿ ਦੇਈਂ ਮਹਾਰਾਜ ਨੂੰ। ਉਹ ਸਹਿਜ-ਸੁਭਾਅ ਗੱਲ ਹੋ ਗਈ। ਉਹਨੇ ਮੰਨ ਲਈ 100%। ਉਥੇ ਚਲੀ ਗਈ, ਜਾ ਕੇ ਇਸ਼ਨਾਨ ਕਰਕੇ ਆ ਕੇ ਜਿੱਥੇ ਮਹਾਰਾਜ ਪ੍ਰਕਾਸ਼ ਸੀ, ਉਥੇ ਕੋਈ ਪ੍ਰੇਮੀ ਸੀਗਾ ਬਾਹਰ ਲਾਇਆ ਹੋਇਆ ਪਹਿਰੇ ਤੇ, ਤੇ ਉਹ ਮੱਥਾ ਟੇਕ ਕੇ ਖੜ੍ਹ ਗਈ, ਇਕੋ ਹੀ ਗੱਲ ਕਹੀ ਜਾਏ ਕਿ ਬਾਬਾ ਜੀ! ਮੈਂ ਪੁੱਤਰ ਲੇਣੇ ਆਈ ਹੂੰ। ਜਿਹੜਾ ਉਥੇ ਗ੍ਰੰਥੀ ਬੈਠਾ ਸੀ ਉਹਦਾ ਸਹਿਜ ਸੁਭਾਅ ਸਿਰ ਹੇਠਾਂ ਨੂੰ ਹਿੱਲ ਗਿਆ। ਖੁਸ਼ ਹੋ ਗਈ ਕਿ ਹਾਂ ਕਹਿ ਦਿਤੀ ਬਾਬਾ ਜੀ ਨੇ। ਉਹਨੂੰ ਨਹੀਂ ਪਤਾ ਕਿ ਗੁਰੂ ਗ੍ਰੰਥ ਸਾਹਿਬ ਤੋਂ ਮੰਗੀਦਾ ਹੈ ਕਿ ਉਸ ਤੋਂ ਮੰਗੀਦਾ ਹੈ। ਸ਼ਰਧਾ ਦੀ ਗੱਲ ਹੈ ਭਰੋਸੇ ਦੀ। ਭਰੋਸੇ ਵਾਲਿਆਂ ਦੇ ਬੇੜੇ ਪਾਰ ਹੋਇਆ ਕਰਦੇ ਨੇ, ਚਤੁਰ ਜਿਹੜਾ ਹੈ ਉਹ ਡੁੱਬ ਜਾਇਆ ਕਰਦਾ ਹੈ। ਰੱਬ ਭੋਲਿਆਂ ਨੂੰ ਮਿਲਦਾ ਹੈ, ਭਰੋਸੇ ਵਾਲਿਆਂ ਨੂੰ ਮਿਲਿਆ ਕਰਦਾ ਹੈ। ਹੈਰਾਨ ਹੋ ਗਿਆ ਦੱਸ ਮਹੀਨੇ ਤੋਂ ਬਾਅਦ ਮਹਾਰਾਜ ਜੀ ਨੇ ਉਹਨੂੰ ਪੁੱਤਰ ਦੀ ਦਾਤ ਬਖਸ਼ ਦਿਤੀ। 45ਵਾਂ ਸਾਲ ਸੀ ਓਸਨੂੰ, ਓਹ ਲੋਕ ਜਿਸ ਵਕਤ ਉਥੇ ਜਾਂਦੇ ਨੇ ਤਾਂ ਕਹਿੰਦੇ ਨੇ ਬਾਬਾ ਜੀ! ਮੈਂ ਡੰਡਉਤਾਂ ਕਰਦਾ ਆਵਾਂਗੇ ਤੇਰੇ ਦਰ ਤੇ। ਜਿਸ ਥਾਂ ਤੋਂ ਕਲਸ ਦਿਸਣ ਲਗ ਜਾਂਦਾ ਹੈ। ਹੁਣ ਤਾਂ ਉੱਚਾ ਕਰ ਦਿਤਾ ਗੁਰਦੁਆਰਾ। ਚਾਰ ਪੰਜ ਮੀਲ ਤੋਂ ਦਿਸਦਾ ਹੈ। ਉਥੋਂ ਹੀ ਕੱਪੜੇ ਆਪਣੇ ਘਰਵਾਲੀ ਜਾਂ ਨਾਲ ਦਿਆਂ ਨੂੰ ਫੜਾ ਕੇ ਲੰਮੇ ਪੈਂਦੇ ਨੇ, ਲਕੀਰ ਕੱਢ ਲੈਂਦੇ ਨੇ, ਉਥੇ ਫੇਰ ਪੈਰ ਲਾ ਕੇ ਲੰਮੇ ਪੈਂਦੇ ਨੇ, ਫੇਰ ਲਕੀਰ ਕੱਢ ਲੈਂਦੇ ਨੇ। ਛਾਤੀਆਂ 'ਚੋਂ ਖੂਨ ਨਿਕਲ ਜਾਂਦਾ ਹੈ, ਇਕੋ ਹੀ ਗੱਲ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ। ਗੁਰੂ ਨਾਨਕ ਦੇਵ ਕੀ ਜੈ। ਚਾਰ-ਚਾਰ ਮੀਲ ਪੈ ਕੇ ਆਉਂਦੇ ਨੇ।

ਬਹੁਤ ਸ਼ਰਧਾ ਹੋਵੇ ਤਾਂ ਐਸੇ ਬਚਨ ਆਇਆ ਕਰਦੇ ਨੇ ਕਿ ਮੈਂ ਸਿਰ ਦੇ ਭਾਰ ਚੱਲ ਕੇ ਆਵਾਂ। ਕਹਿਣ ਲੱਗੇ, ਭਾਈ ਮਰਦਾਨਾ! ਨਾ ਤਾਂ ਮੈਂ ਗੁਰੂ ਨਾਨਕ ਦੀ ਕੋਈ ਸੇਵਾ ਕਰੀ ਹੈ। ਅੰਦਰੋਂ ਤਾਂ ਮੈਂ ਓਸ ਵੇਲੇ ਪਛਾਣ ਲਿਆ ਸੀ, ਜਦੋਂ ਸੱਪ ਨੇ ਛਾਂ ਕਰੀ ਸੀ, ਫੇਰ ਮੇਰਾ ਨਿਹਚਾ ਵਧ ਗਿਆ ਜਿਸ ਵਕਤ ਬਿਰਛ ਦਾ ਸਾਇਆ ਇਨ੍ਹਾਂ ਉਤੇ ਪਿਆ, ਬਾਕੀ ਸਭ ਦੇ ਢਲ ਗਏ ਸੀ ਤੇ ਇਨ੍ਹਾਂ ਦਾ ਨਹੀਂ ਸੀ ਢਲਿਆ। ਤੀਸਰੀ ਵਾਰੀ ਜਦੋਂ ਮੈਂ ਦੇਖਿਆ ਕਿ ਮੱਝਾਂ ਖੇਤ ਸੱਚਮੁੱਚ ਚਰ ਗਈਆਂ, ਪਰ ਜਦੋਂ ਮੈਂ ਬੰਦਾ ਭੇਜਿਆ, ਉਹ ਕਹਿੰਦੇ ਜੀ ਖੇਤ ਤਾਂ ਪਹਿਲਾਂ ਨਾਲੋਂ ਵੀ ਲਹਿ-ਲਹਾਉਂਦੇ ਨੇ। ਸਾਰਿਆਂ ਨਾਲੋਂ ਚੰਗਾ ਖੇਤ ਹੈ ਜਿਹਨੂੰ ਇਹ ਕਹਿੰਦਾ ਹੈ ਕਿ ਗੁਰੂ ਨਾਨਕ ਦੀਆਂ ਮੱਝੀਆਂ ਚਰ ਗਈਆਂ। ਬੱਸ ਉਸ ਵੇਲੇ ਮੈਂ ਦੇਖ ਲਿਆ ਕਿ ਇਹ ਤਾਂ ਅੱਲਾਹ ਤਾਲਾ ਦੀ ਜਾਤ ਛੁਪੀ

ਪਈ ਹੈ, ਪਤਾ ਨਹੀਂ ਲਗਦਾ, ਮਹਿਤਾ ਜੀ ਨੂੰ ਤਾਂ ਬਿਲਕੁਲ ਹੀ ਪਤਾ ਨਹੀਂ ਲਗਦਾ। ਸੋ ਮੈਂ ਹੀ ਉਨ੍ਹਾਂ ਨੂੰ ਦੂਰ ਭੇਜ ਦਿਤਾ, ਐਥੇ ਹੁੰਦੇ ਸੀ ਮੈਂ ਦਰਸ਼ਨ ਕਰਦਾ ਸੀ, ਆਨੇ-ਬਹਾਨੇ ਮੈਂ ਲੰਘ ਜਾਣਾ, ਜਿਥੇ ਗੁਰੂ ਨਾਨਕ ਜੰਗਲ ਦੇ ਵਿਚ ਸਮਾਧੀ ਸਥਿਤ ਬੈਠਾ ਹੁੰਦਾ। ਹੁਣ ਮੇਰਾ ਤਨ ਕਿਸੇ ਕੰਮ ਦਾ ਨਹੀਂ ਰਿਹਾ, ਮੇਰੇ ਮਨ ਵਿਚ ਹਰ ਵਕਤ ਲਗਨ ਲੱਗੀ ਰਹਿੰਦੀ ਹੈ ਤੇ ਉਹਦੇ ਕਰਕੇ ਮੇਰੇ ਤਨ ਵਿਚ ਆਸ ਸੀ, ਮੈਂ ਤਾਂ ਬਿਲਕੁਲ ਖਾਲੀ ਹਾਂ।

ਜੇ ਨਦੀ ਹੈ, ਉਸ ਵਿਚ ਜੇ ਪਾਨੀ ਨਹੀਂ, ਉਸਦਾ ਕੀ ਫਾਇਦਾ, ਬਾਲੂ ਰੇਤ ਦਾ।

***ਜਿਉਂ ਸਰਿਤਾ ਨਿਸ਼ਫਲ ਬਿਨਬਾਰੀ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਚੰਦਰਮਾ ਤੋਂ ਬਗੈਰ ਜਿਹੜੀ ਕਾਲੀ ਰਾਤ ਹੈ ਉਹ ਕਿਸੇ ਕੰਮ ਦੀ ਨਹੀਂ।

***ਹੀਨਮਯੰਕ ਸਰਬਰੀ ਕਾਰੀ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਜਿਵੇਂ ਪਤੀ ਤੋਂ ਬਗੈਰ ਅਨਾਥ ਇਸਤ੍ਰੀ ਹੋਇਆ ਕਰਦੀ ਹੈ, ਉਹਦਾ ਜੀਵਨ ਕੁਛ ਨਹੀਂ ਹੁੰਦਾ।

***ਜਿਉਂ ਅਨਾਥ ਬਿਨ ਭਰਤਾ ਨਾਰੀ।***
***ਤਿਉਂ ਤੁਮ ਮਯ ਬਿਨ ਦੇਹ ਹਮਾਰੀ।***
***(ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469)***

ਐਸੇ ਤਰ੍ਹਾਂ ਦੇ ਨਾਲ ਮੇਰੀ ਜਿਹੜੀ ਦੇਹ ਹੈ, ਇਹ ਕਿਸੇ ਕੰਮ ਦੀ ਨਹੀਂ ਹੈ। ਭਾਈ ਮਰਦਾਨਾ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੋਈ ਤਰੀਕਾ ਕਰੋ, ਜਿਹਦੇ ਕਰਕੇ ਮੈਨੂੰ ਆ ਕੇ ਦਰਸ਼ਨ ਦੇਣ।

ਕਹਿਣ ਲੱਗਿਆ, ਮਹਾਰਾਜ! ਭਾਈ ਬਾਲਾ ਜੀ ਵੀ ਜੇ ਮੇਰੇ ਨਾਲ ਰਲ ਜਾਣ ਤਾਂ ਅਸੀਂ ਦੋਵੇਂ ਜਣੇ ਜਾ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਆਪ ਤੁਹਾਡੇ ਜਿਹੜੇ ਵਲਵਲੇ ਨੇ, ਉਹਦੇ ਬਾਰੇ ਗਿਆਤ ਕਰਾਈਏ। ਕਹਿੰਦੇ, ਮੈਨੂੰ ਮਿਲਾ ਦੇਵੇ, ਕੋਈ ਮਿਲਾਓ। ਮੇਰਾ ਹਰ ਵਕਤ ਮਨ ਲੋਚਦਾ ਰਹਿੰਦਾ ਹੈ।

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ।।***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥***
***(ਸ਼ਬਦ ਹਜ਼ਾਰੇ)***

ਹਰ ਵਕਤ ਮੇਰੇ ਮਨ ਵਿਚ ਰਹਿੰਦਾ ਹੈ ਕਿ ਮੈਨੂੰ ਦਰਸ਼ਨ ਹੋ ਜਾਣ ਤੇ ਮੈਂ ਲੋਚਦਾ ਹਾਂ, ਕੋਈ ਮਿਲਾ ਦਿਓ, ਤੁਸੀਂ ਮਿਲਾ ਦਿਓ।

*ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ ਅੰਗ - ੭੫੭*

ਭਾਈ ਮਰਦਾਨਾ ਮੇਰਾ ਮਨ ਹਰ ਵਕਤ ਲੋਚਦਾ ਹੈ। ਕੀ ਦੱਸਾਂ? ਨਾ ਮੈਨੂੰ ਰੋਟੀ ਚੰਗੀ ਲਗਦੀ ਹੈ, ਨਾ ਮੈਨੂੰ ਨੀਂਦ ਆਉਂਦੀ ਹੈ, ਹਰ ਵਕਤ ਮੇਰਾ ਮਨ ਗੁਰੂ ਨਾਨਕ ਵਲ ਰਹਿੰਦਾ ਹੈ। ਪਿਆਰਿਆ! ਤੂੰ ਕਰ ਉਪਕਾਰ, ਮੈਂ ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲਾਂਗਾ।

***ਕਰਿ ਮਰਦਾਨੇ! ਕਾਰਜ ਮੇਰਾ।***
***ਹੋਵੋਂ ਰਿਣੀ ਸਦਾ ਮੈਂ ਤੇਰਾ।***
***ਤਵ ਅਸਾਨ ਕਬਿ ਮਨ ਨ ਭੁਲਾਊਂ।***
***ਜੇ ਦਰਸ਼ਨ ਨਾਨਕ ਅਬ ਪਾਊਂ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467***

ਸਰੀਰ ਛੱਡਣ ਤੋਂ ਪਹਿਲਾਂ-ਪਹਿਲਾਂ ਜੇ ਮੈਨੂੰ ਗੁਰੂ ਨਾਨਕ ਦਾ ਦਰਸ਼ਨ ਹੋ ਜਾਵੇ, ਭਾਈ ਮਰਦਾਨਾ ਮੈਂ ਤੇਰਾ ਅਹਿਸਾਨ ਨਹੀਂ ਕਦੇ ਭੁਲਾਵਾਂਗਾ।

***ਕਰਿ ਮੁਝ ਪਰ ਇਹ ਪਰ ਉਪਕਾਰਾ।***
***ਦਰਸਾਵਹੁ ਦਰਸ਼ਨ ਇਕ ਬਾਰਾ।***
***ਜਿਉਂ ਰੰਕਹਿ ਕੋ ਪਾਰਸ ਦੇਈ।***
***ਜਸ ਆਮੀ ਕੋ ਆਮ ਮਿਟੇਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 468***

ਜਿਵੇਂ ਗਰੀਬ ਆਦਮੀ ਨੂੰ ਪਾਰਸ ਮਿਲ ਜਾਂਦਾ ਹੈ, ਐਸ ਤਰ੍ਹਾਂ ਦੇ ਨਾਲ ਮੇਰੀ ਹਾਲਤ ਹੈ। ਮੈਨੂੰ ਜੇ ਗੁਰੂ ਨਾਨਕ ਦਾ ਦਰਸ਼ਨ ਹੋ ਜਾਏ ਓਹਦੀ ਕੀਮਤ ਕੋਈ ਨਹੀਂ ਹੈ ਤੇ ਮੇਰਾ ਹਾਲ ਤਾਂ ਓਸ ਮੱਛੀ ਵਰਗਾ ਹੈ ਜਿਹੜੀ ਪਾਣੀ ਤੋਂ ਵਿਛੜੀ ਹੋਈ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਅੰਗ - ੭੦੮*

ਭਾਈ ਮਰਦਾਨਾ! ਲਗਦਾ ਹੈ ਕਿ ਮੈਂ ਸਾਹ ਲੈ ਰਿਹਾ ਹਾਂ, ਪਰ ਮੈਂ ਗੁਰੂ ਨਾਨਕ ਤੋਂ ਬਗੈਰ ਜੀਵਨ ਤੋਂ ਖਾਲੀ ਹਾਂ। ਕ੍ਰਿਪਾ ਕਰ ਕਿਸੇ ਤਰੀਕੇ ਨਾਲ ਮੈਨੂੰ ਗੁਰੂ ਨਾਨਕ ਮਿਲਾ ਦੇ, ਮੈਂ ਤੇਰਾ ਅਹਿਸਾਨ ਨਹੀਂ ਭੁੱਲਾਂਗਾ।

ਇਹਨੂੰ ਸਾਧਸੰਗਤ ਜੀ! ਬਿਰਹਾ ਕਹਿੰਦੇ ਨੇ, ਜਿਸ

ਹਿਰਦੇ 'ਚ ਬਿਰਹਾ ਨਹੀਂ ਪੈਂਦਾ ਹੁੰਦਾ ਵਾਹਿਗੁਰੂ ਵਾਸਤੇ, ਗੁਰੂ ਵਾਸਤੇ ਮਹਾਰਾਜ ਕਹਿੰਦੇ ਉਹ ਤਾਂ ਫਜ਼ੂਲ ਹੈ ਹਿਰਦਾ।

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ਅੰਗ - ੧੩੭੯*

ਉਹ ਤਾਂ ਮਸਾਣਾਂ ਦੀ ਧਰਤੀ ਹੈ, ਜਿਥੇ ਪਿਆਰ ਨਾ ਹੋਵੇ ਪ੍ਰਭੂ ਦੀ ਖਿੱਚ ਨਾ ਹੋਵੇ। ਖਿੱਚ ਦੀ ਨਿਸ਼ਾਨੀ ਹੈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ***
***ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ***
***ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਸੋ ਜਿਸ ਦੇ ਅੰਦਰ ਬਿਰਹਾ ਨਹੀਂ ਉਪਜਦਾ ਉਹ ਤਾਂ ਮਸਾਣ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*
*ਅੰਗ - ੧੩੬੮*

ਇਹ ਵੈਰਾਗ ਦੀ ਨਿਸ਼ਾਨੀ ਹੁੰਦੀ ਹੈ ਸਾਧਸੰਗਤ ਜੀ! ਜੇ ਵੈਰਾਗ ਨਹੀਂ ਪੈਦਾ ਹੋਇਆ ਤਾਂ ਜੀਵਨ ਦੇ ਵਿਚ ਉਹ ਚੀਜ਼ ਨਹੀਂ ਆਈ ਜਿਹਦੇ ਨਾਲ ਪ੍ਰਮੇਸ਼ਰ ਦਾ ਮਿਲਾਪ ਹੋਣਾ ਹੈ। ਜੇ ਸੀਨੇ ਵਿਚ ਖਿੱਚ ਨਹੀਂ ਹੈ ਤਾਂ ਰੱਬ ਕਿੱਥੋਂ ਆ ਜਾਏਗਾ, ਪ੍ਰਮੇਸ਼ਰ ਤਾਂ ਪਿਆਰ ਦਾ ਬੰਨ੍ਹਿਆ ਹੋਇਆ ਹੈ।

ਸੋ ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦਾ ਹੈ ਕਿ ਭਾਈ ਮਰਦਾਨਾ! ਤੂੰ ਇਕ ਵਾਰੀ ਲੈ ਆ ਗੁਰੂ ਨਾਨਕ ਨੂੰ ਤੇ ਮੈਂ ਵੱਡੀ ਤੋਂ ਵੱਡੀ ਸੇਵਾ ਕਰਾਂਗਾ। ਆਪਣਾ ਆਪ ਨਿਛਾਵਰ ਕਰ ਦੇਵਾਂਗਾ ਤੇ ਇਥੇ ਤੱਕ ਕਿ ਜਿਹੜੀ ਉਹਦੀ ਸੇਜਾ ਵੀ ਜਿਹੜੀ ਹੈ, ਉਹ ਆਪਣੀਆਂ ਅੱਖੀਆਂ ਦੀ ਵਿਛਾਵਾਂਗਾ।

*ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ ॥*
*ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾ ਹੂ ਬਾਹਰੇ ॥*
*ਅੰਗ - ੧੦੯੮*

ਇਕ ਵਾਰੀ ਦੇਖ ਲਵਾਂ, ਮੈਂ ਅੱਖਾਂ ਦੀ ਸੇਜ ਵਿਛਾ ਦੇਵਾਂ। ਸੋ ਐਸੀਆਂ ਹਿਜਰ ਦੀਆਂ ਬਾਤਾਂ, ਵੈਰਾਗ ਦੀਆਂ ਬਾਤਾਂ ਸੁਣ ਕੇ ਮਰਦਾਨੇ ਦੇ ਨੇਤਰਾਂ 'ਚੋਂ ਵੀ ਜਲ ਜਾ ਰਿਹਾ ਹੈ ਕਿ ਐਨੀ ਲਗਨ, ਐਨਾ ਪਿਆਰ, ਫੇਰ ਗੁਰੂ ਮੇਰਾ ਬੇਪਰਵਾਹ। ਕਿਵੇਂ ਦਰਸ਼ਨ ਹੋਣਗੇ ਇਸਨੂੰ। ਕਿਉਂਕਿ ਜੋ ਵੈਰਾਗ ਦੀ ਅਵਸਥਾ ਹੁੰਦੀ ਹੈ ਸਾਧਸੰਗਤ ਜੀ ਇਹ ਸਮਝਣੀ ਬਹੁਤ ਔਖੀ ਹੈ।

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

ਅਣੀਆਂ ਵਾਲੇ ਤੀਰ ਜਿਸਦੇ ਹਿਰਦੇ ਵਿਚ ਖੁੱਭ ਗਏ, ਉਸੇ ਨੂੰ ਪੀੜ ਦਾ ਪਤਾ ਹੈ, ਦੂਸਰੇ ਨੂੰ ਕਹਾਣੀਆਂ ਨੇ ਲੇਕਿਨ ਜਿਹਨੂੰ ਲਗ ਜਾਂਦੀ ਹੈ ਉਹਨੂੰ ਪਤਾ ਹੁੰਦਾ ਹੈ ਕਿ ਬਿਰਹਾ ਕਿੰਨਾ ਔਖਾ ਕਰਦਾ ਹੈ। ਜਦੋਂ ਤੱਕ ਮਿਲਦਾ ਨਹੀਂ ਆਪਣਾ ਪਿਆਰਾ ਓਨੀ ਦੇਰ ਤੱਕ ਸੁਖ ਨਹੀਂ ਹੁੰਦਾ।

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ - ੧੧੦੦*

ਸੋ ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਤੁਹਾਡਾ ਕਦੇ ਵੀ ਅਹਿਸਾਨ ਨਹੀਂ ਭੁੱਲਾਂਗਾ। ਇਕ ਵਾਰੀ ਮੈਨੂੰ ਆਪਣੀ ਜ਼ਿੰਦਗੀ ਦੇ ਅੰਦਰ ਗੁਰੂ ਨਾਨਕ ਦੇ ਦਰਸ਼ਨ ਕਰਾ ਦੇ, ਗਿਣਵੇ ਦਿਨ ਮੇਰੇ ਬਾਕੀ ਰਹਿ ਗਏ ਨੇ ਤੇ ਮੈਨੂੰ ਇਹੀ ਹੈ ਬੜਾ ਭਾਰਾ ਹਰ ਵਕਤ ਰਹਿੰਦਾ, ਦਰਸ਼ਨ ਹੋ ਜਾਣਗੇ? ਮਰਦਾਨੇ ਨੇ ਕਿਹਾ ਕਿ ਭਾਈ ਬਾਲੇ ਨੂੰ ਵੀ ਕਹਿ ਦਿਓ ਅਸੀਂ ਦੋਵੇਂ ਜਣੇ ਗੁਰੂ ਨਾਨਕ ਦੇ ਚਰਨ ਫੜਾਂਗੇ ਜਾ ਕੇ। ਸਾਰੀ ਵਾਰਤਾ ਦੱਸਾਂਗੇ।

ਭਾਈ ਬਾਲਾ ਜੀ ਨੂੰ ਬੁਲਾ ਲਿਆ ਤੇ ਕਿਹਾ ਕਿ ਭਾਈ ਬਾਲਾ ਜੀ ਤੁਸੀਂ ਦੋਵੇਂ ਜਾਓ ਤੇ ਜਾ ਕੇ ਮੇਰੀ ਬੇਨਤੀ ਗੁਰੂ ਨਾਨਕ ਦੇ ਦਰ ਤੇ ਕਰ ਦਿਓ। ਬਹੁਤ ਮੁਸ਼ਕਲ ਹੈ ਮੈਨੂੰ ਜੀਉਣਾ, ਇਕ-ਇਕ ਸਾਹ ਦੇ ਵਿਚ ਮੈਂ ਗੁਰੂ ਨਾਨਕ ਦਾ ਇੰਤਜ਼ਾਰ ਕਰ ਰਿਹਾ ਹਾਂ, ਹਰ ਵਕਤ ਮੇਰੇ ਮਨ ਵਿਚ ਆਸ ਲੱਗੀ ਰਹਿੰਦੀ ਹੈ।

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥*
*ਉਰ ਨਾ ਭੀਜੈ ਪਗੁ ਨ ਖਿਸੈ*
*ਹਰਿ ਦਰਸਨ ਕੀ ਆਸਾ ॥ ਅੰਗ - ੩੩੮*

ਦੋਹਾਂ ਨੂੰ ਗੁਰੂ ਨਾਨਕ ਵਲ ਭੇਜ ਦਿਤਾ। ਸੱਤ ਦਿਨ ਤੇ ਸੱਤ ਰਾਤਾਂ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਪਾਸ ਪਹੁੰਚ ਜਾਂਦੇ ਨੇ। ਮਹਾਰਾਜ ਜੀ ਨੂੰ ਜਾ ਕੇ ਸਾਰਾ ਹਾਲ ਦੱਸਿਆ, ਮਾਤਾ ਪਿਤਾ ਦਾ ਦੱਸਿਆ ਤੇ ਨਾਲ ਕਿਹਾ ਕਿ ਸੱਚੇ ਪਾਤਸ਼ਾਹ! ਰਾਇ ਬੁਲਾਰ ਜੀ ਵੈਰਾਗ ਦੇ ਅੰਦਰ ਗ੍ਰਸਤ ਨੇ ਤੇ ਹਰ ਵਕਤ ਨੇਤਰਾਂ 'ਚੋਂ ਜਲ ਚਲਦਾ ਹੈ ਉਨ੍ਹਾਂ ਦੇ। ਕਿਸੇ ਨਾਲ ਗੱਲ ਨਹੀਂ ਕਰਦੇ। ਇਕੋ ਲਗਨ ਹਰ ਵਕਤ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ ਕਿ ਮੈਂ ਕਿਵੇਂ ਆਪ ਦਾ ਦਰਸ਼ਨ ਕਰਾਂ, ਸਾਨੂੰ ਵੀ ਬਹੁਤ ਕਿਹਾ ਹੈ ਤੇ ਨਾਲ ਕਿਹਾ ਕਿ -

***ਜੇ ਹੋਵਹਿ ਬਲ ਤਨ ਵਿਖੈ ਆਵੋਂ ਸਿਰ ਕੇ ਭਾਰ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਮਹਾਰਾਜ ਜੀ! ਵੈਰਾਗੀ ਹੈ ਉਸ ਦੀ ਭਾਵਨਾ ਬੜੀ ਉਚੀ ਹੈ। ਆਪ ਕ੍ਰਿਪਾ ਕਰੋ ਉਸਨੂੰ ਦਰਸ਼ਨ ਦੇਵੋ।

ਕਹਿਣ ਲੱਗੇ, ਭਾਈ ਮਰਦਾਨਾ! ਭਾਈ ਬਾਲਾ! ਜਿੰਨੀ

ਖਿੱਚ ਉਸਦੇ ਹਿਰਦੇ 'ਚ ਹੈ ਉਸ ਤੋਂ ਕਿਤੇ ਵੱਧ ਸਾਡੇ ਹਿਰਦੇ ਵਿਚ ਵੀ ਉਹ ਖਿੱਚ ਪੈ ਰਹੀ ਹੈ। ਸਾਡਾ ਵੀ ਮਨ ਕਰ ਰਿਹਾ ਹੈ।

ਸਤਿਗੁਰੂ ਦਾ ਬਿਰਧ ਹੈ ਜਦੋਂ ਸਿੱਖ ਗੁਰੂ ਨੂੰ ਯਾਦ ਕਰਦਾ ਹੈ, ਗੁਰੂ ਉਸ ਤੋਂ ਵੱਧ ਯਾਦ ਕਰਦਾ ਹੈ।

***ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,***
***ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈਂ॥***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***
***ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈਂ॥***
***ਭਾਵਨੀ ਭਗਤਿ ਭਾਇ***
***ਕਉਡੀ ਅਗ੍ਰਭਾਗ ਰਾਖੈ,***
***ਤਾਹਿ ਗੁਰ ਸਰਬ ਨਿਧਾਨ ਦੇਤ ਹੈਂ॥***
***ਸਤਿਗੁਰੁ ਦਇਆ ਨਿਧਿ,***
***ਮਹਿਮਾ ਅਗਾਧਿ ਬੋਧਿ,***
***ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈਂ॥***
***ਕਬਿੱਤ ੧੧੧***

ਭਾਈ ਮਰਦਾਨਾ! ਸਾਡੇ ਹਿਰਦੇ ਦੇ ਅੰਦਰ ਵੀ ਬਹੁਤ ਖਿੱਚ ਪੈ ਰਹੀ ਹੈ। ਚਲੋ ਤਲਵੰਡੀ ਨੂੰ ਵਾਪਸ ਚਲਦੇ ਹਾਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਜੀ ਤੇ ਮਰਦਾਨਾ ਜੀ ਦੇ ਨਾਲ ਤਲਵੰਡੀ ਆ ਗਏ। ਭਾਈ ਬਾਲਾ ਦੇ ਪਿਤਾ ਦਾ ਨਾਮ ਚੰਦਰਭਾਨ ਸੀ ਉਹਦੇ ਖੂਹ ਤੇ ਉਹ ਬੈਠ ਗਏ, ਦੋਹਾਂ ਨੂੰ ਭੇਜ ਦਿਤਾ ਤੇ ਮਾਤਾ ਨੂੰ ਪਤਾ ਲੱਗਿਆ, ਪਿਤਾ ਨੂੰ ਪਤਾ ਲੱਗਿਆ, ਪਰਿਵਾਰ ਨੂੰ ਪਤਾ ਲੱਗਿਆ। ਕਿਉਂਕਿ ਮਹਿਤਾ ਕਾਲੂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਮਹਾਰਾਜ ਦਾ। ਦੇਖਦਾ ਹੈ ਜਾ ਕੇ ਕਿ ਇਹ ਕੀ ਬਣੇ ਫਿਰਦੇ ਨੇ ਸਿਰ ਦੇ ਉਤੇ ਇਕ ਪਰਨਾ ਜਿਹਾ ਬੰਨ੍ਹਿਆ ਹੋਇਆ ਹੈ, ਤੇੜ ਦੋ ਗਜ਼ ਦਾ ਕਪੜਾ ਪਾਇਆ ਹੋਇਆ ਹੈ, ਵਸਤਰ ਕੋਈ ਪਹਿਨਿਆ ਨਹੀਂ ਹੋਇਆ ਤੇ ਦੋ ਚਾਦਰਾਂ ਚੁੱਕੀ ਫਿਰਦਾ ਹੈ। ਆਹ ਕੀ ਹਾਲ ਬਣਾ ਲਿਆ ਇਹਨੇ? ਕਿੱਡਾ ਵੱਡਾ ਸੀ, ਕਿੰਨੀ ਮਹਿਮਾ ਸੀ ਜਿਸ ਵਕਤ ਮੋਦੀਖਾਨੇ 'ਚ ਕੰਮ ਕਰਦਾ ਹੈ। ਨਰਾਜ਼ ਹੋਇਆ ਜਾਂਦਾ ਹੈ, ਭਵਾਂ ਚੜ੍ਹੀਆਂ ਹੋਈਆਂ ਨੇ, ਬੁੱਲ੍ਹ ਫਰਕਦੇ ਨੇ। ਪਤਾ ਨਹੀਂ ਕੀ ਕੁੱਛ ਕਹਿਣਾ ਸੀ। ਲਾਲੂ ਜੀ ਕਹਿਣ ਲੱਗੇ, ਭ੍ਰਾਤਾ ਜੀ! ਬੜੀ ਦੇਰ ਤੋਂ ਬਾਅਦ ਮੁੜੇ ਨੇ ਇਹ, ਤੁਸੀਂ ਥੋੜ੍ਹਾ ਸਬਰ 'ਚ ਰਹੋ, ਕੋਈ ਗੱਲ ਨਾ ਕਰੋ। ਗੱਲ ਕਰ ਲਵਾਂਗੇ, ਹੁਣੇ ਨਾ ਜਾ ਕੇ ਵਰ੍ਹਨ ਲੱਗ ਜਾਇਓ ਉਨ੍ਹਾਂ ਨੂੰ। ਉਹ ਪੂਰਨ ਪੁਰਖ ਨੇ। ਉਸ ਵੇਲੇ ਚੁੱਪ ਕਰ ਰਿਹਾ, ਜਬਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਲੇਕਿਨ ਕੰਬਦਾ ਹੈ ਸਰੀਰ ਐਨਾ ਅੰਦਰ ਕ੍ਰੋਧ ਆਇਆ। ਮਾਤਾ ਜੀ ਦੌੜੀ ਆਉਂਦੀ ਹੈ, ਮਾਤਾ ਜੀ ਨੇ ਆ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਬੁੱਕਲ 'ਚ ਲੈ ਲਿਆ ਤੇ ਐਨਾ ਵੈਰਾਗ ਕਰਿਆ ਕਿ ਨਾ ਜੱਫੀ ਛੱਡਦੀ ਹੈ, ਨਾ ਰੋਣ ਤੋਂ ਹੱਟਦੀ ਹੈ। ਨੇਤਰਾਂ 'ਚੋਂ ਐਨਾ ਜਲ ਗਿਆ, ਗੁਰੂ ਮਹਾਰਾਜ ਦੇ ਵੀ ਸਰੀਰ ਦੇ ਉਤੇ ਧਾਰਾਂ ਚੱਲ ਗਈਆਂ।

***ਗਰ ਸੋਂ ਲਾਇ ਨੀਰ ਦ੍ਰਿਗ ਜਾਈ।***
***ਮਹਾਂ ਮੋਹ ਮਾਤਾ ਬਿਰਮਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471***

ਜਿਵੇਂ ਗਰੀਬ ਨੂੰ ਪਾਰਸ ਮਿਲ ਜਾਂਦਾ ਹੈ ਉਹ ਛੱਡਦਾ ਨਹੀਂ, ਐਉਂ ਮਾਂ ਛੱਡ ਨਹੀਂ ਰਹੀ।

***ਅਸ਼੍ਰਪਾਤ ਸੋਂ ਭੀਗੇ ਅੰਗਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471***

ਗੁਰੂ ਮਹਾਰਾਜ ਦੇ ਅੰਗ ਭਿੱਜ ਗਏ ਹੰਝੂਆਂ ਦੇ ਨਾਲ।

***ਮਨਹੁ ਪ੍ਰੇਮ ਪਰਵਾਹਿ ਉਮੰਗਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471***

ਐਉਂ ਲਗ ਰਿਹਾ ਸੀ ਕਿ ਜਿਵੇਂ ਕੋਈ ਦਰਿਆ ਚਲ ਰਿਹਾ ਹੁੰਦਾ ਹੈ ਪ੍ਰਵਾਹ ਦਾ। ਸੋ ਮਾਤਾ ਜੀ ਨੇ ਕਾਫੀ ਸਮੇਂ ਤੋਂ ਬਾਅਦ ਹੱਥ ਖੋਲ੍ਹੇ ਤੇ ਮਹਾਰਾਜ ਜੀ ਉਸ ਵੇਲੇ ਖੜ੍ਹੇ ਨੇ, ਮਾਤਾ ਨੇ ਉਸ ਵੇਲੇ ਕਿਹਾ ਕਿ ਪੁੱਤਰ! ਘਰ ਚਲ। ਘਰ ਚਲਦੇ ਨੇ, ਗੱਲਬਾਤ ਹੋਈ, ਕਹਿਣ ਲੱਗੇ, ਕਿ ਰਾਇ ਜੀ ਤੁਹਾਨੂੰ ਬਹੁਤ ਯਾਦ ਕਰਦੇ ਨੇ, ਇਕ ਵਾਰੀ ਓਧਰ ਚੱਲੋ ਤੇ ਇਨ੍ਹਾਂ ਦੋਹਾਂ ਭਰਾਵਾਂ ਨੇ ਸਲਾਹ ਕਰੀ ਕਿ ਇਥੇ ਨਹੀਂ ਆਪਾਂ ਕੁਛ ਕਹਿਣਾ। ਜਦੋਂ ਰਾਇ ਬੁਲਾਰ ਜੀ ਦੇ ਪਾਸ ਜਾਵਾਂਗੇ, ਉਥੇ ਕਹਾਂਗੇ ਉਨ੍ਹਾਂ ਦੇ ਸਾਮ੍ਹਣੇ। ਉਹ ਕਿਉਂਕਿ ਇਨ੍ਹਾਂ ਨੂੰ ਪ੍ਰੇਮ ਕਰਦੇ ਨੇ ਤੇ ਉਨ੍ਹਾਂ ਦੀ ਗੱਲ ਇਹ ਮੰਨ ਜਾਣਗੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਸਾਰਿਆਂ ਦੇ ਨਾਲ ਰਾਇ ਬੁਲਾਰ ਦੇ ਪਹੁੰਚਦੇ ਨੇ। ਉਥੇ ਜਾ ਕੇ ਰਾਇ ਬੁਲਾਰ ਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਦੇਖਿਆ, ਪਹਿਲਾਂ ਗੁਰੂ ਨਾਨਕ ਪਾਤਸ਼ਾਹ। ਜਿਵੇਂ ਭਗਤਾਂ ਦੀ ਲਾਜ ਪ੍ਰਮੇਸ਼ਰ ਹਮੇਸ਼ਾ ਹੀ ਰਖਦਾ ਆਇਆ, ਵੱਡੇ ਕਰਦਾ ਹੈ ਉਨ੍ਹਾਂ ਨੂੰ। ਆਪ ਉਸਦੇ ਚਰਨਾਂ ਤੇ ਹੱਥ ਲਾਉਣ ਲੱਗੇ ਲੇਕਿਨ ਉਹਨੇ ਕਿਹਾ ਹੇ ਨਾਨਕ! ਦੇਖੀਂ ਇਹ ਨਾ ਕਰ ਦੇਈਂ, ਮੈਨੂੰ ਦਰਗਾਹ ਨੇ ਨਹੀਂ ਬਖਸ਼ਣਾ। ਮੇਰੇ ਨੇਤਰ ਖੁਲ੍ਹ ਗਏ, ਮੈਂ ਤੈਨੂੰ ਪਛਾਣ ਲਿਆ। ਹੇ ਨਾਨਕ! ਐਸਾ ਨਾ ਕਰ ਦੇਈਂ ਕਿ ਮੇਰੇ ਤੋਂ ਗੁਨਾਹ ਉਤਰੇ ਨਾ ਤੇ ਮੈਂ ਦੋਜਕਾਂ ਦੇ ਵਿਚ ਸੜਦਾ ਰਹਾਂ। ਤੂੰ ਤਾਂ ਆਪ ਪ੍ਰਮੇਸ਼ਰ ਹੈਂ।

***ਪਰਮੇਸ਼ੁਰ ਤੂੰ ਪੁਰਖ ਪੁਰਾਤਨ।***
***ਪਾਰਬ੍ਰਹਮ ਕਿਰਪਾਲ ਸਨਾਤਨ।***
***ਜੋਤੀ ਰੂਪ ਅਨੂਪ ਸਰੂਪਾ।***
***ਸ਼ਾਹਿਨਸ਼ਾਹ ਭੂਪ ਕੋ ਭੂਪਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476***

ਤੂੰ ਤਾਂ ਬਾਦਸ਼ਾਹਾਂ ਦਾ ਬਾਦਸ਼ਾਹ ਆਪ ਪ੍ਰਮੇਸ਼ਰ ਹੈਂ।

*ਕਰੁਨਾਕਰਿ ਬਖਸ਼ਹੁ ਮੁਝ ਸ੍ਵਾਮੀ!।*
*ਦੀਨਬੰਧੁ ਸਭਿ ਅੰਤਰਜਾਮੀ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476*

ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰੋ। ਐਨਾ ਕਹਿ ਕੇ ਗੁਰੂ ਮਹਾਰਾਜ ਦੇ ਚਰਨਾਂ ਤੇ ਨਮਸਕਾਰ ਕਰਕੇ ਸਾਮ੍ਹਣੇ ਖੜ੍ਹਾ ਹੋ ਕੇ ਬੇਨਤੀ ਕਰਦਾ ਹੈ, ਬੜੇ ਜਨਮ ਲੰਘ ਗਏ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥ ਅੰਗ- ੧੭੬*

ਪਾਤਸ਼ਾਹ! ਹੁਣ ਮੇਰਾ ਜੰਮਣਾ ਮਰਣਾ ਕੱਟ ਦਿਓ। ਤੂੰ ਆਪ ਸਮਰੱਥ ਪ੍ਰਮੇਸ਼ਰ ਹੈਂ।

*ਭਵ ਬੰਧਨ ਤੇ ਕਰਿ ਛੁਟਕਾਰਾ।*
*ਪਤਿਤ ਉਧਾਰਨ ਬਿਰਦ ਤੁਮਾਰਾ।*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476)*

ਪਤਿਤਾਂ ਨੂੰ ਉਧਾਰ ਦੇਣਾ ਤੇਰਾ ਬਿਰਧ ਹੈ, ਕ੍ਰਿਪਾ ਕਰ ਮੇਰੇ ਹੁਣ ਬੰਧਨ ਕੱਟ ਦੇ। ਮੈਂ ਮੁੜ ਕੇ ਜਨਮ ਮਰਨ 'ਚ ਨਾ ਆਵਾਂ।

*ਜਿਉਂ ਜਿਉਂ ਬਿਨੈ ਦੀਨ ਹੁਇ ਕਰਿਈ।*
*ਤਿਉਂ ਤ੍ਰਿਉਂ ਰਾਇ ਮੋਹ ਤਮ ਟਰਿਈ।*
*ਦੇਖ ਦੀਨਤਾ ਅਧਿਕ ਦਯਾਲਾ।*
*ਰਿਦੈ ਪ੍ਰਸੀਦਤਿ ਭਯੇ ਬਿਸਾਲਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476*

ਜਿਵੇਂ-ਜਿਵੇਂ ਰੋ-ਰੋ ਕੇ ਬੇਨਤੀਆਂ ਕਰਦਾ ਹੈ, ਤਿਉਂ-ਤਿਉਂ ਉਹਦੀ ਜਿਹੜੀ ਹਨ੍ਹੇਰੀ ਮਤ ਸੀ, ਉਹ ਦੂਰ ਹੁੰਦੀ ਜਾਂਦੀ ਹੈ। ਪ੍ਰਕਾਸ਼ ਹਿਰਦੇ 'ਚ ਹੋ ਗਿਆ। ਗੁਰੂ ਮਹਾਰਾਜ ਦਾ ਪਵਿੱਤਰ ਹੱਥ ਉਠਿਆ ਤੇ ਰਾਇ ਦੇ ਸਿਰ ਤੇ ਜਾ ਕੇ ਜਦ ਟਿਕਿਆ, ਉਸ ਵੇਲੇ ਜਿੰਨੇ ਜਨਮਾਂ-ਜਨਮਾਂਤਰਾਂ ਦੇ ਕੀਤੇ ਹੋਏ ਦੋਖ ਸੀ, ਪਾਪ ਸੀ, ਓਹ ਸਾਰੇ ਦੇ ਸਾਰੇ ਮਹਾਰਾਜ ਨੇ ਕੱਟ ਦਿਤੇ।

*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ ॥*
*ਸਹਿ ਤੁਠੈ ਨਉ ਨਿਧਿ ਪਾਈਆ ॥ ਅੰਗ - ੪੭੩*

ਬਜਰ ਕਪਾਟ ਖੁੱਲ੍ਹ ਗਏ, ਸੁਰਤ ਪਹੁੰਚ ਗਈ ਜਿਸਨੂੰ ਕਹਿੰਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਵਾਹੁ ਵਾਹੁ ਸਚੇ ਪਾਤਿਸਾਹੁ ਤੂ ਸਚੀ ਨਾਈ॥ ਅੰਗ -੯੫੪*

ਦ੍ਰਿਸ਼ਟੀ ਦੇ ਦਿਤੀ, ਮਾਇਆ ਦਾ ਪੜਦਾ ਦੂਰ ਕਰ ਦਿਤਾ।

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ - ੨੯੩*

ਕੀ ਦੇਖਦਾ ਹੈ ਕਿ ਇਹ ਤਾਂ ਸਾਰੀ ਕਾਇਨਾਤ ਦੇ ਵਿਚ, ਜਿਧਰ ਵੀ ਮੈਂ ਦੇਖਦਾ ਹਾਂ, ਓਸ ਪਾਸੇ ਹੀ ਗੁਰੂ ਨਾਨਕ ਹੈ। ਇਹ ਤਾਂ ਸਾਰੇ ਹੀ ਗੁਰੂ ਨਾਨਕ ਹੈ, ਕਿਉਂਕਿ ਨੇਤਰ ਖੁਲ੍ਹ ਗਏ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਅੱਖ ਖੁਲ੍ਹ ਗਈ, ਜਿਹੜੀ ਸਾਡੀ ਬੰਦ ਪਈ ਹੈ, ਜਿਸਦੇ ਵਾਸਤੇ ਅਸੀਂ ਜਪ ਕਰਦੇ ਹਾਂ, ਤਪ ਕਰਦੇ ਹਾਂ, ਦਾਨ ਕਰਦੇ ਹਾਂ, ਤੀਰਥ ਯਾਤਰਾ ਕਰਦੇ ਹਾਂ, ਦੀਵਾਨ ਸੁਣਨ ਦੂਰ ਦਰਾਜ਼ ਤੋਂ ਆਉਂਦੇ ਹਾਂ। ਉਹ ਇਹੀ ਹੈ ਕਿ ਮਾਇਆ ਦਾ ਜਿਹੜਾ ਹਨ੍ਹੇਰਾ ਪਿਆ ਹੋਇਆ ਹੈ ਉਹ ਦੂਰ ਹੋ ਜਾਵੇ ਤੇ ਅਸਲੀਅਤ ਦਾ ਪ੍ਰਕਾਸ਼ ਹੋ ਜਾਵੇ। ਉਹ ਅੱਖ ਖੁਲ੍ਹ ਗਈ, ਗੁਰੂ ਨੇ ਦਿਖਾ ਦਿਤੀ, ਆਪਣੇ ਆਪ ਨਹੀਂ ਖੁਲ੍ਹਦੀ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ - ੨੯੪*

ਪੰਜੇ ਭਰਮ ਦੂਰ ਕਰ ਦਿਤੇ, ਪ੍ਰਮੇਸ਼ਰ ਦਾ ਦਰਸ਼ਨ ਦਾ ਕਰਾ ਦਿਤਾ ਸਾਕਾਰ ਰੂਪ ਵਿਚ। ਜਿਧਰ ਦੇਖਦਾ ਹੈ ਗੁਰੂ ਨਾਨਕ ਨਜ਼ਰ ਆਉਂਦਾ ਹੈ। ਉਹ ਵਿਛੋੜਾ, ਜਿਹਦੇ ਵਾਸਤੇ ਕਲਪਦਾ ਸੀ, ਦੂਰ ਕਰ ਦਿਤਾ। ਹੁਣ ਵਿਛੋੜਾ ਨਹੀਂ ਹੁੰਦਾ, ਕਿਉਂਕਿ ਗੁਰੂ ਨਾਨਕ ਦਾ ਰੂਪ ਬਣ ਗਿਆ, ਗੁਰੂ ਨਾਨਕ ਤੇ ਉਸਦਾ ਫਰਕ ਨਾ ਰਿਹਾ, ਆਪਣਾ ਰੂਪ ਬਣਾ ਲਿਆ ਉਨ੍ਹਾਂ ਨੇ।

*(ਬਾਕੀ ਪੰਨਾ 25 'ਤੇ)*

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-25)*

ਇਹ ਗੁਰਬਾਨੀ ਦੇ ਬਾਣ ਅਸਾਨੂੰ ਕਾਇਲ ਨਹੀਂ ਕਰ ਰਹੇ ਕਿਉਂਕਿ ਅਸੀਂ ਬੁਲਟ ਪਰੂਫ ਜੈਕਟਾਂ ਪਾਈਆਂ ਹੋਈਆਂ ਹਨ। ਹੁਣ ਅਸਾਡੇ ਹਿਰਦੇ ਵਿਚੋਂ ਨਹੀਂ ਨਿਕਲ ਰਿਹਾ -

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ।। ਅੰਗ - ੯੬***

ਅਸਾਨੂੰ ਇਸ ਬੈਰਾਗ ਦੇ ਝਜੰਟ ਵਿਚ ਪੈਣ ਦੀ ਲੋੜ ਹੀ ਕੀ ਰਹਿ ਗਈ, ਅਸੀਂ ਤਾਂ ਪੂਰੇ ਗਿਆਨੀ ਬਣ ਗਏ ਅਤੇ ਅਸਾਨੂੰ ਗਿਆਨ ਹੋ ਗਿਆ ਕਿ ਵਾਹਿਗੁਰੂ ਹਰ ਥਾਂ ਉਪਰ ਹੈ। ਹਰੇਕ ਦੇ ਅੰਦਰ ਹੈ, ਇਸ ਗੱਲ ਨੂੰ ਕੂਕ-ਕੂਕ ਕੇ ਅਸਾਡੇ ਗਿਆਨੀ ਲੋਕ ਸੁਣਾ ਰਹੇ ਹਨ ਪਰ ਮੇਰੇ ਸਤਿਗੁਰੂ ਇਨ੍ਹਾਂ ਨੂੰ ਗਿਆਨੀਆਂ ਦਾ ਮਾਣ ਨਹੀਂ ਬਖਸ਼ਦੇ ਸਗੋਂ ਇਸ ਦੀ ਥਾਂ ਉਨ੍ਹਾਂ ਨੂੰ ਮੁਰਦਾ ਆਖਦੇ ਹਨ -

***ਅਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ॥ ਅੰਗ - ੨੫੩***

ਆਪ ਜੀ ਜਦੋਂ ਕੀਰਤਨ ਕਰਿਆ ਕਰਦੇ ਸਨ ਆਮ ਤੌਰ ਤੇ ਬਾਬਾ ਫਰੀਦ ਜੀ ਦੀ ਤਪਸਿਆ ਬਾਰੇ ਬਹੁਤ ਹੀ ਖੋਲ੍ਹ ਕੇ ਵਰਣਨ ਕਰਿਆ ਕਰਦੇ ਸਨ। ਜਿਸ ਵਿਚ ਜ਼ਿਕਰ ਕਰਦੇ ਸਨ ਕਿ ਬਾਬਾ ਫਰੀਦ ਜੀ ਦਾ ਸਰੀਰ ਸੁੱਕ ਕੇ ਹੱਡਾਂ ਦੀ ਮੁੱਠੀ ਹੀ ਰਹਿ ਗਿਆ। ਇਥੋਂ ਤਾਂਈ ਭੁਲੇਖਾ ਪੈਂਦਾ ਸੀ ਕਿ ਕਾਂ ਵੀ ਮੁਰਦਾ ਜਾਣ ਕੇ ਤਲੀਆਂ ਵਿਚ ਚੁੰਝਾਂ ਮਾਰਿਆ ਕਰਦੇ ਸਨ। ਆਪ ਜੀ ਦੇ ਇਹ ਸ਼ਬਦ ਜਿਨ੍ਹਾਂ ਵਿਚ ਇਕ ਕਾਂ ਨੂੰ ਆਪ ਜੀ ਬਹੁਤ ਪਿਆਰ ਨਾਲ ਕਹਿ ਰਹੇ ਹਨ ਕਿ ਕਾਵੋਂ ਤੁਸੀਂ ਮੇਰਾ ਮਾਸ ਤਾਂ ਖਾ ਲਿਆ, ਮੈਂ ਤੁਹਾਨੂੰ ਵਰਜਿਆ ਨਹੀਂ, ਦੇਖਿਓ ਕਿਤੇ ਮੇਰੇ ਨੈਣ ਨਾ ਖਾ ਲੈਣੇ, ਮੈਂ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨ ਇਨ੍ਹਾਂ ਨੈਣਾਂ ਨਾਲ ਕਰਨੇ ਹਨ। ਇਹ ਵਖਿਆਨ ਐਨਾ ਪ੍ਰਬਲ ਹੋਇਆ ਕਰਦਾ ਸੀ ਜਿਸ ਨੂੰ ਸੁਣ ਕੇ ਸਰੋਤਿਆਂ ਦੇ ਮਨ ਵਿਚੋਂ ਚਾਓ ਉਠਿਆ ਕਰਦਾ ਸੀ ਅਤੇ ਬਹੁਤ ਸਾਰੇ ਅਜਿਹੀ ਤਿਤਿਕਸ਼ਾ ਬਾਰੇ ਸੁਣ ਕੇ ਅੰਮ੍ਰਿਤ ਵੇਲਾ ਸੰਭਾਲਣ ਲਗ ਗਏ। ਪਿੰਡਾਂ ਵਿਚ ਗੁਰਸਿੱਖਾਂ ਨੇ ਅੰਮ੍ਰਿਤ ਵੇਲੇ ਉਠਣਾ, ਬਾਹਰ ਕ੍ਰਿਆ ਕਰਕੇ ਬਾਹਰ ਹੀ ਗੁਰਦੁਆਰਾ ਸਾਹਿਬ ਵਿਚ ਕੁੰਡਾਂ ਵਿਚ ਇਸ਼ਨਾਨ ਕਰਨਾ। ਗੁਰਦੁਆਰਾ ਸਾਹਿਬ ਦੀਆਂ ਪ੍ਰਕਰਮਾ ਵਿਚ ਹੀ ਬੈਠ ਕੇ ਕਿਸੇ ਨੇ ਸੁਰਤ ਨਾਲ ਬਾਣੀਆਂ ਦਾ ਪਾਠ ਕਰਨਾ, ਕਿਸੇ ਨੇ ਗੁਰ ਸ਼ਬਦ ਦੀ ਆਰਾਧਨਾ ਕਰਨੀ। ਉਨ੍ਹਾਂ ਦਿਨਾਂ ਵਿਚ ਜੀਵਨ ਵਿਚ ਅੱਜ ਵਰਗੀ ਚਲਾਕੀ ਨਹੀਂ ਸੀ ਹੋਇਆ ਕਰਦੀ। ਸਚਮੁਚ ਹੀ ਅੰਦਰੋਂ ਉਤਸ਼ਾਹ ਉਠਿਆ ਕਰਦਾ ਸੀ ਕਿ ਅਸੀਂ ਵੀ ਪ੍ਰਭੂ ਦੇ ਦਰਸ਼ਨ ਕਰੀਏ। ਸੰਤ ਮਹਾਰਾਜ ਜੀ ਦੇ ਦੋ ਦੀਵਾਨ ਪੂਰਨਮਾਸ਼ੀ ਅਤੇ ਸੰਗਰਾਂਦ ਬਹੁਤ ਹੀ ਵੱਡੀ ਰਹਿਮਤ ਸੀ, ਉਨ੍ਹਾਂ ਜਗਿਆਸੂਆਂ ਵਾਸਤੇ, ਜਿਨ੍ਹਾਂ ਦੇ ਅੰਦਰ ਪ੍ਰਭੂ ਪਿਆਰ ਦੀ ਰੌ ਚਲਦੀ ਸੀ। ਉਸ ਸਮੇਂ ਸਰੀਰਕ ਆਯੂ ਭਾਵੇਂ ਮੇਰੇ ਸਰੀਰ ਦੀ ਬਹੁਤ ਥੋੜ੍ਹੀ ਸੀ ਪਰ ਜਦੋਂ ਮੈਂ ਪਹਿਲੀ ਵਾਰੀ ਆਪ ਦਾ ਢੱਕੀ ਵਿਚ ਜਾ ਕੇ ਕੀਰਤਨ ਸੁਣਿਆ, ਉਸ ਦਾ ਬਹੁਤ ਹੀ ਅਸਰ ਮੇਰੇ ਉਪਰ ਪਿਆ। ਰਹਿਰਾਸ ਸਾਹਿਬ ਦਾ ਪਾਠ ਹੋ ਕੇ ਅਰਦਾਸ ਪਿਛੋਂ ਆਪ ਜੀ ਨੇ ਕੀਰਤਨ ਸ਼ੁਰੂ ਕਰ ਦਿਤਾ, ਦੀਵਾਨ ਵਿਚੋਂ ਗੈਸ ਦੇ ਲੈਂਪ ਚੁਕ ਕੇ ਦੂਰ ਸੰਗਤਾਂ ਦੇ ਪਿੱਠ ਪਿਛੇ ਰੱਖ ਦਿਤੇ। ਦੀਵਾਨ ਵਿਚ ਪੂਰੀ ਤਰ੍ਹਾਂ ਨਾਲ ਇਕਾਗਰਤਾ ਹੋ ਜਾਇਆ ਕਰਦੀ। ਕੋਈ ਵੀ ਸਰੋਤਾ ਇਧਰ ਉਧਰ ਨਹੀਂ ਵੇਖਿਆ ਕਰਦਾ ਸੀ। ਆਪ ਜੀ ਨੇ ਦੋ ਵਜੇ ਉਸੇ ਤਰ੍ਹਾਂ ਕੀਰਤਨ ਕਰਦਿਆਂ ਸ੍ਰੀ ਆਸਾ ਜੀ ਦੀ ਵਾਰ ਦਾ ਆਰੰਭਕ ਸ਼ਬਦ ਪੜ੍ਹ ਦੇਣਾ, ਉਸ ਸਮੇਂ ਆਪ ਜੀ ਖੜ੍ਹੇ ਹੋ ਕੇ ਵਾਜਾ ਸਾਮ੍ਹਣੇ ਟੇਬਲ ਤੇ ਰੱਖ ਕੇ ਕੀਰਤਨ ਕਰਿਆ ਕਰਦੇ ਸਨ ਅਤੇ ਪੂਰੀ ਤਰ੍ਹਾਂ ਨਾਲ ਬੈਰਾਗ ਦਾ ਰੂਪ ਹੀ ਬਣੇ ਹੁੰਦੇ ਸਨ, ਤਿੰਨ ਚਾਰ ਛੱਕੇ ਪੜ੍ਹ ਕੇ ਆਪ ਜੀ ਪੌਣੇ ਘੰਟੇ ਵਾਸਤੇ ਸਰੀਰਕ ਕ੍ਰਿਆ ਨਿਭਾਉਣ, ਅਤੇ ਇਸ਼ਨਾਨ ਕਰਨ ਲਈ, ਦੀਵਾਨ ਵਿਚੋਂ ਪਿਛਲੇ ਪਾਸੇ ਦੀ ਆਪਣੇ ਕਮਰੇ ਵਿਚ ਚਲੇ ਜਾਇਆ ਕਰਦੇ ਸਨ ਅਤੇ ਬਹੁਤ ਛੇਤੀ ਇਸ਼ਨਾਨ ਕਰਕੇ ਵਸਤਰ ਪਹਿਨ ਕੇ ਉਸੇ ਤਰ੍ਹਾਂ ਨਿਹਾਰ ਮੂੰਹ ਆ ਕੇ ਚਲਦੇ ਛੱਕੇ ਸਲੋਕ ਤੋਂ ਕੀਰਤਨ ਅਰੰਭ ਕਰ ਦੇਣਾ। ਕੀਰਤਨ ਉਤਨੀ ਦੇਰ ਹੁੰਦਾ ਸੀ ਜਦੋਂ ਤਕ ਕਿ ਦੀਵਾਨ ਵਿਚ ਬੈਠੀ ਸੰਗਤ ਇਕ ਦੂਜੇ ਨੂੰ ਦੇਖ ਨਾ ਸਕਦੀ ਹੋਵੇ ਅਤੇ ਪਹੁ ਫੁਟਾਲਾ ਹੋ ਜਾਣਾ, ਫੇਰ ਆਪ ਜੀ ਨੇ ਕੀਰਤਨ ਦਾ ਭੋਗ ਪਾਉਣਾ। ਅਰਦਾਸ ਹੋਣੀ, ਪ੍ਰਸ਼ਾਦ ਲੈਣ

ਉਪਰੰਤ ਸੰਗਤਾਂ ਲੰਗਰ ਵਿਚ ਪੰਗਤਾਂ ਬਣਾ ਕੇ ਬੈਠ ਜਾਇਆ ਕਰਦੀਆਂ ਸਨ। ਉਸ ਵੇਲੇ ਗਰਮ-ਗਰਮ ਮਿੱਸੇ ਪ੍ਰਸ਼ਾਦੇ ਲੱਸੀ, ਦੁੱਧ ਚਾਹ ਵਗੈਰਾ ਦੇ ਨਾਲ ਸੰਗਤਾਂ ਛਕ ਲਿਆ ਕਰਦੀਆਂ ਸਨ। ਚਾਹ ਅਜੇ ਨਵੀਂ-ਨਵੀਂ ਹੀ ਆਈ ਸੀ, ਬਹੁਤੇ ਪ੍ਰੇਮੀ ਚਾਹ ਨਹੀਂ ਪੀਂਦੇ ਸਨ, ਲੱਸੀ ਪੀਂਦੇ ਸਨ। ਪ੍ਰਸ਼ਾਦੇ ਛਕਣ ਲਈ ਅਚਾਰ ਵਗੈਰਾ ਮਿਲ ਜਾਂਦਾ ਸੀ। ਉਸ ਤੋਂ ਬਾਦ ਕਿਰਤੀ ਬੰਦੇ, ਬੀਬੀਆਂ ਆਪਣੇ-ਆਪਣੇ ਘਰਾਂ ਨੂੰ ਪੈਦਲ ਹੀ ਚਲੇ ਜਾਇਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਨਾ ਹੀ ਅੱਜਕਲ੍ਹ ਵਰਗੇ ਰਸਤੇ ਹੁੰਦੇ ਸਨ ਅਤੇ ਨਾ ਹੀ ਕੋਈ ਅੱਜ ਵਰਗੀਆਂ ਬੱਸਾਂ ਵਗੈਰਾਂ ਦੀ ਸਹੂਲਤ ਹੁੰਦੀ ਸੀ। ਕਦੇ-ਕਦੇ ਕਿਸੇ ਨਾ ਕਿਸੇ ਪਿੰਡ ਵਿਚੋਂ ਜੇ ਕੋਈ ਟਰੱਕ ਲੰਘਦਾ ਹੁੰਦਾ ਤਾਂ ਸਾਰੇ ਪਿੰਡ ਦੇ ਬੱਚੇ ਉਸ ਟਰੱਕ ਦੇ ਪਿਛੇ ਦੌੜਿਆ ਕਰਦੇ ਸਨ ਅਤੇ ਟਰੱਕ ਨੂੰ ਦੇਖ-ਦੇਖ ਕੇ ਖੁਸ਼ ਹੁੰਦੇ ਸਨ। ਰਾੜੇ ਸਾਹਿਬ ਨੂੰ ਸਵਾਏ ਨਹਿਰ ਦੀ ਪਟੜੀ ਦੇ ਜਿੰਨੇ ਰਾਹ ਵੱਖ-ਵੱਖ ਪਾਸਿਆਂ ਤੋਂ ਆਉਂਦੇ ਸਨ, ਉਹ ਸਾਰੇ ਉਡਾਰ ਦੇ ਰੇਤੇ ਨਾਲ ਭਰੇ ਹੋਇਆ ਕਰਦੇ ਸਨ ਜਿਨ੍ਹਾਂ ਵਿਚ ਚਲਣ ਲਈ ਚਮੜੇ ਦੀ ਜੁੱਤੀ ਲਾਹ ਕੇ ਤੁਰਿਆ ਜਾ ਸਕਿਆ ਕਰਦਾ ਸੀ। ਖੇਤੀ ਵਗੈਰਾ ਦਾ ਕੰਮ ਐਤਨਾ ਜ਼ਿਆਦਾ ਹੋਇਆ ਕਰਦਾ ਸੀ ਕਿ ਕਿਸੇ ਥਾਂ ਜਾਣ ਦੀ ਵਿਹਲ ਹੀ ਨਹੀਂ ਮਿਲਿਆ ਕਰਦੀ ਸੀ। ਖੇਤਾਂ ਨੂੰ ਪਾਣੀ ਦੇਣ ਲਈ ਹਲਟ ਅਤੇ ਇਸ ਤੋਂ ਪਹਿਲਾਂ ਚਰਸ ਚਲਿਆ ਕਰਦੇ ਸਨ। ਮੁਰੱਬੇਬੰਦੀ ਨਾ ਹੋਣ ਕਰਕੇ ਖੇਤ ਬਹੁਤ ਦੂਰ-ਦੂਰ ਪਿੰਡ ਦੇ ਚਾਰੇ ਪਾਸੇ ਖਿਲਰੇ ਹੋਇਆ ਕਰਦੇ ਸਨ ਅਤੇ ਖੇਤ ਤਕ ਪਹੁੰਚਣ ਲਈ ਕਾਫੀ ਸਮਾਂ ਲੱਗਿਆ ਕਰਦਾ ਸੀ, ਆਮ ਤੌਰ ਉਤੇ ਸਾਰੇ ਖੇਤੀ ਦੇ ਧੰਦੇ ਕਿਸਾਨ ਨੂੰ ਆਪ ਹੀ ਕਰਨੇ ਪਿਆ ਕਰਦੇ ਸਨ। ਅੱਜਕਲ੍ਹ ਵਾਂਗੂੰ ਖੇਤੀਬਾੜੀ ਕਰਨ ਲਈ ਅਤੇ ਹੋਰ ਕੰਮ ਕਰਨ ਲਈ ਪ੍ਰਵਾਸੀ ਮਜ਼ਦੂਰ ਨਹੀਂ ਆਇਆ ਕਰਦੇ ਸਨ। ਇਸ ਕਰਕੇ ਖੇਤੀ ਕਰਨੀ, ਪਸ਼ੂ ਸੰਭਾਲਣੇ ਅਤੇ ਘਰ ਦੇ ਹੋਰ ਛੋਟੇ ਮੋਟੇ ਕੰਮ ਕਰਨੇ ਆਪਣੇ ਸਿਰ ਹੀ ਹੋਇਆ ਕਰਦੇ ਸਨ ਪਰ ਜਦੋਂ ਉਸ ਸਮੇਂ ਦਾ ਅੱਜ ਦੇ ਸਮੇਂ ਨਾਲ ਮੁਕਾਬਲਾ ਕਰੀਏ ਤਾਂ ਬਹੁਤ ਹੀ ਹੈਰਾਨੀ ਹੁੰਦੀ ਹੈ ਕਿ ਅੱਜ ਦੇ ਬੱਚੇ ਮਾਂ ਬਾਪ ਦੇ ਕਹਿਣੇ ਵਿਚ ਨਹੀਂ ਰਹਿੰਦੇ। ਉਸ ਸਮੇਂ ਬੱਚੇ ਵੱਡਿਆਂ ਦਾ ਆਦਰ ਕਰਿਆ ਕਰਦੇ ਸਨ। ਕਹਿਣਾ ਮੰਨਿਆ ਕਰਦੇ ਸਨ, ਵਿਹਲੜ ਕੋਈ ਹੁੰਦਾ ਹੀ ਨਹੀਂ ਸੀ। ਪੜ੍ਹਨ ਦਾ ਰਿਵਾਜ਼ ਬਹੁਤ ਹੀ ਘੱਟ ਸੀ, ਜਦੋਂ ਬੱਚਾ ਸੋਟੀ ਫੜ ਕੇ ਡੰਗਰਾਂ ਨੂੰ ਮੋੜ ਸਕਣ ਦੇ ਕਾਬਲ ਹੋ ਜਾਂਦਾ ਸੀ ਉਸ ਵਕਤ ਉਸ ਨੂੰ ਡੰਗਰਾਂ ਦਾ ਪਾਲੀ ਬਣਾ ਦਿਤਾ ਜਾਂਦਾ ਸੀ। ਉਸ ਸਮੇਂ ਤੋਂ ਹੀ ਉਸ ਨੂੰ ਆਪਣੇ ਹੱਥੀਂ ਕੰਮ ਕਰਨ ਦੀ ਸੋਝੀ ਹੋ ਜਾਇਆ ਕਰਦੀ ਸੀ ਅਤੇ ਉਹ ਫਾਲਤੂ ਟਾਈਮ ਨਹੀਂ ਗਵਾਇਆ ਕਰਦਾ ਸੀ। ਤੇਰ੍ਹਾਂ-ਚੌਦਾਂ ਸਾਲਾਂ ਦਾ ਬੱਚਾ ਹੱਲ ਵਾਹੁਣ ਲਗ ਜਾਂਦਾ ਸੀ। ਮੇਰੇ ਯਾਦ ਹੈ ਰਕੜ ਜ਼ਮੀਨਾਂ ਵਿਚ ਹਲ ਚਲਾ ਕੇ ਢਿੱਡ ਪੱਕ ਜਾਇਆ ਕਰਦੇ ਸਨ। ਮਾਵਾਂ ਦੁੱਧ ਵਿਚ ਘੀ ਪਾ ਕੇ ਪੀਣ ਲਈ ਦਿੰਦੀਆਂ ਸਨ। ਸਕੂਲ ਬਹੁਤ ਹੀ ਘੱਟ ਹੋਇਆ ਕਰਦੇ ਸਨ। ਸਕੂਲ ਵਿਚ ਬੱਚੇ ਦਾਖਲ ਕਰਨ ਲਈ ਮਾਸਟਰ ਜੀ ਨੂੰ ਘਰ-ਘਰ ਜਾ ਕੇ ਕਹਿਣਾ ਪੈਂਦਾ ਸੀ ਕਿ ਸਕੂਲ ਵਿਚ ਬੱਚੇ ਪੜ੍ਹਾਓ। ਮੇਰੇ ਯਾਦ ਹੈ ਕਿ ਇਕ ਵਾਰੀ ਸਾਡੇ ਪੜੌਸੀ ਜਿਨ੍ਹਾਂ ਦਾ ਨਾਮ ਸਰਵਣ ਦਾਸ ਸੀ, ਉਹ ਦੂਰ ਦੇ ਪਿੰਡ ਦੇ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ, ਸਕੂਲ ਜ਼ਿਲਾ ਬਠਿੰਡੇ ਦੇ ਕਿਸੇ ਪਿੰਡ ਵਿਚ ਸੀ। ਮੈਨੂੰ ਉਨ੍ਹਾਂ ਕੋਲ ਠਹਿਰਣ ਦਾ ਮੌਕਾ ਬਣਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਬਹੁਤ ਥੋੜ੍ਹੇ ਬੱਚੇ ਸਕੂਲ ਵਿਚ ਪੜ੍ਹਨ ਆਉਂਦੇ ਹਨ। ਮਾਂ ਬਾਪ ਬੱਚਿਆਂ ਨੂੰ ਸਕੂਲ ਵਿਚ ਘੱਟ ਹੀ ਦਾਖਲ ਕਰਾਉਂਦੇ ਹਨ। ਮੈਂ ਸਵੇਰੇ ਆਪ ਘਰ-ਘਰ ਜਾ ਕੇ ਢਿੱਲੇ ਮੱਠੇ ਬੱਚਿਆਂ ਨੂੰ ਜਿਹੜੇ ਸਕੂਲ ਆਉਣਾ ਪਸੰਦ ਹੀ ਨਹੀਂ ਕਰਦੇ, ਲੈ ਕੇ ਆਇਆ ਕਰਦਾ ਹਾਂ ਪਰ ਇਸ ਦੇ ਵਿਪਰੀਤ ਰਾੜੇ ਸਾਹਿਬ ਦੇ ਆਲੇ-ਦੁਆਲੇ ਬਹੁਤ ਵੱਡੇ-ਵੱਡੇ ਪਿੰਡ ਸਨ ਜਿਵੇਂ ਕਿ ਘੁਡਾਣੀ, ਘਲੋਟੀ, ਧਮੋਟ ਆਦਿ। ਇਥੇ ਸਰਕਾਰੀ ਸਕੂਲ ਸਨ। ਮਾਪੇ ਬੱਚਿਆਂ ਨੂੰ ਪੜ੍ਹਨ ਭੇਜ ਦਿਆ ਕਰਦੇ ਸਨ ਪਰ ਪਰਿਵਾਰ ਵਿਚੋਂ ਇਕ ਜਾਂ ਦੋ ਨੂੰ ਹੀ ਪੜ੍ਹਾਉਂਦੇ ਸਨ, ਇਹ ਹਾਲ ਕਿਰਤੀ ਪਰਿਵਾਰਾਂ ਦਾ ਹੋਇਆ ਕਰਦਾ ਸੀ। ਜਦੋਂ ਬੱਚਾ ਸਕੂਲੋਂ ਵਾਪਸ ਆਉਂਦਾ ਉਸ ਵੇਲੇ ਘਰ ਦਾ ਛੋਟਾ ਮੋਟਾ ਕੰਮ ਉਸ ਤੋਂ ਹੀ ਕਰਾਇਆ ਜਾਂਦਾ ਸੀ। ਪਿੰਡ ਦੇ ਗੁਰਦੁਆਰੇ ਸੇਵਾ ਕਰਨ ਵਾਲੇ ਗ੍ਰੰਥੀ ਸਿੰਘ ਆਦਿ ਜਿਥੇ ਗੁਰੂ ਘਰ ਦੀ ਸੇਵਾ ਕਰਦੇ ਸਨ, ਉਥੇ ਨਾਲ ਹੀ ਉਨ੍ਹਾਂ ਦੀ ਪੂਰੀ ਡਿਊਟੀ ਬੱਚਿਆਂ ਨੂੰ ਪੜ੍ਹਾਉਣ ਦੀ ਵੀ ਹੋਇਆ ਕਰਦੀ ਸੀ। ਪਿੰਡਾਂ ਵਿਚ ਜੋ ਸੰਤਾਂ ਦੇ ਸਾਧਾਂ ਦੇ ਡੇਰੇ ਹੋਇਆ ਕਰਦੇ ਸਨ। ਉਥੇ ਵੀ ਸੰਤ ਬੱਚਿਆਂ ਨੂੰ ਪੜ੍ਹਾ ਦਿਆ ਕਰਦੇ ਸਨ, ਬੱਚੇ ਕਾਰੋਬਾਰ ਵਿਚੋਂ ਸਮਾਂ ਕੱਢ ਕੇ ਕੋਈ ਦੋ ਘੰਟੇ, ਕੋਈ ਤਿੰਨ ਘੰਟੇ ਅਤੇ ਗੁਰਦੁਆਰਾ ਸਾਹਿਬ ਅਤੇ ਡੇਰਿਆਂ ਵਿਚ ਪੜ੍ਹਨ ਜਾਇਆ ਕਰਦੇ ਸਨ ਅਤੇ ਫੇਰ ਆਪਣੇ ਕੰਮ ਵਿਚ ਜੁਟ ਜਾਇਆ ਕਰਦੇ ਸਨ। ਇਕ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿ ਜੋ ਗੁਰਦੁਆਰਿਆਂ ਵਿਚ ਬੱਚੇ ਪੜ੍ਹਦੇ ਸਨ ਜਾਂ ਮਹਾਂਪੁਰਸ਼ਾਂ ਦੇ ਡੇਰਿਆਂ ਤੇ ਪੜ੍ਹਦੇ ਸਨ, ਉਨ੍ਹਾਂ ਨੂੰ ਦੋ ਤਿੰਨ ਸਾਲਾਂ ਵਿਚ ਹੀ ਗੁਰਬਾਣੀ ਦਾ ਸ਼ੁਧ ਪਾਠ ਕਰਾ ਕੇ ਅਖੰਡਪਾਠੀ ਬਣਾ ਦੇਣਾ ਅਤੇ ਔਖੇ ਸ਼ਬਦਾਂ ਦੇ ਅਰਥ ਯਾਦ ਕਰਾ ਦਿਤੇ ਜਾਇਆ ਕਰਦੇ ਸਨ। ਉਹ ਦੋ ਤਿੰਨ ਸਾਲ ਵਿਚ ਹੀ ਚੰਗਾ ਵਿਦਵਾਨ ਬਣ ਜਾਇਆ ਕਰਦੇ ਸਨ। ਉਸ ਦੇ ਹਰ ਤਰ੍ਹਾਂ ਦੇ ਪਹਾੜੇ ਜ਼ੁਬਾਨੀ ਯਾਦ ਹੋ

ਜਾਇਆ ਕਰਦੇ ਸਨ ਅਤੇ ਮੁੱਢਲੇ ਸਵਾਲ ਕੱਢਣ ਦੀ ਉਹਦੇ ਵਿਚ ਸਮਤਾ ਹੋ ਜਾਇਆ ਕਰਦੀ ਸੀ। ਛੇਤੀ ਹੀ ਉਹ ਗੁਰਬਾਣੀ ਦੀ ਕਥਾ ਕਰਨ ਦੇ ਯੋਗ ਹੋ ਜਾਇਆ ਕਰਦਾ ਸੀ। ਉਸ ਨੂੰ ਪੌਰਾਣਕ ਕਥਾਵਾਂ, ਰਾਮਾਇਣ, ਮਹਾਂਭਾਰਤ ਅਤੇ ਹੋਰ ਧਾਰਮਕ ਗ੍ਰੰਥ ਯਾਦ ਹੋ ਜਾਇਆ ਕਰਦੇ ਸਨ। ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਉਣ ਤੋਂ ਪਹਿਲਾਂ ਬਾਲ ਬੋਧ ਪੜ੍ਹ ਕੇ ਹੀ ਪੰਜ ਗ੍ਰੰਥੀ ਦੀ ਸੰਥਿਆ ਦਿਤੀ ਜਾਂਦੀ ਸੀ। ਉਸ ਪਿਛੋਂ ਬਾਈ ਵਾਰਾਂ, ਭਗਤ ਬਾਣੀ ਪੜ੍ਹਾਈ ਜਾਂਦੀ ਸੀ। ਭਗਤ ਬਾਣੀ ਦੇ ਨਾਲ ਹੀ ਹਨੂੰਮਾਨ ਨਾਟਕ, ਭਾਂਬਰ ਸਿਮ੍ਰਤੀ, ਵਿਚਾਰ ਸਾਗਰ ਅਤੇ ਪ੍ਰਬੋਧ ਚੰਦ੍ਰ ਨਾਟਕ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਏ ਬਹੁਤ ਸੂਝ ਨਾਲ ਪੜ੍ਹਾਏ ਜਾਇਆ ਕਰਦੇ ਸਨ। ਦਸ ਗ੍ਰੰਥੀ ਜਿਸ ਵਿਚ ਗੁਰੂ ਦਸਵੇਂ ਪਾਤਸ਼ਾਹ ਦੀ ਬਾਣੀ ਦਰਜ਼ ਹੁੰਦੀ, ਉਹ ਵੀ ਪੜ੍ਹਾਈ ਜਾਇਆ ਕਰਦੀ ਸੀ। ਤਿੰਨ ਜਾਂ ਚਾਰ ਸਾਲ ਦੀ ਪੜ੍ਹਾਈ ਪਿਛੋਂ ਅੱਜ ਕਲ੍ਹ ਦੇ ਗ੍ਰੈਜੂਏਟ ਤੋਂ ਵੱਧ ਪੜ੍ਹਾਈ ਉਨ੍ਹਾਂ ਬੱਚਿਆਂ ਦੀ ਹੋਇਆ ਕਰਦੀ ਸੀ। ਪੰਜੇ ਬਾਣੀਆਂ, ਸੁਖਮਨੀ ਸਾਹਿਬ, ਸ੍ਰੀ ਆਸਾ ਜੀ ਦੀ ਵਾਰ ਉਨ੍ਹਾਂ ਬੱਚਿਆਂ ਦੇ ਜ਼ੁਬਾਨੀ ਯਾਦ ਹੋਇਆ ਕਰਦਾ ਸੀ ਅਤੇ ਉਹ ਵਾਜੇ ਨਾਲ ਸੋਹਣਾ ਕੀਰਤਨ ਵੀ ਕਰ ਲਿਆ ਕਰਦੇ ਸਨ। ਇਸ ਤਰ੍ਹਾਂ ਨਾਲ ਮੰਦਰਾਂ, ਮਸਜਿਦਾਂ ਵਿਚ ਪਾਠਸ਼ਾਲਾ ਅਤੇ ਮਕਤਬ ਹੋਇਆ ਕਰਦਾ ਸੀ। ਜਿਥੇ ਹਿੰਦੀ ਵਿਚ ਗ੍ਰੰਥ ਪੜ੍ਹਾਏ ਜਾਇਆ ਕਰਦੇ ਸਨ। ਮਸਜਿਦਾਂ ਵਿਚ ਕੁਰਾਨ ਸਰੀਫ ਦਾ ਪਾਠ ਕਰਾਇਆ ਜਾਂਦਾ ਸੀ। ਭਾਵੇਂ ਅੱਜਕਲ੍ਹ ਵਰਗੀ ਨਿਯਮਬੱਧ ਪੜ੍ਹਾਈ ਤਾਂ ਨਹੀਂ ਹੋਇਆ ਕਰਦੀ ਸੀ ਪਰ ਉਹ ਪੜ੍ਹੇ ਹੋਏ ਮੂਰਖ ਸ਼੍ਰੇਣੀ ਵਿਚ ਨਹੀਂ ਗਿਣੇ ਜਾਇਆ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਗਿਆਨ ਪ੍ਰਾਪਤ ਹੋ ਕੇ ਇਕ ਉਚੇ ਜੀਵਨ ਦੀ ਪ੍ਰਾਪਤੀ ਹੋ ਜਾਇਆ ਕਰਦੀ ਸੀ। ਜਦੋਂ ਅਸੀਂ ਅੱਜਕਲ੍ਹ ਦੀ ਪੜ੍ਹਾਈ ਦੇਖਦੇ ਹਾਂ ਤਾਂ ਇਹ ਵਿਦਿਆ ਚਰਿੱਤਰਹੀਣੇ, ਗੁਸਤਾਖ, ਨਿਕੰਮੇ, ਵਿਹਲੜ, ਬੇਅਸੂਲੇ ਜੀਵਨ ਵਾਲੇ ਬੱਚੇ ਪੈਦਾ ਕਰਦੀ ਹੈ। ਜਿਨ੍ਹਾਂ ਦੇ ਮਨਾਂ ਵਿਚ ਅਸ਼ਾਂਤੀ ਹੋਣ ਕਰਕੇ ਸੰਸਾਰ ਵਿਚ ਅਸ਼ਾਂਤੀ ਹੀ ਪੈਦਾ ਕਰਦੇ ਹਨ। ਇਹੀ ਕਾਰਨ ਹੈ ਕਿ ਗੁਰਦੁਆਰਿਆਂ ਅਤੇ ਡੇਰਿਆਂ ਦੇ ਪੜ੍ਹੇ ਹੋਏ ਵਿਦਿਆਰਥੀਆਂ ਦਾ ਜੀਵਨ ਚੰਗੇ ਸਾਧੂ, ਸੰਤਾਂ ਵਰਗਾ ਹੋਇਆ ਕਰਦਾ ਸੀ। ਉਚਾ ਜੀਵਨ ਹੋਣ ਕਰਕੇ ਭਾਵੇਂ ਆਰਥਕ ਸਾਧਨ ਬਹੁਤ ਹੀ ਘੱਟ ਸਨ ਪਰ ਤਾਂ ਵੀ ਤ੍ਰਿਸ਼ਨਾ ਦੀ ਅੱਗ ਉਨ੍ਹਾਂ ਨੂੰ ਜਾਲਿਆ ਨਹੀਂ ਸੀ ਕਰਦੀ। ਸੁਖ ਸ਼ਾਂਤੀ ਨਾਲ ਆਪਣੇ ਪਿੰਡਾਂ ਵਿਚ ਰਿਹਾ ਕਰਦੇ ਸਨ। ਜਦੋਂ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲੇ ਢੱਕੀ ਵਿਚ ਤਿਤਿਕਸ਼ਾ ਕਰ ਰਹੇ ਸਨ ਅਤੇ ਉਸ ਵੇਲੇ ਵੱਖਰੇ-ਵੱਖਰੇ ਪਿੰਡਾਂ ਤੋਂ ਬਹੁਤ ਸਾਰੇ ਜਗਿਆਸੂ ਜੋ ਪ੍ਰਭੂ ਦੇ ਮਿਲਾਪ ਦੀ ਸਿੱਕ ਰਖਦੇ ਸਨ, ਇਸ ਰਾੜਾ ਸਾਹਿਬ ਦੇ ਅਸਥਾਨ ਤੇ ਪਹੁੰਚਣੇ ਸ਼ੁਰੂ ਹੋ ਗਏ ਜਿਨ੍ਹਾਂ ਦਾ ਜੀਵਨ ਪਿਛਲੇ ਸਮੇਂ ਦੇ ਰਿਸ਼ੀਆਂ-ਮੁਨੀਆਂ ਦੀ ਰਹਿਣੀ ਬਹਿਣੀ ਵਾਂਗੂੰ ਕਲਜੁੱਗ ਵਿਚ ਪ੍ਰਤੱਖ ਰੂਪ ਵਿਚ ਪ੍ਰਗਟ ਪਹਾਰਾ ਜਾਪਦਾ ਸੀ। ਜਦੋਂ ਉਨ੍ਹਾਂ ਦੀ ਲਗਨ ਨੂੰ ਯਾਦ ਕਰੀਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਉਨ੍ਹਾਂ ਦੇ ਸਰੀਰ ਕਿੱਡੀ ਸਖਤ ਤਿਤਿਕਸ਼ਾ ਦੀ ਝਾਲ ਝਲ ਲਿਆ ਕਰਦੇ ਸਨ। ਅਜਿਹੇ ਪ੍ਰੇਮੀਆਂ ਨੇ ਇਕ ਵਾਰੀ ਸੰਤ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ਜਦੋਂ ਅਸੀਂ ਆਪਣੇ ਪੂਰਵਜ ਹੋ ਚੁਕੀਆਂ ਰੂਹਾਨੀ ਹਸਤੀਆਂ ਬਾਰੇ ਸੁਣਦੇ ਹਾਂ ਕਿ ਉਹ ਜੰਗਲਾਂ ਵਿਚ ਰਹਿ ਕੇ ਕੰਦ ਮੂਲ ਛਕ ਕੇ ਆਪਣੀਆਂ ਸਰੀਰਕ ਲੋੜਾਂ ਨੂੰ ਬਹੁਤ ਹੀ ਸੀਮਤ ਹੱਦ ਵਿਚ ਰੱਖ ਕੇ ਤਪ ਤਪਸਿਆ ਕਰਿਆ ਕਰਦੇ ਸਨ ਤਾਂ ਸਾਡੇ ਮਨ ਵਿਚ ਸ਼ੌਂਕ ਉਠਦਾ ਹੈ ਕਿ ਅਸੀਂ ਵੀ ਉਹ ਘਾਲਣਾ ਘਾਲੀਏ। ਇਹ ਵਿਛੜੀ ਜੀਵ ਆਤਮਾ ਆਪਣੇ ਪ੍ਰਭੂ ਵਿਚ ਅਭੇਦ ਹੋ ਸਕੇ। ਬਹੁਤ ਸਾਰੇ ਪ੍ਰੇਮੀ ਇਕੱਠੇ ਹੋ ਕੇ ਸੰਤ ਮਹਾਰਾਜ ਜੀ ਪਾਸ ਆਏ ਅਤੇ ਇਸ ਗੱਲ ਦੀ ਪ੍ਰਾਥਨਾ ਕੀਤੀ ਕਿ ਮਹਾਰਾਜ! ਅਸਾਡਾ ਜੀਅ ਕਰਦਾ ਹੈ ਕਿ ਅਸੀਂ ਚੁੱਪ ਧਾਰਨ ਕਰਕੇ ਮੋਨ ਰੱਖ ਲਈਏ ਅਤੇ ਇਕ ਰਸ ਪ੍ਰਭੂ ਦੇ ਸਿਮਰਨ ਵਿਚ ਲੀਨ ਹੋ ਜਾਈਏ। ਸੰਤ ਮਹਾਰਾਜ ਜੀ ਨੇ ਉਨ੍ਹਾਂ ਦੇ ਬਚਨ ਸੁਣ ਕੇ ਕਹਿਣ ਲੱਗੇ ਕਿ ਅਸਾਨੂੰ ਬੜੀ ਪ੍ਰਸੰਨਤਾ ਹੋਈ ਹੈ ਕਿ ਆਪ ਦੇ ਅੰਦਰ ਪ੍ਰਭੂ ਮਿਲਾਪ ਲਈ ਬੈਰਾਗ ਉਪਜਿਆ ਹੈ। ਦੋ ਤਰ੍ਹਾਂ ਦੀ ਤਿਤਿਕਸ਼ਾ ਹੋਇਆ ਕਰਦੀ ਹੈ। ਇਕ ਨੂੰ ਸਹਿਜ ਤਿਤਿਕਸ਼ਾ ਆਖਿਆ ਜਾਂਦਾ ਹੈ, ਦੂਸਰੀ ਨੂੰ ਹੱਠ ਤਿਤਿਕਸ਼ਾ ਕਹਿੰਦੇ ਹਨ। ਗੁਰੂ ਘਰ ਦੇ ਅੰਦਰ ਭਾਵੇਂ ਕਿਰਤ ਦੀ ਬਹੁਤ ਮਹਾਨਤਾ ਹੈ ਪਰ ਫੇਰ ਵੀ ਕੋਈ ਭਜਨ ਵਿਚ ਸਚਮੁਚ ਲੀਨ ਹੋਣਾ ਚਾਹੇ ਤਾਂ ਉਸ ਲਈ ਬੰਦਸ਼ ਨਹੀਂ ਹੈ। ਸਹਿਜ ਦੇ ਜੀਵਨ ਬਾਰੇ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ ਕਿ ਮੈਂ ਕੁਰਬਾਨ ਜਾਂਦਾ ਹਾਂ ਉਨ੍ਹਾਂ ਸਿੱਖਾਂ ਦੇ ਜੋ ਪਿਛਲ ਰਾਤੀ ਉਠ ਕੇ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ, ਇਕ ਮਨ ਹੋ ਕੇ ਗੁਰਮੰਤ੍ਰ ਦੀ ਅਰਾਧਣਾ ਕਰਦੇ ਹਨ ਅਤੇ ਸਾਧਸੰਗਤ ਦੇ ਦਰਬਾਰ ਜਾ ਜੁੜਦੇ ਹਨ। ਉਥੇ ਗੁਰਬਾਣੀ ਗਾਉਂਦੇ ਅਤੇ ਸੁਣਦੇ ਹਨ ਅਤੇ ਮਨ ਨੂੰ ਪ੍ਰਭੂ ਨਾਲ ਇਕਮਿਕ ਕਰਦੇ ਹਨ ਅਤੇ ਬਹੁਤ ਪਿਆਰ ਨਾਲ ਗੁਰੂ ਦੇ ਪੁਰਬ ਮਨਾਉਂਦੇ ਹਨ ਅਤੇ ਆਪਣੀ ਸੇਵਾ ਦਾ ਫਲ ਪ੍ਰਾਪਤ ਕਰਦੇ ਹਨ। ਇਸੇ ਤਰ੍ਹਾਂ ਨਾਲ ਆਪ ਫੁਰਮਾਨ ਕਰਦੇ ਹਨ ਕਿ ਮੈਂ ਉਸ ਗੁਰਸਿੱਖ ਤੋਂ ਘੋਲ ਘੁਮਾਈ ਜਾਂਦਾ ਹਾਂ ਜਿਸ ਵਿਚ ਨਿਮਰਤਾ (ਗਰੀਬੀ) ਆ ਜਾਵੇ, ਜੋ ਪਰ ਨਾਰੀ

(ਪੰਨਾ 21 ਦੀ ਬਾਕੀ)

ਦੇ ਨੇੜੇ ਨਹੀਂ ਜਾਂਦੇ, ਬਿਗਾਨੇ ਪੈਸੇ ਨੂੰ ਹੱਥ ਨਹੀਂ ਲਾਉਂਦੇ, ਪਰਾਈ ਨਿੰਦਾ ਚੁਗਲੀ ਸੁਣ ਕੇ ਉਸ ਨੂੰ ਵਰਜਦੇ ਹਨ, ਪਾਪ ਦੀ ਕਮਾਈ ਇਕੱਠੀ ਨਾ ਕਰਨ ਲਈ ਆਖਦੇ ਹਨ, ਆਪ ਸਤਿਗੁਰੂ ਦਾ ਉਪਦੇਸ਼ ਕਮਾਉਂਦੇ ਹਨ ਅਤੇ ਦੂਜਿਆਂ ਨੂੰ ਸਮਝਾਉਂਦੇ ਹਨ ਅਤੇ ਸੁਲਪ-ਸੀ ਨਿੰਦਰਾ ਸਰੀਰ ਲਈ ਕਰਦੇ ਹਨ। ਇਨ੍ਹਾਂ ਰਹਿਤਾਂ ਨੂੰ ਰੱਖਣ ਵਾਲਾ ਗੁਰਸਿੱਖ ਸਹਿਜ ਵਿਚ ਸਮਾਅ ਜਾਇਆ ਕਰਦਾ ਹੈ ਅਤੇ ਉਸ ਤੋਂ ਅੱਗੇ ਹੋਰ ਲਿਖਦੇ ਹਨ ਕਿ ਮੈਂ ਉਸ ਤੋਂ ਚਉਖੰਨੀਐ ਜਾਂਦਾ ਹਾਂ ਜਿਸ ਦਾ ਵਿਸ਼ਵਾਸ਼ ਅਤਿ ਸ਼ਰਧਾ ਭਰਿਆ ਹੋਵੇ ਅਤੇ ਉਹ ਗੁਰੂ ਅਤੇ ਪ੍ਰਮੇਸ਼ਰ ਨੂੰ ਇਕ ਕਰਕੇ ਜਾਣੇ, ਦੂਜਾ ਭਾਉ ਉਸ ਦੇ ਅੰਦਰ ਬਿਲਕੁਲ ਨਾ ਆਵੇ। ਔਗੁਣਾਂ ਨੂੰ ਛੱਡ ਕੇ ਗੁਣਾਂ ਨੂੰ ਧਾਰਨ ਕਰਕੇ ਜੀਵਨ ਬਤੀਤ ਕਰੇ। ਕਿਸੇ ਨੂੰ ਜ਼ੁਬਾਨ ਤੋਂ ਮੰਦਾ ਬੋਲ ਨਾ ਬੋਲੇ ਕਿਸੇ ਨਾਲ ਕੋਈ ਚਲਾਕੀ, ਧੋਖਾ ਨਾ ਕਰੇ। ਧਰਮ ਦੀ ਕਿਰਤ ਵਿਚੋਂ ਦਾਨ ਕਰੇ ਤੇ ਪਰਉਪਕਾਰ ਕਰਕੇ ਪ੍ਰਭੂ ਦੇ ਪਿਆਰ ਦਾ ਰਸ ਮਾਣੇ, ਅਜਿਹਾ ਗੁਰਸਿੱਖ ਦਰਗਾਹ ਵਿਚ ਮਾਣ ਪ੍ਰਾਪਤ ਕਰਦਾ ਹੈ। ਸੋ ਇਸੇ ਤਰ੍ਹਾਂ ਨਾਲ ਅੰਦਰਲੀਆਂ ਰਹਿਤਾਂ ਬਾਰੇ ਆਪ ਫੁਰਮਾਨ ਕਰਦੇ ਹਨ ਕਿ ਪਿਛਲੀ ਰਾਤੀਂ ਆਲਸ ਦਾ ਤਿਆਗ ਕਰਕੇ ਗੁਰਸਿੱਖ ਜਾਗ ਕੇ ਇਸ਼ਨਾਨ ਕਰੇ ਅਤੇ ਨਾਮ, ਦਾਨ, ਇਸ਼ਨਾਨ ਆਪਣੇ ਜੀਵਨ ਵਿਚ ਦ੍ਰਿੜ੍ਹ ਕਰਕੇ, ਮਿੱਠਾ ਬੋਲੇ, ਨਿਵ ਕੇ ਚੱਲੇ, ਆਪਣੀ ਕਿਰਤ ਕਮਾਈ ਵਿਚੋਂ ਦੇ ਕੇ ਭਲਾ ਮਨਾਵੇ। ਆਪਣੀ ਨੇਕ ਕਮਾਈ ਲਈ ਸ਼ੁਭ ਕਿਰਤ ਕਰੇ। ਜੇ ਗੁਰੂ ਮਹਾਰਾਜ ਜੀ ਨੇ ਮਾਇਆ ਦੇ ਗੱਫੇ ਬਖ਼ਸ਼ੇ ਹਨ ਤਾਂ ਮਾਣ ਧਾਰਨ ਨਾ ਕਰੇ ਸਗੋਂ ਨਿੰਮ/ਰਤਾ ਧਾਰ ਕੇ ਜੀਵਨ ਬਤੀਤ ਕਰੇ ਅਤੇ ਜਿਥੇ ਮਹਾਂਪੁਰਸ਼ ਕੀਰਤਨ ਕਰਦੇ ਹੋਣ ਉਥੇ ਦਿਨ ਹੋਵੇ, ਰਾਤ ਹੋਵੇ ਚੱਲ ਕੇ ਹਾਜ਼ਰੀ ਭਰੇ। ਸ਼ਬਦਿ ਸੁਰਤ ਦੀ ਕਮਾਈ ਰਾਹੀਂ ਗੁਰੂ ਦੇ ਧਿਆਨ ਵਿਚ ਲੀਨ ਹੋਇਆ ਮਨ ਨੂੰ ਪਰਚਾਅ ਕੇ ਰੱਖੇ। ਆਸਾ, ਅੰਦੇਸ਼ਿਆਂ ਤੋਂ ਮਨ ਨੂੰ ਉਚਾ ਰੱਖ ਕੇ ਵਰਤੇ। ਸੋ ਇਸ ਤਰ੍ਹਾਂ ਦੇ ਉਪਦੇਸ਼ ਦੇ ਕੇ ਆਪ ਜੀ ਨੇ ਫੁਰਮਾਇਆ ਕਿ ਪਿਆਰਿਓ! ਜੋ ਅਸੀਂ ਉਪਰ ਬਚਨ ਕਹੇ ਹਨ ਉਹ ਜੇ ਅਸੀਂ ਨਿਯਮ ਵਿਚ ਪੂਰੀ ਤਰ੍ਹਾਂ ਨਾਲ ਲਿਆ ਕੇ ਭਜਨ ਬੰਦਗੀ ਕਰੀਏ ਤਾਂ ਸਹਿਜੇ ਹੀ ਨਾਮ ਜਪਦਿਆਂ ਸੇਵਾ ਕਰਦਿਆਂ, ਉਚੀਆਂ ਅਵਸਥਾਵਾਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ ਪਰ ਜੇ ਨਾਮ ਦਾ ਰਸ ਐਨਾ ਅਰੂੜ ਹੋ ਜਾਵੇ ਕਿ ਗੱਲਬਾਤ ਕਰਿਆਂ ਤੋਂ ਵੀ ਰਸ ਨਾ ਟੁੱਟੇ, ਅਜਿਹਾ ਪ੍ਰੇਮੀ ਸਹਿਜ ਨਾਲ ਹੀ ਮੋਨ ਅਵਸਥਾ ਵਿਚੋਂ ਲੰਘ ਰਿਹਾ ਹੁੰਦਾ ਹੈ।

*'ਚਲਦਾ......।'*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਭਿਜਦਾ ਹੈ ਪਿਆਰ ਦੇ ਨਾਲ। ਪੈਸੇ ਟਕੇ ਦੀ ਲਿਹਾਜ਼ ਨਹੀਂ ਹੈ, ਰਾਜਾ ਸੀ ਓਸ ਥਾਂ ਦਾ ਲੇਕਿਨ ਪਿਆਰ ਵਾਲਾ ਸੀ, ਜਦੋਂ ਪਿਆਰ ਦੀ ਪ੍ਰਬਲਤਾ ਆਈ, ਤਾਂ ਉਸ ਵੇਲੇ ਗੁਰੂ ਨਾਨਕ ਨੇ ਛੌੜ ਕੱਟੇ ਬਜਰ ਕਪਾਟ ਤੜਾਕ ਦੇ ਕੇ ਖੋਲ੍ਹ ਕੇ, ਅਸਲੀਅਤ ਦਾ ਝਲਕਾ ਦਿਖਾ ਦਿਤਾ।

***ਜਿਮੀ ਜਮਾਨ ਕੇ ਬਿਖੈ ਸਮਸੱਤਿ ਏਕ ਜੋਤ ਹੈ***
***ਨਾ ਘਾਟ ਹੈ ਨ ਬਾਢ ਹੈ***
***ਨ ਬਾਢ ਘਾਟ ਹੋਤ ਹੈ। ਅਕਾਲ ਉਸਤਤਿ***

ਸੋ ਉਹ ਨੇਤਰਾਂ ਦੇ ਅੰਦਰ ਜੋਤੀ ਆ ਗਈ ਜਿਹੜੀ ਪ੍ਰਮੇਸ਼ਰ ਨੂੰ ਹਰ ਥਾਂ ਵਿਆਪਕ ਦੇਖਦੀ ਹੈ। ਸੋ ਇਸ ਤਰ੍ਹਾਂ ਪਿਆਰ ਦੇ ਨਾਲ, ਗੁਰੂ ਪੈਸੇ ਨਾਲ ਨਹੀਂ ਕਾਬੂ ਆਉਂਦਾ, ਨਾ ਭਿੱਜਦਾ ਹੈ। ਨਾ ਕਿਸੇ ਰਾਗ ਨਾਲ ਭਿੱਜਦਾ ਹੈ, ਨਾ ਗਾਣਿਆਂ ਨਾਲ ਭਿੱਜਦਾ ਹੈ, ਨਾ ਦਾਨ ਦਿੱਤੇ ਤੇ ਕੁਛ ਕਰੇ ਤੇ।

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ - ੯੬੨***

ਜਿਹੜਾ ਪਿਆਰ ਕਰਦਾ ਹੈ, ਹੁਣ ਵੀ ਗੁਰੂ ਦੂਰ ਨਹੀਂ ਹੈ। ਅੰਦਰ ਵਸਦਾ ਹੈ ਕਿਉਂਕਿ ਗੁਰੂ ਨਾਨਕ ਪਾਰਬ੍ਰਹਮ ਪ੍ਰਮੇਸ਼ਰ ਹੈ। ਗੁਰੂ ਬੇਅੰਤ ਨੇ ਸੰਸਾਰ ਦੇ ਅੰਦਰ ਪਰ ਪਾਰਬ੍ਰਹਮ ਪ੍ਰਮੇਸ਼ਰ ਕੇਵਲ ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ ਨੇ। ਬਾਕੀ ਗੁਰਮੁਖ ਹੋਇਆ ਕਰਦੇ ਨੇ, ਗੁਰਮੁਖਾਂ ਦੀ ਡਿਊਟੀ ਹੈ ਕਿ ਸੰਸਾਰ ਨੂੰ ਸਿੱਧੇ ਰਾਹ ਚਲਾਉਣਾ। ਪ੍ਰਮੇਸ਼ਰ ਦਾ ਰਸਤਾ ਦੱਸਣਾ, ਆਪ ਜਪਣਾ ਦੂਸਰਿਆਂ ਨੂੰ ਜਪਾਉਣਾ। ਆਪ ਮਿਲਣਾ ਤੇ ਦੂਸਰਿਆਂ ਨੂੰ ਮਿਲਾਉਣਾ। ਇਹ ਗੁਰਮੁਖਾਂ ਦਾ ਕੰਮ ਗੁਰੂ ਨੇ ਸਉਂਪਿਆ ਹੋਇਆ ਹੈ। ਸੋ ਗੁਰੂ ਗ੍ਰੰਥ ਸਾਹਿਬ ਦੇ ਉਤੇ ਨਿਹਚਾ ਰੱਖੋ, ਬਾਣੀ ਤੇ ਨਿਹਚਾ ਰੱਖੋ, ਡੋਲੋ ਨਾ ਕਿਸੇ ਪਾਸੇ। ਇਥੇ ਇਸ ਘਰ ਵਿਚ ਸਭ ਕੁਛ ਹੈ, ਛੱਡ ਕੇ ਜਾਣ ਦੀ ਲੋੜ ਨਹੀਂ ਹੈ, ਕੇਵਲ ਸਾਡੀ ਭਾਲ ਦੇ ਵਿਚ ਫਰਕ ਹੈ। ਢੂੰਡ 'ਚ ਫਰਕ ਹੈ, ਸਾਨੂੰ ਮਿਲ ਨਹੀਂ ਸਕਿਆ ਐਸਾ ਕੋਈ ਜਿਹੜਾ ਦਿਖਾ ਦੇਵੇ। ਸੋ ਏਸ ਕਰਕੇ ਸਾਧਸੰਗਤ ਜੀ! ਜੋ ਆਪਾਂ ਬਚਨ ਕੀਤੇ ਨੇ ਪਿਆਰ ਦੇ ਬਚਨ, ਬਹੁਤ ਘੱਟ ਬੰਦਿਆਂ ਨੂੰ ਪਤਾ ਹੈ ਕਿ ਰਾਇ ਬੁਲਾਰ ਦਾ ਗੁਰੂ ਨਾਨਕ ਨਾਲ ਐਨਾ ਪਿਆਰ ਸੀ ਤੇ ਪਿਆਰ ਦੇ ਵਿਚ ਗੁਰੂ ਨਾਨਕ ਦਾ ਰੂਪ ਸੀ, ਇਥੇ ਜਾਤ ਦਾ ਸਵਾਲ ਨਹੀਂ, ਜਾਤ ਦਾ ਮੁਸਲਮਾਨ ਸੀ, ਪਰ ਗੁਰੂ ਨਾਨਕ ਦੇ ਪਿਆਰ ਵਿਚ ਐਨਾ ਲੀਨ ਹੋਇਆ ਕਿ ਉਨ੍ਹਾਂ ਦਾ ਹੀ ਰੂਪ ਬਣ ਗਿਆ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ
# (ਸ਼ਹੀਦੀ ਦਿਵਸ - 12 ਦਸੰਬਰ 2018)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

***ਸਤਿਨਾਮੁ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥***
***ਅੰਗ - ੨੫੬***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥***
***ਅੰਗ - ੨੮੯***

***ਧਾਰਨਾ - ਲੇਖੇ ਵਿਚ ਲਾ ਲਓ ਜੀ,***
***ਜਨਮ ਤੁਮਾਰੇ ਲੇਖੇ***

***ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ***
***ਅਬ ਪਤੀਆਰੁ ਕਿਆ ਕੀਜੈ ॥***
***ਬਚਨੀ ਤੋਰ ਮੋਰ ਮਨੁ ਮਾਨੈ***
***ਜਨ ਕਉ ਪੂਰਨੁ ਦੀਜੈ ॥ ੧ ॥***
***ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥***
***ਕਾਰਨ ਕਵਨ ਅਬੋਲ ॥ ਰਹਾਉ ॥***
***ਬਹੁਤ ਜਨਮ ਬਿਛੁਰੇ ਥੇ ਮਾਧਉ***
***ਇਹੁ ਜਨਮੁ ਤੁਮ੍ਹਾਰੇ ਲੇਖੇ ॥***
***ਕਹਿ ਰਵਿਦਾਸ ਆਸ ਲਗਿ ਜੀਵਉ***
***ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪***

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ, ਕੰਨਾਂ ਨਾਲ ਬਾਣੀ ਸਰਵਣ ਕਰੋ, ਵਿਚਾਰ ਸਰਵਣ ਕਰੋ, ਬੁੱਧੀ ਨਾਲ ਉਚਾਰ ਕੇ ਹਿਰਦੇ 'ਚ ਧਾਰਨ ਕਰੋ, ਜਦੋਂ ਇਸ ਤਰ੍ਹਾਂ ਦੇ ਨਾਲ ਅਸੀਂ ਸਤਿਸੰਗ ਕਰਾਂਗੇ, ਸਾਨੂੰ ਪੂਰਾ-ਪੂਰਾ ਲਾਭ ਪ੍ਰਾਪਤ ਹੋਵੇਗਾ। ਅੱਜ ਦਾ ਜੋ ਸੰਸਾਰ ਦੇ ਅੰਦਰ ਮਹਾਨ ਦਿਨ ਹੈ, ਬਲੀਦਾਨ ਦਾ ਦਿਨ, ਇਹ ਬਹੁਤ ਹੀ ਸ਼ਰਧਾ ਭਾਵਨਾ ਨਾਲ ਸਿੱਖ ਜਗਤ ਵਿਚ ਮਨਾਇਆ ਜਾਂਦਾ ਹੈ। ਦੂਸਰੇ ਵੀ ਜੋ ਹਨ ਜਦੋਂ ਏਸ ਬਲੀਦਾਨ ਦੇ ਕਾਰਨਾਂ ਨੂੰ ਜਾਣ ਜਾਂਦੇ ਹਨ, ਉਨ੍ਹਾਂ ਦਾ ਵੀ ਸਿਰ ਸ਼ਰਧਾ ਨਾਲ ਝੁਕ ਜਾਇਆ ਕਰਦਾ ਹੈ, ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ, ਜੋ ਆਪ ਨੇ ਵੱਡਾ ਸਾਕਾ ਕੀਤਾ ਹੈ -

***ਕੀਨੋ ਬਡੋ ਕਲੂ ਮਹਿ ਸਾਕਾ।***

ਕਲਜੁਗ ਦੇ ਅੰਦਰ ਬਹੁਤ ਵੱਡਾ ਸਾਕਾ ਹੋਇਆ ਹੈ। ਉਹਦਾ ਪਿਛੋਕੜ ਕੀ ਹੈ। ਉਹਦੇ ਵਿਚ ਪਹਿਲਾਂ ਜੋ ਰਾਜਿਆਂ ਦੇ ਰਾਜ ਸਨ, ਇਸਲਾਮ ਆਪਣੇ ਆਪ ਦੇ ਵਿਚ ਬਹੁਤ ਚੰਗਾ ਹੈ, ਮਹਾਰਾਜ ਕਹਿੰਦੇ ਨੇ ਕਿ ਅਸਲੀ ਮੁਸਲਮਾਨ ਉਹ ਹੈ ਜਿਸ ਦਾ ਦਿਲ ਮੋਮ ਵਰਗਾ ਨਰਮ ਹੋਵੇ, ਜੋ ਕਿਸੇ ਦਾ ਦਿਲ ਨਾ ਤੋੜੇ -

***ਜੇ ਤਉ ਪਿਰੀਆ ਦੀ ਸਿਕ***
***ਹਿਆਉ ਨ ਠਾਹੇ ਕਹੀ ਦਾ ॥ ਅੰਗ - ੧੩੮੪***

ਬਾਬਾ ਫਰੀਦ ਜੀ ਜੋ ਇਸਲਾਮ ਦੇ ਬੜੇ ਹੀ ਪੂਜਨੀਕ ਸੂਫੀ ਪੀਰ ਸਨ, ਆਪ ਜੀ ਇਸ ਦੀ ਸਾਖੀ ਦਿੰਦੇ ਹੋਏ, ਫੁਰਮਾਨ ਕਰਦੇ ਨੇ ਕਿ ਜੇ ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ ਤਾਂ ਦਿਲ ਨਾ ਕਿਸੇ ਦਾ ਤੋੜ। ਬੜੀ ਵੱਡੀ ਗੱਲ ਹੈ, ਮੰਦਰ ਤੋੜ ਦੇਣ ਨਾਲ ਕੁਛ ਨਹੀਂ ਹੁੰਦਾ, ਦਿਲ ਤੋੜਨ ਨਾਲ ਬਹੁਤ ਵੱਡੀ ਗੱਲ ਹੋ ਜਾਂਦੀ ਹੈ। ਵਾਹਿਗੁਰੂ ਰੁੱਸ ਜਾਂਦਾ ਹੈ, ਕਿਉਂਕਿ ਅੰਦਰ ਵਸਦਾ ਹੈ, ਏਸ ਸਰੀਰ ਦੇ ਬਾਹਰ ਨਹੀਂ ਹੈ, ਵਾਹਿਗੁਰੂ ਦਾ ਮੰਦਰ ਹੈ ਇਨਸਾਨ। ਓਸ ਵੇਲੇ ਅਨੀਤੀਆਂ ਚਲ ਰਹੀਆਂ ਸੀ, ਜੇ ਅਸੀਂ ਗਹੁ ਨਾਲ ਵਿਚਾਰ ਕਰੀਏ, ਇਹ ਅਨੀਤੀਆਂ ਧੁਰ ਤੋਂ ਚਲੀਆਂ ਆਉਂਦੀਆਂ ਨੇ, ਮਨੁੱਖੀ ਅਧਿਕਾਰਾਂ ਦੀ ਅੱਜਕਲ੍ਹ ਗੱਲ ਹੋ ਰਹੀ ਹੈ। ਪਹਿਲਾਂ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖੀ ਅਧਿਕਾਰਾਂ ਦੀ ਗੱਲ ਕਰੀ।

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥***
***ਅੰਗ - ੧੫***

ਉਹ ਬੰਦੇ ਜਿਹੜੇ ਜਿਨ੍ਹਾਂ ਨੂੰ ਸਮਾਜ ਬਿਲਕੁਲ ਪੁਛਦਾ ਨਹੀਂ ਸੀ, ਮਹਾਰਾਜ ਉਨ੍ਹਾਂ ਦੇ ਪੱਖ ਵਿਚ ਖੜ੍ਹੇ ਹੋ ਗਏ, ਵੱਡਿਆਂ ਦੇ ਪੱਖ 'ਚ ਨਹੀਂ ਹੋਏ, ਲਾਲੋ ਦੇ ਪੱਖ ਵਿਚ ਖੜ੍ਹੇ ਹੋਏ ਜਿਸਨੂੰ ਬੜੀ ਮੁਸ਼ਕਲ ਮਿਹਨਤ ਦੇ ਨਾਲ ਦੋ ਟਾਈਮ ਖਾਣ ਜੋਗਾ ਹੀ ਮਿਲਦਾ ਸੀ, ਗੁਰੂ ਨਾਨਕ ਓਸ ਦੇ ਘਰ ਜਾਂਦੇ ਨੇ। ਪ੍ਰਸ਼ਾਦਾ ਛਕਣ ਵਾਸਤੇ ਬੇਨਤੀ ਕਰਦਾ ਹੈ। ਕੁਛ ਸਮੇਂ ਬਾਅਦ, ਮਰਦਾਨਾ ਦੇਖਦਾ ਹੈ ਕਿ ਬੜਾ ਗਰੀਬ ਹੈ ਤੇ ਮਹਾਰਾਜ ਨਾਲ ਅਸੀਂ ਉਦਾਸੀਆਂ 'ਤੇ ਨਿਕਲੇ ਹਾਂ। ਕਿਉਂਕਿ ਜਦੋਂ ਮਹਾਰਾਜ ਜੀ ਮੋਦੀਖਾਨੇ ਸਨ, ਕੋਈ ਥੋੜ੍ਹੀ ਬਚਤ ਨਹੀਂ ਸੀ ਹੁੰਦੀ, 790 ਰੁਪਏ ਮਹਾਰਾਜ ਜੀ ਦੇ ਨਿਕਲ ਆਏ, ਏਨਾਂ ਤੇਰਾ-ਤੇਰਾ-ਤੇਰਾ ਕਰਕੇ ਦੇਣ ਨਾਲ ਵੀ ਗੁਰੂ ਨਾਨਕ ਪਾਤਸ਼ਾਹ ਦੀ ਬਚਤ ਹੋ ਗਈ। 790 ਰੁਪਏ ਵਾਧੂ ਨਿਕਲੇ

ਹਿਸਾਬ ਕਿਤਾਬ ਵਿਚ। ਉਸ ਵੇਲੇ ਦੇ 790, ਹੁਣ ਦਾ ਮੋਟਾ ਹਿਸਾਬ ਹੈ ਕਿ ਇਕ ਰੁਪਿਆ ਅੱਜ ਦੇ ਦੋ ਸੌ ਰੁਪਏ ਦੇ ਬਰਾਬਰ ਹੈ। 790 ਨੂੰ ਤੁਸੀਂ ਦੋ ਸੌ ਨਾਲ ਕਰ ਲਓ, ਕਿੱਡੀ ਵੱਡੀ ਰਕਮ ਹੋ ਜਾਏਗੀ, ਇਕ ਲੱਖ 41-42 ਹਜ਼ਾਰ ਰੁਪਈਆ ਬਣ ਜਾਏਗਾ। ਐਨੀ ਬੱਚਤ ਜੇ ਅੱਜ ਕਿਸੇ ਨੂੰ ਹੁੰਦੀ ਉਹਦੇ ਘਰ ਪ੍ਰਸ਼ਾਦਾ ਸੋਹਣਾ ਬਣਦਾ ਹੈ, ਰਹਿਣ ਸਹਿਣ ਬਣ ਜਾਂਦਾ ਹੈ। ਕਿੰਨਾ ਹੀ ਲੁਟਾਉਂਦੇ ਸੀ, ਕਿੰਨਾ ਹੀ ਲੰਗਰ ਲਾਉਂਦੇ ਸੀ, ਲੇਕਿਨ ਫੇਰ ਵੀ ਬਹੁਤ ਵੱਡੀ ਰਕਮ ਸੀ, ਮਰਦਾਨਾ ਐਸੇ ਅਮੀਰ ਮਾਹੌਲ 'ਚੋਂ ਨਿਕਲ ਕੇ ਅਚਾਨਕ ਭਾਈ ਲਾਲੋ ਦੇ ਘਰ ਆ ਜਾਂਦਾ ਹੈ। ਖਿਆਲ ਹੈ ਕਿ ਗੁਰੂ ਨਾਨਕ ਬਹੁਤ ਵੱਡੇ ਨੇ, ਜਿਥੇ ਜਾਣਗੇ ਉਥੇ ਇਨ੍ਹਾਂ ਨੂੰ ਬਹੁਤ ਵਧੀਆ ਖਾਣਾ ਦਾਣਾ ਮਿਲੇਗਾ, ਵਧੀਆ ਖਲਾਉਣਗੇ। ਪਰ ਜਦੋਂ ਦੇਖਦਾ ਹੈ ਕਿ ਇਥੇ ਬਾਜਰੇ ਦੀ ਚੋਪੜੀ ਰੋਟੀ ਹੈ ਅਤੇ ਉਤੇ ਭੁਰਜੀ ਦੀ ਇਕ ਪਿੰਨੀ ਰੱਖੀ ਹੋਈ ਹੈ। ਮਹਾਰਾਜ ਜੀ ਵੱਲ ਦੇਖਣ ਲੱਗ ਗਿਆ। ਕਹਿੰਦੇ, ਕੀ ਦੇਖਦਾ ਹੈਂ? ਕਹਿੰਦਾ ਮਹਾਰਾਜ! ਇਹ ਤਾਂ ਹਰ ਘੁੱਟ ਨਾਲ ਪਾਣੀ ਪੀਣਾ ਪੈਣਾ ਹੈ ਤਾਂ ਅੰਦਰ ਲੰਘੇਗਾ, ਬਾਜਰਾ ਵੀ ਖੁਸ਼ਕ ਤੇ ਪਿੰਨੀ 'ਚ ਕੋਈ ਤਰੀ ਨਹੀਂ ਹੈ। ਮਹਾਰਾਜ ਕਹਿੰਦੇ, ਮਰਦਾਨਿਆਂ! ਛਕ ਕੇ ਦੇਖ, ਮਿਹਨਤ ਦੀ ਕਮਾਈ ਦੀ। ਕਿਰਤ ਦੇ ਵਿਚੋਂ, ਜੋ ਕਮਾਇਆ ਜਾਂਦਾ ਹੈ, ਉਹਦਾ ਰਸ ਆਪਣਾ ਹੋਇਆ ਕਰਦਾ ਹੈ, ਪਾਪ ਦੇ ਅੰਨ੍ਹ ਵਿਚ ਰਸ ਨਹੀਂ ਹੋਇਆ ਕਰਦਾ, ਕੁ-ਰਸ ਹੋਇਆ ਕਰਦਾ ਹੈ। ਜਿੰਨਾ ਜ਼ਿਆਦਾ ਸੁਆਦੂ ਭੋਜਨ, ਓਨੀਂ ਦੁਰਗੰਧ ਜ਼ਿਆਦਾ, ਪੀੜਾ ਜ਼ਿਆਦਾ।

ਜਿੰਨਾ ਭੋਜਨ ਸਾਦਾ, ਓਨੀਂ ਸਿਹਤ ਅੱਛੀ, ਓਨਾਂ ਮਨ ਸ਼ੁੱਧ, ਓਨੀਂ ਬਿਰਤੀ ਲੱਗੇਗੀ, ਓਨਾਂ ਰਸ ਅੰਦਰ ਪੈਦਾ ਹੋ ਜਾਏਗਾ। ਬਿਮਾਰੀ ਨੇੜੇ-ਤੇੜੇ ਨਹੀਂ ਆਉਂਦੀ, ਦੂਸਰੇ ਪਾਸੇ ਮਲਕ ਭਾਗੋ ਦੇ ਜੋ ਪੂੜੇ ਸੀ, ਜੋ ਕਚੌਰੀਆਂ ਸੀ, ਮਾਲ੍ਹ-ਪੂੜੇ ਸੀ, ਉਨ੍ਹਾਂ ਨੂੰ ਪਸੰਦ ਨਾ ਕੀਤਾ ਗਿਆ।

ਸੋ ਗੁਰੂ ਨਾਨਕ ਲਤਾੜਿਆਂ ਹੋਇਆਂ ਜਿਨ੍ਹਾਂ ਨੂੰ ਕੋਈ ਵੀ ਸਮਾਜ ਵਿਚ ਨਹੀਂ ਸੀ ਪੁੱਛਦਾ, ਉਨ੍ਹਾਂ ਦੇ ਪੱਖ ਵਿਚ ਖੜ੍ਹੇ ਹੋ ਗਏ, ਕਿਉਂਕਿ ਉਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਸੀ, ਉਨ੍ਹਾਂ ਦਾ ਵੀ ਅਧਿਕਾਰ ਸੀ, ਪ੍ਰਮੇਸ਼ਰ ਨੇ ਉਨ੍ਹਾਂ ਨੂੰ ਸੰਸਾਰ 'ਚ ਪੈਦਾ ਕੀਤਾ ਹੈ। ਦੁਨੀਆਂ ਦੇ ਕਿਸੇ ਬੰਦੇ ਦਾ ਹੱਕ ਨਹੀਂ ਹੈ ਕਿ ਕਿਸੇ ਦੂਸਰੇ ਬੰਦੇ ਨੂੰ ਐਨਾ ਨੀਵਾਂ ਲੈ ਜਾਵੇ ਕਿ ਉਹਦੀ ਸਾਰੀ ਤਰੱਕੀ ਰੋਕ ਦੇਵੇ। ਉਹਨੂੰ ਨੀਚ-ਨੀਚ ਕਹਿ ਕੇ ਸਮਾਜ ਦੇ ਵਿਚ ਫਿਟਕਾਰਾਂ ਪਾਵੇ, ਨੇੜੇ ਨਾ ਹੋਣ ਦੇਵੇ। ਹੁਣ ਮਨੁੱਖੀ ਅਧਿਕਾਰ ਕਹਿੰਦੇ ਨੇ। ਉਹ ਵੀ ਬਹੁਤ ਉਚੀ ਕਿਸਮ ਦੇ ਮਨੁੱਖੀ ਅਧਿਕਾਰ ਸੀ। ਉਹ ਦਿਵਾਏ ਜਾਂਦੇ ਸੀ, ਪਹਿਲਾਂ ਵੀ। ਸਤਿਜੁਗ 'ਚ ਵੀ ਦਿਵਾਏ ਗਏ, ਤ੍ਰੇਤੇ 'ਚ ਵੀ ਦਿਵਾਏ ਗਏ, ਦੁਆਪਰ ਵਿਚ ਵੀ ਦਿਵਾਏ ਗਏ। ਪਰ ਉਹ ਇਸ ਤਰ੍ਹਾਂ ਨਹੀਂ ਸੀ ਜਿਸ ਤਰ੍ਹਾਂ ਕਲਜੁਗ ਦੇ ਵਿਚ ਦਿਵਾਏ ਗਏ। ਕਲਜੁਗ ਦੇ ਵਿਚ ਜਿਸ ਵਕਤ ਰਾਜ ਆਇਆ ਵਿਦੇਸ਼ੀਆਂ ਦਾ, ਖਾਨਦਾਨ ਗੁਲਾਮਾਂ ਆਇਆ, ਤੁਗਲਕ ਵਗੈਰਾ ਆਏ, ਲੋਧੀ ਆਏ, ਇਹ ਸਾਰਿਆਂ ਦੇ ਅੰਦਰ ਮਜ਼ਬੀ ਤੌਰ 'ਤੇ ਸਿਖਿਆ ਮਿਲਣ ਕਰਕੇ, ਇਕ ਵੱਡੀ ਭਾਵਨਾ ਸੀ ਉਹ ਇਹ ਸੀ ਕਿ ਇਸਲਾਮ ਜਿਹੜਾ ਹੈ ਇਕ ਖੁਦਾ ਨੂੰ ਮੰਨਦਾ ਹੈ, ਇਕ ਖੁਦਾ ਦੀ ਪੂਜਾ ਕਰਦਾ ਹੈ, ਇਕ ਦਾ ਨਾਮ ਜਪਦਾ ਹੈ, ਉਹਦਾ ਜਿਹੜਾ ਵਿਸ਼ਵਾਸ਼ ਹੈ ਵੰਡਿਆ ਹੋਇਆ ਨਾ ਹੋਣ ਕਰਕੇ, ਉਹਦੇ ਵਿਚ ਬਹੁਤੀ ਸ਼ਕਤੀ ਹੈ। ਉਹ ਛੇਤੀ ਪ੍ਰਮੇਸ਼ਰ ਨੂੰ ਮਿਲ ਸਕਦਾ ਹੈ ਤੇ ਉਹਦਾ ਮਾਨਸ ਜਨਮ ਸਫਲ ਹੋ ਸਕਦਾ ਹੈ ਤੇ ਨਾਲ ਇਹ ਸੀ ਕਿ ਜਿੰਨੇ ਕੋਈ ਇਸਲਾਮ ਦੇ ਵਿਚ ਦੂਸਰੇ ਬੰਦਿਆਂ ਨੂੰ ਲਿਆਏਗਾ, ਓਨਾਂ ਸਵਾਬ ਪ੍ਰਾਪਤ ਹੋਏਗਾ, ਓਨਾਂ ਪੁੰਨ ਵੱਧ ਹੋਏਗਾ। ਕਿਉਂਕਿ ਭੁੱਲੇ ਹੋਏ ਬੰਦਿਆਂ ਨੂੰ, ਨਾਸਤਕ ਬੰਦਿਆਂ ਨੂੰ ਰੱਬ ਵਲ ਲੈ ਆਉਣਾ, ਬੜਾ ਭਾਰਾ ਪੁੰਨ ਹੋਇਆ ਕਰਦਾ ਹੈ। ਬੜਾ ਨੇਕ ਵਿਚਾਰ ਸੀ। ਸਾਰੇ ਧਰਮਾਂ ਦੇ ਅੰਦਰ ਹੈ। ਅਸੀਂ ਕਹਿੰਦੇ ਹਾਂ ਕਿ ਨਗੁਰਿਆਂ ਨੂੰ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦੇਈਏ। ਇਹਦਾ ਉਧਾਰ ਹੋ ਜਾਏਗਾ, ਮਾਨਸ ਜਨਮ ਸਫਲਾ ਹੋ ਜਾਏਗਾ। ਏਸੇ ਤਰ੍ਹਾਂ ਹਰ ਧਰਮ ਦੇ ਅੰਦਰ ਹੈ ਕਿ ਕਿਉਂਕਿ ਆਪਣੇ-ਆਪਣੇ ਮਜ਼੍ਹਬ ਨੂੰ ਹਰ ਬੰਦਾ ਪਿਆਰ ਕਰਦਾ ਹੈ ਤੇ ਬੜੌਤੀ ਦਿੰਦਾ ਹੈ। ਜੇ ਨਾ ਕਰਦਾ ਹੋਵੇ, ਤਾਂ ਦੂਸਰੇ ਦਾ ਮਜ਼੍ਹਬ ਅਖਤਿਆਰ ਕਰ ਲੈਂਦਾ ਹੈ ਕਿ ਇਹਦੇ ਵਿਚ ਤਾਂ ਕੁਛ ਨਹੀਂ ਹੈ। ਸੋ ਇਹ ਭਾਵਨਾ ਕੁਦਰਤੀ ਇਨਸਾਨ ਦੇ ਅੰਦਰ ਹੈ। ਕਲਜੁਗ ਦੇ ਅੰਦਰ ਜਿਸ ਵਕਤ ਇਸਲਾਮ ਦੇ ਹਮਲੇ ਹੋਣ ਲਗ ਗਏ, ਉਸ ਵੇਲੇ ਵਾਤਾਵਰਣ ਉਲਟ ਹੋ ਗਿਆ। ਪਹਿਲਾਂ ਹੋਰ ਤਰ੍ਹਾਂ ਸੀ, ਪਹਿਲਾਂ ਇਹ ਸੀ ਕਿ ਜੋ ਸਾਡਾ ਤਰੀਕਾ ਭਜਨ ਕਰਨ ਦਾ ਹੈ, ਨਾਮ ਜਪਣ ਦਾ ਹੈ, ਪੁੰਨ ਦਾਨ ਕਰਨ ਦਾ ਹੈ, ਉਹ ਹੋਰ ਜਾਤੀਆਂ ਨੂੰ ਮਨ੍ਹਾ ਸੀ ਕਿ ਉਹ ਨਹੀਂ ਕਰ ਸਕਦੇ ਇਸ ਤਰ੍ਹਾਂ। ਉਹ ਸਾਡੇ ਵਿਚ ਨਹੀਂ ਆ ਸਕਦੇ, ਸਾਡੇ ਜੋ ਨਾਮ ਅਸੀਂ ਓਅੰਕਾਰ ਦਾ ਲੈਂਦੇ ਹਾਂ, ਇਹ ਨਾਮ ਨਹੀਂ ਲੈ ਸਕਦੇ। ਇਥੇ ਤੱਕ ਪਾਬੰਦੀ ਸੀ ਕਿ ਬੀਬੀਆਂ ਵੀ ਓਅੰਕਾਰ ਨਹੀਂ ਸੀ ਕਹਿ ਸਕਦੀਆਂ। ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਏਕੰਕਾਰ, ਸਭ ਤੋਂ ਸ਼੍ਰੋਮਣੀ ਜੋ ਸਭ ਤੋਂ ਵੱਡਾ ਮੰਤਰ ਸੀ, ਜਿਸ ਨੂੰ ਬੀਜ ਮੰਤਰ ਆਖਿਆ ਜਾਂਦਾ ਹੈ, ਬੀਜ ਹੈ ਇਹ ਸਾਰੀ ਸ੍ਰਿਸ਼ਟੀ ਦੇ ਮੰਤਰਾਂ ਦਾ। ਓਸ ਵੇਲੇ ਬੜਾ ਇਤਰਾਜ਼ ਕੀਤਾ ਗਿਆ ਕਿ ਹੇ ਨਾਨਕ! ਤੂੰ ਤਾਂ ਕੁਰਾਹੀਆ ਹੋ ਗਿਆ, ਧਰਮ ਭ੍ਰਿਸ਼ਟ ਹੋ ਗਿਆ, ਤੂੰ ਮਰਿਆਦਾ ਬਦਲ ਦਿਤੀ। ਬੀਬੀਆਂ ਦਾ ਕੀ ਹੱਕ ਹੈ, ਓਅੰਕਾਰ ਦਾ ਨਾਮ ਲੈਣ ਦਾ।

ਛੋਟੀਆਂ ਜਾਤੀਆਂ ਦਾ, ਸ਼ੂਦਰਾਂ ਦਾ ਕੀ ਹੱਕ ਹੈ ਕਿ ਓਅੰਕਾਰ ਕਹਿ ਦੇਣ। ਮਹਾਰਾਜ ਜੀ ਨੇ ਦੱਸਿਆ ਕਿ ਇਸੇ ਪੜ੍ਹਦੇ ਦੇ ਵਿਚ ਏਕੰਕਾਰ ਹੈ ਇਹਦਾ ਦੋਸ਼ ਨਹੀਂ ਲਗਦਾ ਕਿਸੇ ਨੂੰ। ਲੇਕਿਨ ਉਸ ਵੇਲੇ ਦੀ ਸੰਸਕ੍ਰਿਤੀ ਇਹ ਸੀ ਕਿ ਜੋ ਸਾਡਾ ਤਰੀਕਾ ਪੂਜਾ ਪਾਠ ਦਾ ਹੈ ਉਹ ਦੂਸਰਾ ਨਾ ਕੋਈ ਕਰੇ। ਕਲਜੁਗ ਦੇ ਅੰਦਰ ਇਹ ਹੋ ਗਿਆ ਕਿ ਇਸਲਾਮ ਵਾਲਿਆਂ ਨੇ ਕਿਹਾ ਕਿ ਜਿਹੜਾ ਦੂਜਿਆਂ ਦਾ ਪੂਜਾ ਪਾਠ ਦਾ ਤਰੀਕਾ ਹੈ ਉਹਨੂੰ ਬੰਦ ਕਰ ਦਿਓ ਤੇ ਜਿਹੜਾ ਸਾਡਾ ਹੈ ਉਹਨੂੰ ਦੁਨੀਆਂ 'ਚ ਪ੍ਰਚਲਤ ਕਰ ਦਿਓ, ਕਿਉਂਕਿ ਇਹ ਸਭ ਤੋਂ ਸ੍ਰੇਸ਼ਟ ਹੈ। ਪਹਿਲੇ ਤਰੀਕੇ ਦੇ ਅੰਦਰ ਸ੍ਰੀ ਰਾਮ ਚੰਦਰ ਜੀ ਦੇ ਮੌਕੇ 'ਤੇ ਸੁੰਭਕ ਰਿਸ਼ੀ, ਇਥੇ ਦੀ ਜੋ ਆਦਿ ਜਾਤੀ ਸੀ, ਆਦਿ ਵਾਸੀ ਸੀ, ਉਸਨੇ ਭਜਨ ਕੀਤਾ। ਆਰੀਆਂ ਦਾ ਜੋ ਵੇਦਾਂ ਦਾ ਗਿਆਨ ਸੀ ਉਸਦਾ ਅਨੁਭਵ ਕਰਕੇ ਉਸਨੇ 'ਏਕੋ ਬ੍ਰਹਮ ਦੁਤੀਆ ਨਾਸਤਿ' ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਕਰ ਲਈ। ਧਰਮ ਦੇ ਜੋ ਉਸ ਵੇਲੇ ਦੇ ਵੱਡੇ ਠੇਕੇਦਾਰ ਸੀ, ਉਨ੍ਹਾਂ ਨੂੰ ਬੁਰਾ ਲੱਗਿਆ ਕਿ ਦੂਸਰੀ ਜਾਤੀ ਦਾ ਬੰਦਾ ਸਾਡੇ ਤਰੀਕੇ ਨਾਲ ਭਜਨ ਕਰਦਾ ਹੈ, ਸਾਡੇ ਗਿਆਨ ਦਾ ਪ੍ਰਚਾਰ ਕਰਦਾ ਹੈ। ਸ੍ਰੀ ਰਾਮ ਚੰਦਰ ਜੀ ਮਹਾਰਾਜ ਕੋਲ ਸ਼ਿਕਾਇਤ ਕੀਤੀ। ਅਚਾਨਕ ਇਕ ਬ੍ਰਾਹਮਣ ਦਾ ਲੜਕਾ ਮਰ ਗਿਆ, ਉਨ੍ਹਾਂ ਦਿਨਾਂ ਦੇ ਅੰਦਰ ਕੋਈ ਧਰਮ ਦੀ ਮਰਿਆਦਾ ਐਸੀ ਸੀ ਕਿ ਪਿਤਾ ਦੇ ਹੁੰਦੇ ਪੁੱਤਰ ਦੀ ਮੌਤ ਅਚਾਨਕ ਨਹੀਂ ਸੀ ਹੋਇਆ ਕਰਦੀ, ਯੁੱਧਾਂ, ਜੰਗਾਂ 'ਚ ਤਾਂ ਹੋ ਜਾਇਆ ਕਰਦੀ ਸੀ, ਲੇਕਿਨ ਅਚਾਨਕ ਨਹੀਂ ਸੀ ਹੁੰਦੀ। ਉਹਦੀ ਵਿਚਾਰ ਕੀਤੀ ਗਈ ਕਿ ਕੋਈ ਦੋਸ਼ ਹੈ ਸਾਡੇ ਦੇਸ਼ ਦੇ ਅੰਦਰ ਕਿ ਸ਼ੁੰਭਕ ਰਿਸ਼ੀ ਵੈਦਿਕ ਤਰੀਕੇ ਦੇ ਨਾਲ ਭਜਨ ਕਰਦਾ ਹੈ। ਇਹਦਾ ਹੱਕ ਨਹੀਂ ਹੈ ਕਿ ਸਾਡੇ ਧਰਮ ਦੇ ਮੁਤਾਬਿਕ ਕਰੇ, ਸਾਡੇ ਧਰਮ ਦੇ ਵਿਚ ਰਲ ਨਹੀਂ ਸਕਦਾ ਇਹ। ਅਸੀਂ ਏਸ ਨੂੰ ਕਿਸੇ ਤਰੀਕੇ ਦੇ ਨਾਲ ਸ਼ਾਮਿਲ ਨਹੀਂ ਕਰ ਸਕਦੇ। ਸ਼ੂਦਰ ਜਾਤੀਆਂ ਨਹੀਂ ਭਜਨ ਕਰ ਸਕਦੀਆਂ ਸੀ ਕਿ ਜੋ ਦੋ ਸੁਪਰੀਮ ਜਾਤੀਆਂ ਬ੍ਰਾਹਮਣ ਤੇ ਖਤਰੀਆਂ ਦਾ ਹੱਕ ਸੀ, ਦੂਸਰਿਆਂ ਦਾ ਹੱਕ ਨਹੀਂ ਸੀ, ਸ਼ੂਦਰਾਂ ਨੂੰ ਕੇਵਲ ਇਹ ਸੀ ਕਿ ਤੁਹਾਡਾ ਭਲਾ ਸੇਵਾ ਕਰਨ ਵਿਚ ਹੀ ਹੈ, ਤੁਹਾਨੂੰ ਨਵਾਂ ਜਨਮ ਮਿਲੇਗਾ। ਤਰੱਕੀ ਹੋਏਗੀ, ਤੁਸੀਂ ਵੈਸ਼ ਬਣੋਂਗੇ। ਵੈਸ਼ ਦੇ ਨਾਲ ਤੁਸੀਂ ਦੇਸ਼ ਦੀ ਅਮੀਰੀ ਨੂੰ ਵਧਾਓਂਗੇ, ਤਜਾਰਤਾਂ ਕਰੋਂਗੇ, ਹੋਰ ਖੇਤੀਆਂ ਬਾੜੀਆਂ ਕਰੋਂਗੇ, ਫੇਰ ਤੁਹਾਡੇ ਪੁੰਨ ਦਾਨ ਦਾ ਫਲ ਤੁਸੀਂ ਕਸ਼ਤਰੀ ਜਾਤੀ 'ਚ ਆਓਂਗੇ ਤੇ ਹੌਲੀ-ਹੌਲੀ ਬ੍ਰਾਹਮਣ ਦੇ ਵਿਚ ਆ ਜਾਓਂਗੇ। ਇਹ ਜਾਤੀਵਾਦ ਦਾ ਬਹੁਤ ਇਥੇ ਸਖਤ ਜਾਲ ਵਿਛਿਆ ਹੋਇਆ ਸੀ। ਸੋ ਅਖੀਰ ਸ੍ਰੀ ਰਾਮ ਚੰਦਰ ਜੀ ਨੂੰ ਬੇਨਤੀ ਕੀਤੀ, ਉਹ ਸਭ ਕੁਛ ਜਾਣਦੇ ਸੀ ਲੇਕਿਨ ਇਨ੍ਹਾਂ ਨੇ ਐਨਾ ਵਿਰੋਧ ਕਰ ਦਿਤਾ ਕਿ ਬ੍ਰਹਮ ਦਾਹ ਕਰ ਲਿਆ ਜਾਏਗਾ। ਅੱਗ ਲਾ ਕੇ ਬ੍ਰਾਹਮਣ ਮਰਨੇ ਸ਼ੁਰੂ ਹੋ ਜਾਣਗੇ, ਬ੍ਰਹਮ ਹੱਤਿਆ ਤੁਹਾਡੇ ਸਿਰ ਲੱਗੇਗੀ। ਉਹ ਅਵਤਾਰ ਹੁੰਦੇ ਹੋਏ, ਕਿਉਂਕਿ ਰਾਜੇ ਸੀ, ਰਾਜੇ ਦਾ ਅਸੂਲ ਹੁੰਦਾ ਹੈ ਉਸੇ ਅਸੂਲ ਦੇ ਅੰਦਰ ਸੀਤਾ ਜੀ ਦਾ ਤਿਆਗ ਕੀਤਾ, ਸਭ ਕੁਛ ਜਾਣਦੇ ਹੋਏ। ਉਸੇ ਅਸੂਲ ਦੇ ਅੰਦਰ ਆਪ ਸਤਿਲੁਜ ਨਦੀ ਦੇ ਕੰਢੇ ਆ ਕੇ, ਜਦੋਂ ਓਸ ਆਸ਼ਰਮ 'ਚ ਦਾਖਲ ਹੁੰਦੇ ਨੇ, ਉਸ ਵੇਲੇ ਆਪ ਫੁਰਮਾਨ ਕਰਦੇ ਨੇ ਕਿ ਆਹਾ! ਮੈਂ ਕਿੱਥੇ ਆ ਗਿਆ, ਕਿੰਨਾ ਸੁੰਦਰ ਵਾਤਾਵਰਣ ਹੈ, ਕਿਸ ਤਰ੍ਹਾਂ ਦੇ ਨਾਲ ਮੱਲੋਮੱਲੀ ਮਨ ਆਤਮਾ ਦੇ ਨਾਲ ਜੁੜਦਾ ਜਾਂਦਾ ਹੈ। ਕਿੰਨਾ ਆਨੰਦ ਆ ਰਿਹਾ ਹੈ, ਕਿੰਨਾ ਸੰਗੀਤ ਸੁਣਨ ਲਗ ਗਿਆ ਏਸ ਥਾਂ ਦੇ ਉਤੇ, ਕੌਣ ਹੈ ਜੋ ਇਸ ਥਾਂ ਦੇ ਉਤੇ ਤਪ ਕਰ ਰਿਹਾ ਹੈ ਤੇ ਜਿਸਦੀ ਚਰਨ ਛੋਹ ਦੇ ਨਾਲ ਇਹ ਧਰਤੀ ਪਵਿੱਤਰ ਹੋਈ ਹੈ। ਉਸ ਵੇਲੇ ਦੇ ਜੋ ਆਚਾਰੀਆ ਸੀ ਉਨ੍ਹਾਂ ਨੇ ਕਿਹਾ ਕਿ ਇਹੀ ਸ਼ੁੰਭਕ ਰਿਸ਼ੀ ਦਾ ਆਸ਼ਰਮ ਹੈ। ਸ਼ੁੰਭਕ ਰਿਸ਼ੀ ਸ੍ਰੀ ਰਾਮ ਚੰਦਰ ਜੀ ਦਾ ਆਦਰ ਕਰਨ ਵਾਸਤੇ ਫੂਲ ਮਾਲਾ ਵਗੈਰਾ ਲੈ ਕੇ ਆਉਂਦਾ ਹੈ ਤਾਂ ਉਸ ਵੇਲੇ ਉਹਨੂੰ ਦੱਸਿਆ ਜਾਂਦਾ ਹੈ ਕਿ ਤੈਨੂੰ ਮਾਰਨ ਵਾਸਤੇ ਸ੍ਰੀ ਰਾਮ ਚੰਦਰ ਇਥੇ ਆਏ ਸੀ। ਉਹ ਕਹਿੰਦਾ ਮੇਰੇ ਤਾਂ ਧੰਨ ਭਾਗ ਨੇ ਕਿ ਐਸੇ ਹਸਤ ਕਮਲਾਂ ਦੇ ਨਾਲ ਮੇਰੇ ਸਰੀਰ ਦਾ ਵਿਨਾਸ਼ ਹੋਏਗਾ। ਕਿੰਨਾ ਪਵਿੱਤਰ ਹੈ ਇਹ ਵਾਤਾਵਰਣ ਕਿ ਮੈਨੂੰ ਆਪ ਆ ਕੇ ਉਹ ਬੱਧ ਕਰਨਗੇ। ਉਹ ਮਾਰਿਆ ਗਿਆ ਰਿਸ਼ੀ, ਇਸ ਕਰਕੇ ਕਿ ਉਹਨੇ ਵੈਦਿਕ ਤਰੀਕੇ ਨਾਲ ਭਜਨ ਕਰਨਾ ਸ਼ੁਰੂ ਕਰ ਦਿਤਾ ਸੀ।

ਇਸੇ ਤਰ੍ਹਾਂ ਦੇ ਨਾਲ ਦੁਆਪਰ ਵਿਚ, ਦੂਸਰੀ ਮਾੜੀ ਗੱਲ ਗੁਲਾਮ ਪ੍ਰਥਾ ਸੀ। ਜਦ ਤੋਂ ਇਨਸਾਨ ਬਣਿਆ ਹੈ, ਇਕ ਇਹਦੇ ਵਿਚ ਬੜੀ ਜ਼ਬਰਦਸਤ ਕਮਜ਼ੋਰੀ ਸੀ ਕਿ ਗਰੀਬਾਂ, ਨਿਮਾਣਿਆਂ-ਨਿਤਾਣਿਆਂ ਨੂੰ ਫੜ ਕੇ ਜ਼ਬਰਦਸਤੀ ਆਪਣੇ ਦਾਸ, ਗੁਲਾਮ ਬਣਾ ਲੈਂਦਾ ਸੀ। ਸਾਰੇ ਸੰਸਾਰ ਦੇ ਅੰਦਰ ਇਹ ਪ੍ਰਥਾ ਚੱਲ ਰਹੀ ਸੀ, ਗੁਲਾਮ ਬਣਾਉਣ ਦੀ। ਗੁਰੂ ਨਾਨਕ ਨੇ ਇਸਦੇ ਖਿਲਾਫ ਵਿਦਰੋਹ ਕਰਿਆ। ਉਹਨੇ ਕਿਹਾ ਕਿ ਗੁਲਾਮ ਤਾਂ ਮੈਂ ਹਾਂ, ਪਰ ਮੈਂ ਆਪਣੇ ਮਾਲਕ ਦਾ ਗੁਲਾਮ ਹਾਂ –

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥***

***ਅੰਗ – ੯੯੧***

ਪਰ ਇਹ ਜਿਹੜੀ ਪ੍ਰਥਾ ਚੱਲ ਰਹੀ ਹੈ, ਉਹਦੇ ਬਾਰੇ ਗੁਰੂ ਮਹਾਰਾਜ ਨੇ ਯੂ.ਪੀ. ਦੇ ਵਿਚ ਜਾ ਕੇ ਰਾਮਪੁਰ ਜ਼ਿਲੇ 'ਚ ਓਸ ਥਾਂ ਪੰਜ ਚਾਰ ਥਾਓਂ ਗ੍ਰਿਫਤਾਰੀਆਂ ਦੇ ਕੇ, ਗੁਲਾਮ ਬਣੇ, ਕਿਉਂਕਿ ਉਹ ਗੜ੍ਹ ਸੀਗਾ, ਓਸ ਥਾਂ ਬੰਦੇ ਵੇਚੇ ਜਾਂਦੇ

ਸੀ। ਗੁਰਦੁਆਰੇ ਬਣ ਚੁੱਕੇ ਨੇ ਹੁਣ ਓਸ ਥਾਂ ਦੇ ਉਤੇ। ਉਥੇ ਨਿਖਾਸ ਬਜ਼ਾਰ ਲਗਦਾ ਸੀ, ਬੰਦੇ ਵੇਚਣ ਦਾ ਬਜ਼ਾਰ। ਜਿਹੜੇ ਪਠਾਣ ਸੀ, ਰਾਮਪੁਰ ਵਾਲੇ, ਨਜੀਬਾਬਾਦ ਵਾਲੇ, ਬੜੇ ਡਾਹਢੇ ਸੀ, ਬੰਦਿਆਂ ਨੂੰ ਫੜ ਲੈਣਾ, ਰਾਹੀਆਂ ਨੂੰ ਤੇ ਭਾਈ ਹਰਾ ਜੀ ਸ੍ਰੀ ਗੁਰੂ ਨਾਨਕ ਦੇਵ ਦੇ ਸਿੱਖ, ਉਹ ਵੀ ਫੜ ਲਏ ਗਏ। ਉਨ੍ਹਾਂ ਬੰਦਿਆਂ ਨੂੰ ਵੇਚ ਦਿੰਦੇ ਸੀ। ਗੁਰੂ ਨਾਨਕ ਉਨ੍ਹਾਂ ਨੂੰ ਛੁਡਾਉਣ ਵਾਸਤੇ ਆਪ ਗੁਲਾਮ ਬਣੇ ਤੇ ਉਨ੍ਹਾਂ ਨੂੰ ਸਿੱਧੇ ਰਸਤੇ ਪਾਇਆ ਕਿ ਗੁਲਾਮੀ ਬੜੀ ਮਾੜੀ ਚੀਜ਼ ਹੈ, ਲੇਕਿਨ ਗੁਲਾਮੀ ਫੇਰ ਵੀ ਨਾ ਹਟੀ, ਹਿੰਦੂ ਰਾਜਿਆਂ ਦੇ ਹਜ਼ਾਰਾਂ ਦੀ ਤਾਦਾਦ ਵਿਚ ਦਾਸ ਤੇ ਦਾਸੀਆਂ ਹੋਇਆ ਕਰਦੀਆਂ ਸੀ। ਸਿੱਖ ਰਾਜਿਆਂ ਦੇ ਵੀ ਗੋਲੇ ਹੋਇਆ ਕਰਦੇ ਸੀ, ਗੋਲਿਆਂ ਦੇ ਹੁਣ ਤੱਕ ਵੀ ਘਰ ਚਲਦੇ ਨੇ, ਗੋਤ ਵੀ ਗੋਲੇ ਬਣ ਗਿਆ ਉਹ। ਸੋ ਮਨੁੱਖ ਨੂੰ ਉਹਦੇ ਸਾਰੇ ਹੱਕਾਂ ਤੋਂ ਮਹਿਰੂਮ ਕਰਕੇ ਆਪਣਾ ਗੁਲਾਮ ਬਣਾ ਲੈਣਾ, ਕੋਈ ਤਰੱਕੀ ਦਾ ਮੌਕਾ ਨਹੀਂ ਉਹਨੂੰ, ਕੋਈ ਭਜਨ ਕਰਨ ਦਾ ਵਕਤ ਹੈ ਨਹੀਂ। ਇਸ ਤਰ੍ਹਾਂ ਦੇ ਨਾਲ ਇਹ ਮਨੁੱਖ ਦੀ ਕਮਜ਼ੋਰੀ ਤੁਰੀ ਆਈ ਹੈ। ਜੇ ਅਸੀਂ ਇਸਲਾਮ ਵਾਲਿਆਂ ਨੂੰ ਦੋਸ਼ ਦੇਈਏ, ਬਿਲਕੁਲ ਗਲਤ ਹੈ। ਉਨ੍ਹਾਂ ਦੇ ਅੰਦਰ ਇਕ ਹੋਰ ਭਾਵਨਾ ਸੀ ਉਲਟ ਸੀ। ਉਹ ਕਹਿੰਦੇ ਸੀ ਕਿ ਜਿਹੜਾ ਇਸਲਾਮ ਦਾ ਰਸਤਾ ਹੈ, ਪੈਗੰਬਰ ਆਖਰੀ ਆਇਆ ਹੈ ਤੇ ਰੱਬ ਦਾ ਇਲਹਾਮ ਲੈ ਕੇ ਆਇਆ ਹੈ, ਉਹ ਵਿਸ਼ਵਾਸ਼ ਇਹ ਕਹਿੰਦਾ ਸੀ ਕਿ ਜੋ ਇਸਲਾਮ ਵਿਚ ਆ ਗਿਆ, ਜਿਸਨੇ ਕਲਮਾ ਪੜ੍ਹ ਲਿਆ ਉਹ ਦੋਜ਼ਕ ਵਿਚ ਨਹੀਂ ਆਏਗਾ, ਜਿਸ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਉਤੇ ਯਕੀਨ ਲੈ ਆਂਦਾ, ਉਹ ਦੋਜ਼ਕ 'ਚ ਨਹੀਂ ਜਾਏਗਾ। ਦੋ ਤਰ੍ਹਾਂ ਦੇ ਨਾਲ ਪ੍ਰਚਾਰ ਹੋਇਆ ਹੈ। ਇਕ ਸੂਫੀ ਪੀਰਾਂ ਨੇ ਕਰਿਆ, ਉਨ੍ਹਾਂ ਨੇ ਪਿਆਰ ਤੇ ਪ੍ਰੇਮ 'ਤੇ ਗੱਲ ਸਮਝਾ ਕੇ ਪ੍ਰਚਾਰ ਕਰਿਆ। ਜਿੰਨੇ ਸੂਫੀਆਂ ਨੇ ਇਸਲਾਮ ਦੇ ਵਿਚ ਲਿਆਂਦੇ ਲੋਕ ਓਨੇ ਤਲਵਾਰਾਂ ਵਾਲਿਆਂ ਨੇ ਨਹੀਂ ਲਿਆਂਦੇ। ਤਲਵਾਰਾਂ ਵਾਲਿਆਂ ਨੇ ਉਨ੍ਹਾਂ ਤੋਂ ਹਜ਼ਾਰਾਂ ਗੁਣਾਂ ਵੱਧ ਤਲਵਾਰਾਂ ਨਾਲ ਕੱਟ ਕੇ ਮਾਰ ਦਿਤੇ। ਉਲਟਾ ਦੌਰ ਸੀ। ਇਹ ਨਹੀਂ ਸੀਗਾ ਕਿ ਆਰੀਅਨ ਕਿ ਇਹ ਸਾਡੇ ਤਰੀਕੇ ਨਾਲ ਭਗਤੀ ਨਹੀਂ ਕਰ ਸਕਦਾ, ਸਾਡੇ ਓਅੰਕਾਰ ਦਾ ਨਾਮ ਨਹੀਂ ਲੈ ਸਕਦਾ, ਰਾਮ ਨਹੀਂ ਕਹਿ ਸਕਦਾ, ਜੇ ਕਹਿ ਦਿੰਦਾ ਸੀ ਜ਼ੁਬਾਨ ਕੱਟੀ ਜਾਂਦੀ, ਜੇ ਉਹਨੇ ਕਿਤੇ ਵੇਦ ਮੰਤਰ, ਗਿਆਨ ਦੀ ਬਾਤ ਸੁਣ ਲਈ, ਉਹਦੇ ਕੰਨਾਂ ਵਿਚ ਸਿੱਕਾ ਭਰ ਦਿਤਾ ਜਾਂਦਾ। ਇਹ ਕਿਹੜਾ ਥੋੜ੍ਹੀ ਜ਼ਾਲਮਤਾ ਸੀ। ਬਹੁਤ ਜ਼ਿਆਦਾ ਸੀ, ਦੂਸਰਿਆਂ ਨੂੰ ਅਸੀਂ ਦੋਸ਼ ਦਿੰਦੇ ਹਾਂ। ਸਾਡੇ ਵੀ ਇਸੇ ਤਰ੍ਹਾਂ ਸੀ, ਜਿਸ ਵਕਤ ਉਹ ਬੰਦਾ ਚਲਦਾ ਸੀ, ਕਹਿੰਦੇ ਪੈੜਾਂ ਮਿਟਾ ਦਿਓ, ਉਹਦੇ ਪਿੱਛੇ ਇਕ ਝਾਫਾ ਬੰਨ੍ਹ ਦਿਤਾ ਜਾਂਦਾ ਸੀ, ਉਹ ਗਰਦ ਉਡਾਉਂਦਾ ਤੁਰਿਆ ਜਾਂਦਾ ਸੀ। ਫੇਰ ਨੇਕ ਤੋਂ ਨੇਕ ਅਸੀਂ, ਕਿਉਂਕਿ ਅਸੀਂ ਓਸ ਜਾਤੀ ਨਾਲ ਸਬੰਧ ਰੱਖ ਕੇ ਆਪਣੇ ਔਗੁਣਾਂ ਨੂੰ ਨਹੀਂ ਦੇਖਦੇ। ਇਹ ਗੁਰੂ ਨੇ ਦੇਖੇ, ਗੁਰੂ ਦਸ਼ਮੇਸ਼ ਪਿਤਾ ਨੇ ਦੇਖੇ ਕਿ ਇਹ ਇਨਸਾਨ ਦੇ ਉਤੇ ਧੱਕਾ ਕਿਉਂ ਹੋ ਰਿਹਾ ਹੈ ਜੋ ਨਹੀਂ ਹੋਣਾ ਚਾਹੀਦਾ। ਆਦਮੀ ਆਜ਼ਾਦ ਜੰਮਿਆ ਹੈ, ਉਹ ਆਜ਼ਾਦ ਰਹਿਣਾ ਚਾਹੀਦਾ ਹੈ। ਗੁਲਾਮ ਨਹੀਂ ਬਣਨਾ ਚਾਹੀਦਾ। ਗੁਲਾਮੀ ਨੂੰ ਪਸੰਦ ਨਹੀਂ ਕੀਤਾ ਗਿਆ।

ਸੋ ਇਸ ਤਰ੍ਹਾਂ ਸਮਾਂ ਚਲਦਾ-ਚਲਦਾ ਜਿਵੇਂ ਮੈਂ ਬੇਨਤੀ ਕੀਤੀ ਹੈ, ਉਹਨੇ ਕਰਵਟ ਲਈ, ਬਦਲ ਗਿਆ। ਹੁਣ ਇਹ ਆ ਗਿਆ, ਇਸਲਾਮ ਦੇ ਅੰਦਰ ਕਿ ਸਾਰੀ ਦੁਨੀਆਂ ਨੂੰ ਏਸ ਧਰਮ ਦੇ ਵਿਚ ਲਿਆਂਦਾ ਜਾਵੇ, ਤਾਂ ਕਿ ਸਾਰੇ ਅੱਲਾਹ ਪਾਕ ਦਾ ਕਲਮਾ ਪੜ੍ਹਨ ਤੇ ਬਹਿਸ਼ਤਾਂ ਨੂੰ ਜਾਣ। ਹਿੰਦੂਆਂ ਦੇ ਦੇਵੀ ਦੇਵਤਿਆਂ ਨੂੰ ਦੇਖ ਕੇ ਉਹ ਤਰਕ ਕਰਦੇ ਸੀ ਕਿ ਪ੍ਰਮੇਸ਼ਰ ਤੋਂ ਬੇਮੁਖ ਹੋ ਕੇ ਬਹੁ ਦੇਵ ਪੂਜਾ ਦੇ ਵਿਚ ਪਏ ਹੋਏ ਨੇ। ਇਨ੍ਹਾਂ ਦਾ ਇਕ ਦੇ ਉਤੇ ਭਰੋਸਾ ਨਹੀਂ ਹੈ, ਇਨ੍ਹਾਂ ਦੀਆਂ ਮੂਰਤੀਆਂ ਤੋੜ ਦਿਓ, ਮੰਦਰ ਢਾਹ ਦਿਓ ਤਾਂ ਕਿ ਇਹ ਇਸਲਾਮ ਦੇ ਵਿਚ ਆ ਜਾਣ, ਲੇਕਿਨ ਕੁਵਰਤੋਂ ਜਿਹੜੀ ਕੀਤੀ ਗਈ, ਉਹ ਇਹ ਕੀਤੀ ਗਈ ਕਿ ਜਿਹੜਾ ਨਹੀਂ ਮੰਨਦਾ, ਉਹਨੂੰ ਕਾਫਰ ਦਾ ਨਾਮ ਦਿਓ। ਕਾਫਰ ਨੂੰ ਮਾਰ ਦੇਣਾ, ਪੁੰਨ ਗਿਣਿਆ ਗਿਆ। ਕਾਫਰ ਨੂੰ ਮਾਰ ਦਿਓ, ਉਹਦਾ ਜੀਉਣ ਦਾ ਹੱਕ ਨਹੀਂ ਹੈ, ਕੁਫਰ ਦੇ ਵਿਚ, ਕਿਉਂਕਿ ਉਹ ਨਾਸਤਕ ਖਿਆਲ ਫੈਲਾਉਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਨੂੰ ਬਹਾਦਰਸ਼ਾਹ ਨੇ ਪੁਛਿਆ, ਕਹਿਣ ਲੱਗਿਆ, ਗੁਰੂ ਜੀ! ਤੁਸੀਂ ਵੀ ਇਕ ਖੁਦਾ ਨੂੰ ਮੰਨਦੇ ਓਂ, ਅਸੀਂ ਵੀ ਇਕ ਖੁਦਾ ਨੂੰ ਮੰਨਦੇ ਹਾਂ। ਪਰ ਦੇਖੋ ਅਜੀਬ ਗੱਲ ਇਹ ਹੈ ਕਿ ਇਹ ਹਿੰਦੂ ਮੂਰਤੀਆਂ ਆਪੇ ਹੀ ਬਣਾ ਲੈਂਦੇ ਨੇ ਮੰਦਰਾਂ 'ਚ, ਫੇਰ ਰਲ ਕੇ ਸਾਰੇ ਉਹਦੇ ਅੱਗੇ ਮੱਥਾ ਟੇਕਦੇ ਨੇ। ਤੁਹਾਡਾ ਇਹਦੇ ਬਾਰੇ ਕੀ ਖਿਆਲ ਹੈ। ਮਹਾਰਾਜ ਕਹਿਣ ਲੱਗੇ, ਬਹਾਦਰਸ਼ਾਹ! ਮਜ਼੍ਹਬ ਕਿਸੇ ਨੂੰ ਨਹੀਂ ਤਾਰਿਆ ਕਰਦਾ, ਭਾਵਨਾ ਤਾਰਦੀ ਹੈ। ਜੇ ਤੇਰੇ ਇਸਲਾਮ ਦੇ ਅੰਦਰ ਭਾਵਨਾ ਨਹੀਂ ਹੈ, ਭਾਉ ਨਹੀਂ ਹੈ, ਪਿਆਰ ਨਹੀਂ ਹੈ, ਪ੍ਰਤੀਤ ਨਹੀਂ ਹੈ ਤਾਂ ਉਹ ਤਰ ਨਹੀਂ ਸਕਦਾ। ਖੋਟਾ ਸਿੱਕਾ ਕਿਸੇ ਦਾ ਵੀ ਨਹੀਂ ਚੱਲਿਆ ਕਰਦਾ। ਬਾਕੀ ਹੈ ਕਿ ਸਾਡੇ ਵਿਚ ਵੀ ਇਹ ਭਾਵਨਾ ਨਹੀਂ ਹੈ।

ਬਾਕੀ ਹੈ ਕਿ ਹਿੰਦੂਆਂ ਦੇ ਅੰਦਰ ਜੇ ਭਾਵਨਾ ਨਹੀਂ, ਕੇਵਲ ਮੂਰਤੀ ਨੂੰ ਪੱਥਰ ਜਾਣ ਕੇ ਪੂਜਦੇ ਨੇ ਫੇਰ ਤਾਂ ਹੈਗੀ ਗਲਤ ਗੱਲ। ਲੇਕਿਨ ਉਨ੍ਹਾਂ ਦੀ ਜੋ ਭਾਵਨਾ ਹੈ ਮੂਰਤੀ

ਦੇ ਪਿਛੇ ਪ੍ਰਮੇਸ਼ਰ ਨੂੰ ਦੇਖਦੇ ਨੇ। ਧੰਨੇ ਨੇ ਪ੍ਰਸ਼ਾਦਾ ਛਕਾ ਦਿਤਾ, ਨਾਮਦੇਵ ਨੇ ਦੁੱਧ ਪਿਲਾ ਦਿਤਾ। ਕਹਿਣ ਲੱਗੇ, ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਮੁਬਾਰਕ, ਸਾਡਾ ਸਾਨੂੰ, ਤੁਹਾਡਾ ਤੁਹਾਨੂੰ। ਦੋਸ਼ ਨਹੀਂ ਹੈ ਕਿਸੇ 'ਚ, ਭਾਵਨਾ ਦੀ ਗੱਲ ਹੈ ਸਾਰੀ। ਮਹਾਰਾਜ ਨਹੀਂ ਮੰਨੇ ਇਸ ਤਰ੍ਹਾਂ ਦੇ ਨਾਲ। ਐਵੇਂ ਅਸੀਂ ਕਹਿ ਦੇਈਏ ਕਿ ਬੁੱਤ-ਸ਼ਿਕਨ ਹੈ ਉਹ ਹੋਰ ਤਰ੍ਹਾਂ ਦੇ ਨਾਲ ਮਹਾਰਾਜ ਜੀ ਦਾ ਪ੍ਰਚਾਰ ਸੀ। ਗੱਲ ਸਮਝੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿਛੇ ਜੇ ਤੁਸੀਂ ਸਾਖਸ਼ਾਤ ਗੁਰੂ ਨਾਨਕ ਪਾਤਸ਼ਾਹ ਨੂੰ ਨਹੀਂ ਦੇਖਦੇ ਤਾਂ ਤੁਸੀਂ ਖੁੰਝੇ ਹੋਏ ਓਂ। ਜੇ ਤੁਹਾਡੇ ਮਨ 'ਚ ਹੈ ਕਿ ਗੁਰੂ ਨਾਨਕ ਦੇਵ ਜੀ ਬੋਲ ਰਹੇ ਹਨ। ਬਾਣੀ ਭਾਈ ਪੜ੍ਹ ਰਿਹਾ ਹੈ ਤੇ ਤੁਹਾਡੀ ਭਾਵਨਾ ਹੈ ਕਿ ਗੁਰਬਾਣੀ ਜੋ ਹੈ ਇਹ ਗੁਰੂ ਨਾਨਕ ਸਾਹਿਬ ਬੋਲ ਰਹੇ ਨੇ। ਬਹੁਤ ਵੱਡਾ ਫਰਕ ਪੈ ਜਾਂਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਅਨੇਕਾਂ ਖਿਆਲ ਨੇ, ਗੁਲਾਮੀ ਦਾ ਰਾਹ ਮੁੱਢ ਤੋਂ ਹੀ ਚਲਦਾ ਹੈ। ਲੇਕਿਨ ਇਥੇ ਆ ਕੇ ਇਕ ਭਾਵਨਾ ਉਲਟ ਹੋ ਗਈ, ਉਹ ਇਹ ਹੋ ਗਈ ਕਿ ਜਿਹੜਾ ਇਸਲਾਮ ਵਿਚ ਨਹੀਂ ਆਉਂਦਾ, ਉਹਦਾ ਜੀਉਣ ਦਾ ਕੋਈ ਹੱਕ ਨਹੀਂ ਹੈ। ਉਹਦੇ ਮੁਤਾਬਿਕ ਕਾਨੂੰਨ ਬਣ ਗਏ ਰਾਜ ਵਿਚ। ਇਸਲਾਮੀ ਸ਼ਰਾ ਬਣ ਗਈ। ਉਹਦਾ (ਗੁਰ-ਮੁਸਲਿਮ ਦਾ) ਕੋਈ ਹੱਕ ਨਹੀਂ ਹੈ ਕਿ ਉਹ ਅਮੀਰ ਬਣੇ। ਉਹਦਾ ਜਿਹੜਾ ਵਾਧੂ ਪੈਸਾ ਹੈ ਟੈਕਸ ਲਾ ਕੇ ਖੋਹ ਲਓ। ਓਸ ਬੰਦੇ ਦਾ ਕੋਈ ਹੱਕ ਨਹੀਂ ਹੈ ਕਿ ਵਧੀਆ ਘੋੜੇ ਦੇ ਉਤੇ ਸਵਾਰੀ ਕਰੇ, ਉਹਦੇ ਵਾਸਤੇ ਗਧਾ ਜਾਂ ਟੈਰ, ਆਹੀ ਸਜ਼ਾ ਉਸ ਨੂੰ ਬਹੁਤ ਹੈ। ਉਹਦਾ ਕੋਈ ਹੱਕ ਨਹੀਂ ਹੈ ਕਿ ਕਣਕ ਦਾ ਭੰਡਾਰਾ ਰੱਖੇ, ਉਹ ਜਵਾਰ ਖਾਵੇ, ਕਣਕ ਖਾਣਾ ਉਹਦਾ ਹੱਕ ਨਹੀਂ ਹੈ, ਕਿਉਂਕਿ ਕਾਫਰ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ, ਉਸ ਤੋਂ ਕਣਕ ਖੋਹ ਲਈ ਜਾਂਦੀ ਸੀ। ਸੋਹਣੇ ਕੱਪੜੇ ਖੋਹ ਲਏ ਜਾਂਦੇ ਸੀ। ਸੋਹਣੀ ਜੋ ਔਰਤ ਸੀ, ਬੀਬੀ ਸੀ ਉਹ ਚੁੱਕ ਲਈ ਜਾਂਦੀ ਸੀ ਕਿ ਇਨ੍ਹਾਂ ਦਾ ਹੱਕ ਨਹੀਂ ਉਸ ਉਤੇ ਕਿਉਂਕਿ ਇਹ ਕਾਫਰ ਨੇ। ਸੋ ਐਸੀ ਉਲਝਣਬਾਜ਼ੀ ਪੈ ਗਈ, ਨਤੀਜਾ ਕੀ ਹੋਇਆ, ਮਾਰ ਦੇਣਾ ਸਵਾਬ ਗਿਣਿਆ ਗਿਆ। ਬਾਬਰ ਨੇ ਮਥੁਰਾ 'ਤੇ ਹਮਲਾ ਕੀਤਾ, ਇਕ ਲੱਖ ਕੈਦੀ ਬਣਾ ਲਿਆ ਓਸ ਸ਼ਹਿਰ ਦੇ ਲੋਕਾਂ ਨੂੰ, ਆਲੇ-ਦੁਆਲੇ ਨੂੰ। ਉਹ ਬਣਾ ਕੇ ਆਲੇ-ਦੁਆਲੇ ਘੇਰਾ ਪਿਆ ਹੋਇਆ ਹੈ, ਪੁਛਿਆ ਗਿਆ ਕਿ ਮਹਾਰਾਜ ਇਨ੍ਹਾਂ ਨੂੰ ਕੀ ਕਰਨਾ ਹੈ, ਕਹਿਣ ਲੱਗੇ ਕਿ ਅੱਜ ਇਸਲਾਮ 'ਚ ਨਹੀਂ ਲਿਆਉਣੇ ਇਹ ਕਾਫਰ, ਅੱਜ ਇਨ੍ਹਾਂ ਕਾਫਰਾਂ ਦਾ ਖਾਤਮਾ ਕਰਨਾ ਹੈ। ਲਾਈਨਾਂ ਲਾ ਲਈਆਂ, ਮਾਰਨ ਵਾਲੇ ਆ ਗਏ। ਫਟਾਫਟ ਅੱਡਿਆਂ 'ਤੇ ਸਿਰ ਰਖਾਉਂਦੇ ਨੇ, ਮਾਰ ਦਿੰਦੇ, ਖੂਨ ਐਨਾ ਉਚਾ ਹੋ ਗਿਆ ਕਿ ਤਿੰਨ ਵਾਰੀ ਕੈਂਪ ਬਦਲਣਾ ਪਿਆ। ਜਦੋਂ ਲੱਖ ਬੰਦਾ ਮਰ ਗਿਆ, ਉਸ ਵੇਲੇ ਉਸ ਨੇ ਸ਼ੁਕਰ ਕਰਿਆ, ਦੋਵੇਂ ਹੱਥ ਬੰਨ੍ਹੇ, ਹੇ ਅੱਲਾਹ ਤਾਲਾ! ਅੱਜ ਮੈਂ ਇਕ ਨੇਕ ਕੰਮ ਕਰਿਆ ਹੈ, ਇਕ ਲੱਖ ਕਾਫਰ ਮਾਰ ਦਿਤਾ। ਕਿੱਡੀ ਵੱਡੀ ਦੁਰ-ਭਾਵਨਾ ਸੀ ਏਸ ਗੱਲ ਦੇ ਉਤੇ ਕਿਉਂਕਿ ਸਮਝਦੇ ਨਹੀਂ ਸੀਗੇ ਕਿ ਪ੍ਰਮੇਸ਼ਰ ਦੇ ਜੀਅ ਨੇ ਸਾਰੇ। ਕਿਹੜਾ ਹੈ ਜਿਹੜਾ ਪ੍ਰਮੇਸ਼ਰ ਤੋਂ ਬਾਹਰ ਹੈ। ਇਹ ਤਾਂ ਪ੍ਰਮੇਸ਼ਰ ਦਾ ਨੂਰ ਹੈ -

***ਧਾਰਨਾ - ਇਕ ਨੂਰ ਅੱਲਾਹ ਦਾ ਜੀ,***
***ਸਾਰੀ ਦੁਨੀਆਂ-ਸਾਰੀ ਦੁਨੀਆਂ***

***ਅਵਲਿ ਅਲਹ ਨੂਰੁ ਉਪਾਇਆ***
***ਕੁਦਰਤਿ ਕੇ ਸਭ ਬੰਦੇ ॥***
***ਏਕ ਨੂਰ ਤੇ ਸਭੁ ਜਗੁ ਉਪਜਿਆ***
***ਕਉਨ ਭਲੇ ਕੋ ਮੰਦੇ ॥*** ***ਅੰਗ - ੧੩੫੦***

ਏਸ ਗੱਲ ਨੂੰ ਭੁੱਲ ਕੇ, ਏਸ ਗੱਲ ਦੇ ਵਿਚ ਆ ਗਏ ਕਿ ਇਸਲਾਮ ਦੇ ਵਿਚ ਬਦਲ ਕਰ ਲੈਣਾ ਚਾਹੀਦਾ ਹੈ। ਖਿਆਲ ਹੀ ਨੇ ਇਹ ਸਾਧਸੰਗਤ ਜੀ। ਉਹ ਖਿਆਲ ਏਸ ਤੋਂ ਉਲਟ ਸੀ ਕਿ ਨਹੀਂ ਵੜਨ ਦੇਣਾ ਦੂਸਰਾ ਬੰਦਾ, ਨਹੀਂ ਉਹਨੂੰ ਸਿੱਖਣ ਦੇਣਾ। ਨਹੀਂ ਉਹ ਆਪਣੀ ਜਾਤੀ 'ਚ ਰਲਣ ਦੇਣਾ। ਏਧਰ ਇਹ ਸੀ ਕਿ ਸਾਰਿਆਂ ਨੂੰ ਰਲਾਓ। ਦੂਸਰੇ ਜਿਹੜੇ ਨੇ ਉਨ੍ਹਾਂ ਦਾ ਜੀਉਣ ਦਾ ਕੋਈ ਹੱਕ ਨਹੀਂ ਕਿਉਂਕਿ ਉਹ ਕੁਫਰ ਦੀ ਜ਼ਿੰਦਗੀ ਬਤੀਤ ਕਰਦੇ ਨੇ। ਸੋ ਇਹ ਸੋਚ ਇਸਲਾਮ ਦੀ ਸੱਤਵੀਂ ਸਦੀ ਵਿਚ ਪਹਿਲੀ ਵਾਰੀ ਭਾਰਤ ਵਰਸ਼ ਵਿਚ ਵਾਪਰੀ ਹੈ। ਉਸ ਵੇਲੇ ਹਮਲੇ ਕਰਦੇ ਰਹੇ, ਲੇਕਿਨ ਕਦੇ ਇਨ੍ਹਾਂ ਦਾ ਰਾਜ, ਕਦੇ ਉਨ੍ਹਾਂ ਦਾ ਰਾਜ। 1010 ਵੀਂ, ਯਾਨਿ ਗਿਆਰ੍ਹਵੀਂ ਦੇ ਅੰਦਰ, ਉਸ ਵੇਲੇ ਪੱਕੇ ਪੈਰੀਂ ਆਏ, ਮਹਿਮੂਦ ਗਜ਼ਨਵੀ ਦੋ ਲੱਖ ਘੋੜ ਸਵਾਰ ਲੈ ਕੇ, ਬਾਕੀ ਪੈਦਲ ਫੌਜ। ਇਥੇ ਭਾਰਤ ਵਰਸ਼ ਦੇ ਕਿਸੇ ਰਾਜੇ ਕੋਲ ਐਨੀ ਫੌਜ ਨਾ ਹੋਣ ਕਰਕੇ, ਹਾਰਦੇ ਹੀ ਚਲੇ ਗਏ। ਇਕੱਠੇ ਵੀ ਹੁੰਦੇ ਸੀ, ਦੋ-ਦੋ, ਚਾਰ-ਚਾਰ ਸਟੇਟਾਂ ਦੇ, ਪਰ ਉਹਦਾ ਮੁਕਾਬਲਾ ਨਾ ਕਰ ਸਕੇ ਤੇ ਉਹਦੇ ਆਉਣ ਦੇ ਨਾਲ ਰਾਹ ਖੁਲ੍ਹ ਗਿਆ। ਉਸ ਵੇਲੇ ਤੋਂ ਇਹ ਦਮਨ ਚੱਕਰ ਸ਼ੁਰੂ ਹੋ ਗਿਆ। ਸੂਫੀ ਪੀਰ ਆ ਗਏ, ਉਨ੍ਹਾਂ ਨੇ ਪਿਆਰ, ਪ੍ਰੇਮ ਦਾ ਸੰਦੇਸ਼ਾ ਦਿਤਾ, ਇਨ੍ਹਾਂ ਨੇ ਤਲਵਾਰ ਦਾ। ਲੇਕਿਨ ਚਲਦੇ-ਚਲਦੇ ਜਿਸ ਵਕਤ ਅਕਬਰ ਦਾ ਸੁਲਾਕੁਲ੍ਹ ਰਾਜ ਖਤਮ ਹੁੰਦਾ ਹੈ ਤੇ ਸ਼ਾਹ ਜਹਾਨ ਤੇ ਜਹਾਂਗੀਰ ਦਾ, ਉਸ ਤੋਂ ਬਾਅਦ ਔਰੰਗਜ਼ੇਬ ਆ ਗਿਆ, ਕੱਟੜ, ਉਹਦੇ ਵਿਚ ਕਿੰਨੀਆਂ ਸਿਫਤਾਂ ਵੀ ਸੀ, ਕਿੰਨੇ ਔਗੁਣ ਵੀ ਸੀ। ਸਿਫਤ ਇਹ ਸੀ ਕਿ ਰਾਜ ਖਜ਼ਾਨੇ 'ਚੋਂ ਇਹ ਪੈਸਾ ਨਹੀਂ ਸੀ ਖਰਚਦਾ। ਕੁਰਾਨ ਸ਼ਰੀਫ ਲਿਖਦਾ ਸੀ ਵਿਹਲੇ ਵੇਲੇ ਜਾਂ ਟੋਪੀਆਂ ਬਣਾਉਂਦਾ ਸੀ। ਉਹ ਬਜ਼ਾਰ 'ਚ ਵੇਚ ਕੇ ਉਹਦੀ

ਰੋਟੀ ਖਾਂਦਾ ਸੀ। ਪੰਜ ਨਮਾਜ਼ਾਂ ਦਾ ਪੱਕਾ ਧਾਰਨੀ ਸੀ। ਕੁਰਾਨ ਸ਼ਰੀਫ ਦਾ ਪਾਠ ਕਰਦਾ ਰਹਿੰਦਾ, ਲੇਕਿਨ ਦੂਜੇ ਪਾਸੇ ਐਨਾ ਤੁਅੱਸਮ ਸੀ ਇਹਦੇ ਅੰਦਰ, ਕਿਸੇ ਸਾਧੂ, ਸੰਤ ਮਹਾਂਪੁਰਸ਼ ਨੂੰ ਦੇਖਣਾ ਹੀ ਪਸੰਦ ਨਹੀਂ ਸੀ। ਚਾਹੇ ਉਹ ਇਸਲਾਮ ਦਾ, ਚਾਹੇ ਦੂਸਰੇ ਧਰਮਾਂ ਦਾ ਹੈ। ਉਹਨੇ ਸਾਰੇ ਵੱਡੇ-ਵੱਡੇ ਜਿਹੜੇ ਸੀ ਉਹ ਸ਼ਹੀਦ ਕਰ ਦੇਣੇ ਇਥੇ ਤੱਕ ਕਿ ਸਰਮੱਦ ਵਰਗੇ ਜੋ ਸੁਲ੍ਹਾਕੁਲ ਸੂਫੀ ਪੀਰ, ਸਭ ਦੇ ਵਿਚ ਵਾਹਿਗੁਰੂ ਦੇਖਣ ਵਾਲਾ ਉਹੋ ਜਿਹੇ ਵੀ ਉਹਨੇ ਮਾਰ ਦਿਤੇ ਤੇ ਪਹਿਲਿਆਂ ਨੇ ਸਮਸ਼-ਤਬਰੇਜ਼ ਵਰਗਿਆਂ ਦੀਆਂ ਖੱਲ੍ਹਾਂ ਲੁਹਾ ਦਿਤੀਆਂ। ਮਨਸੂਰ ਵਰਗਿਆਂ ਨੂੰ ਸੂਲੀਆਂ 'ਤੇ ਚਾੜ੍ਹ ਦਿਤਾ। ਕਿਉਂਕਿ ਸਹਿੰਦੇ ਨਹੀਂ ਸੀ ਉਨ੍ਹਾਂ ਦਾ ਇਹ ਪ੍ਰਚਾਰ ਕਿ ਇਹ ਸਾਰਾ ਅੱਲਾਹ ਤਾਲਾ ਦਾ ਖੇਲ੍ਹ ਹੈ, ਸਾਰੀਆਂ ਦੁਨੀਆਂ ਉਹਦੀ ਪੈਦਾ ਕੀਤੀ ਹੋਈ ਹੈ। ਇਥੇ ਕੋਈ ਬੁਰਾ ਨਹੀਂ ਹੈ। ਸਭਨਾਂ ਨੂੰ ਪਿਆਰ, ਪ੍ਰੇਮ ਕਰੋ, ਇਹ ਨਹੀਂ ਚਾਹੁੰਦਾ ਸੀ। ਸੋ ਏਸ ਨੇ ਮੀਟਿੰਗ ਕਰੀ ਤੇ ਮੁਲਾਣੇ ਬੁਲਾਏ ਕਿ ਕਿਸ ਤਰ੍ਹਾਂ ਦੇ ਨਾਲ ਇਸਲਾਮ ਚਲਾਇਆ ਜਾਵੇ, ਮੰਨਦਾ ਨਹੀਂ ਸੀ ਇਸਲਾਮ ਨੂੰ। ਮਹਾਰਾਜ ਨੇ ਕਿਹਾ ਕਿ ਤੂੰ ਕਾਫਰ ਹੈਂ, ਤੇਰੇ ਨਾਲੋਂ ਵੱਡਾ ਕਾਫਰ ਦੁਨੀਆਂ 'ਚ ਕੋਈ ਨਹੀਂ। ਤੂੰ ਕੁਰਾਨ ਸ਼ਰੀਫ ਸਾਨੂੰ ਭੇਜਿਆ, ਸਹੁੰ ਖਾਧੀ ਤੂੰ ਅਨੰਦਪੁਰ ਦੇ ਕਿਲ੍ਹੇ ਨੂੰ ਛੱਡਣ ਵਾਸਤੇ ਕਿ ਛੱਡ ਦਿਓ। ਸਾਡੇ ਸਾਮ੍ਹਣੇ ਸਵਾਲ ਸੀ ਇਕ ਤੇਰੀ ਮਕਾਰੀ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਸੀ, ਤੂੰ ਦੀਨਦਾਰ ਨਹੀਂ ਹੈ, ਧੋਖਾ ਦੇਣ ਵਾਲਾ ਰਾਜਾ ਹੈ। ਤੈਨੂੰ ਕੁਰਾਨ ਸ਼ਰੀਫ 'ਤੇ ਕੋਈ ਵਿਸ਼ਵਾਸ਼ ਨਹੀਂ। ਲੇਕਿਨ ਕਿਉਂਕਿ ਇਕ ਧਰਮ ਪੁਸਤਕ ਇਕ ਕੌਮ ਦੀ ਸਾਡੇ ਸਾਮ੍ਹਣੇ ਆ ਗਈ। ਉਸ ਵੇਲੇ ਅਸੀਂ ਉਹਦੀ ਇਜ਼ਤ ਨਾ ਰੱਖਦੇ, ਹੋਰ ਕੀਹਨੇ ਰੱਖਣੀ ਸੀ ਭਾਰਤ ਵਰਸ਼ ਦੇ ਵਿਚ। ਇਨ੍ਹਾਂ ਗੱਲਾਂ ਨੂੰ ਅਸੀਂ ਭਾਲਦੇ ਨਹੀਂ ਤੇ ਨਾ ਦੱਸਦੇ ਹਾਂ।

ਗੁਰੂ ਸਾਹਿਬ ਸਭ ਜਾਣਦੇ ਸੀ, ਹਰ ਚੀਜ਼ ਜਾਣਦੇ ਸੀ, ਉਹ ਕਹਿਣ ਲੱਗੇ ਕਿ ਕੁਰਾਨ ਸ਼ਰੀਫ ਦੀ ਅਸੀਂ ਇੱਜ਼ਤ ਕਰਦੇ ਹਾਂ। ਕਿਉਂਕਿ ਇਹ ਇਕ ਧਰਮ ਪੁਸਤਕ ਹੈ, ਬਹੁਤ ਦੁਨੀਆਂ ਇਹਦੇ ਉਤੇ ਅਕੀਦਾ ਰਖਦੀ ਹੈ। ਇਹਦਾ ਸਤਿਕਾਰ ਕਰਨਾ ਸਾਡਾ ਫਰਜ਼ ਹੈ। ਇਹਦੀ ਜਾਮਣੀ ਨੂੰ ਮੰਨ ਲੈਣਾ ਸਾਡਾ ਫਰਜ਼ ਹੈ। ਕਹਿੰਦੇ, ਐ ਔਰੰਗਜ਼ੇਬ! ਹੁਣ ਤੂੰ ਦੱਸ ਮੈਂ ਉਹਦੀ ਜਾਮਣੀ ਮੰਨੀ ਤੇ ਤੂੰ ਧੱਜੀਆਂ ਉਡਾ ਦਿਤੀਆਂ। ਹੁਣ ਤੂੰ ਦੀਨਦਾਰ ਹੈਂ ਕਿ ਮਹਾਂ ਕਾਫਰ ਹੈਂ। ਧੋਖਾ ਦਿੰਦਾ ਹੈਂ, ਲੂੰਬੜ ਹੈਂ ਤੂੰ। ਲੂੰਬੜ ਚਾਲਾਂ ਚਲਦਾ ਹੈਂ, ਧੋਖੇਬਾਜ਼ ਹੈ ਤੂੰ। ਇਸਲਾਮ ਤਾਂ ਤੇਰੇ ਨੇੜੇ-ਤੇੜੇ ਨਹੀਂ। ਤੇਰਾ ਜਿਹੜਾ ਨਮਾਜ਼ ਪੜ੍ਹਨਾ ਹੈ ਤੇ ਟੋਪੀਆਂ ਵੇਚ ਕੇ ਰੋਟੀ ਖਾਣਾ ਹੈ ਇਹ ਸਭ ਰਾਜਨੀਤਿਕ ਚਾਲ ਹੈ ਲੋਕਾਂ ਨੂੰ ਧੋਖਾ ਦੇਣ ਵਾਲੀ, ਤੇਰੇ ਅੰਦਰ ਸਚਾਈ ਨਾਮ ਦੀ ਕੋਈ ਚੀਜ਼ ਨਹੀਂ ਹੈ। ਆ ਤੈਨੂੰ ਮੈਂ ਤੇਰੀਆਂ ਕਮਜ਼ੋਰੀਆਂ ਦੱਸਾਂ। ਗੁਰੂ ਮਹਾਰਾਜ ਨੇ ਜ਼ਫਰਨਾਮਾ ਤੇ ਉਸ ਤੋਂ ਪਹਿਲਾਂ ਇਕ ਚਿੱਠੀ ਲਿਖੀ। ਉਹਦੇ ਵਿਚ ਹਿਲਾ ਕੇ ਰੱਖ ਦਿਤਾ ਉਸਨੂੰ ਕਿ ਤੂੰ ਕੀ ਹੈਂ। ਆਪਣੇ ਆਪ ਦੇਖ ਲੈ ਸ਼ੀਸ਼ਾ ਤੇਰੇ ਸਾਮ੍ਹਣੇ ਮੈਂ ਕਰ ਦਿਤਾ। ਸੋ ਉਸ ਨੇ ਇਹ ਗੱਲ ਕਰੀ ਖੁਸ਼ ਕਰਨ ਵਸਤੇ, ਕਿਸ ਤਰ੍ਹਾਂ ਦੇ ਨਾਲ ਇਸਲਾਮ ਠਹਿਰ ਸਕਦਾ ਹੈ। ਪੰਜਾਬ ਵਿਚ ਮੈਂ ਇਕ ਵੀ ਹਿੰਦੂ ਨਹੀਂ ਦੇਖਣਾ ਚਾਹੁੰਦਾ, ਇਕ ਵੀ ਗੈਰ ਮੁਸਲਮ ਨਹੀਂ ਦੇਖਣਾ ਚਾਹੁੰਦਾ। ਉਨ੍ਹਾਂ ਨੇ ਕਿਹਾ ਕਿ ਇਥੇ ਬੜੀ □□□□□□□□□□ (ਵਿਰੋਧਤਾ) ਹੋਣੀ ਹੈ, ਕਿਉਂਕਿ ਕਸ਼ਮੀਰ ਦੇ ਅੰਦਰ ਸਾਰੇ ਹੀ ਉੱਚ ਦਰਜੇ ਦੇ ਪੜ੍ਹੇ ਲਿਖੇ ਬੰਦੇ ਰਹਿੰਦੇ ਨੇ। ਕਿਉਂਕਿ ਜਦੋਂ ਆਰੀਆ ਆਏ, ਬ੍ਰਾਹਮਣ ਜਾਤੀ ਨੇ ਕਸ਼ਮੀਰ ਨੂੰ ਦੇਖਿਆ ਤਾਂ ਉਹਨੇ ਕਿਹਾ ਕਿ ਇਸ ਤੋਂ ਜ਼ਿਆਦਾ ਸ਼ਾਂਤ, ਇਕਾਂਤ ਤੇ ਸੁੰਦਰ ਥਾਂ ਦੁਨੀਆਂ 'ਚ ਕਿਤੇ ਨਹੀਂ ਹੈ। ਇਥੇ ਬੈਠ ਕੇ ਅਸੀਂ ਖੋਜ ਕਰ ਸਕਦੇ ਹਾਂ, ਅੰਦਰਲੇ ਦੀ। ਇਥੇ ਬੈਠ ਕੇ ਅਸੀਂ ਸਾਹਿਤ ਰਚ ਸਕਦੇ ਹਾਂ। ਉਹ ਸਾਰੇ ਵਿਦਵਾਨ ਪੁਰਸ਼ ਜਿਹੜੇ ਬ੍ਰਾਹਮਣ ਸੀ ਉਹ ਕਸ਼ਮੀਰ ਦੇ ਵਿਚ ਵਸ ਗਏ, ਬਾਕੀ ਨਹੀਂ ਸੀ ਇੰਨੇ ਜ਼ਿਆਦਾ। ਉਨ੍ਹਾਂ ਨੇ ਕਿਹਾ ਕਿ ਬ੍ਰਾਹਮਣ ਜਾਤੀ ਦੇ ਵਿਚੋਂ ਜੇ ਤੁਸੀਂ ਕਸ਼ਮੀਰ ਦੇ ਸਾਰੇ ਪੰਡਤਾਂ ਨੂੰ ਇਸਲਾਮ ਦੇ ਵਿਚ ਲੈ ਆਵੋਂ ਤਾਂ ਫੇਰ ਅੱਗੇ ਔਖਾ ਨਹੀਂ। ਅੱਗੇ ਫੇਰ ਗੱਲ ਚੱਲ ਪਏਗੀ, ਓਹੀ ਸਾਡੇ ਨਾਲ ਰਲ ਕੇ ਇਸਲਾਮ ਦਾ ਪ੍ਰਚਾਰ ਕਰਨਗੇ। ਦੂਸਰਾ ਜੱਟ ਜਾਤੀਆਂ 'ਚੋਂ ਕਿਹਾ, ਕਹਿੰਦੇ ਇਨ੍ਹਾਂ ਦੇ ਵਿਚੋਂ ਭੱਟੀ ਜਿਹੜੇ ਨੇ ਉਨ੍ਹਾਂ 'ਚ registrance (ਵਿਰੋਧਤਾ) ਜ਼ਿਆਦਾ ਹੈ, ਉਨ੍ਹਾਂ ਨੂੰ ਬਣਾ ਲਓ। ਦੋਹਾਂ ਦੇ ਉਤੇ ਫਤਵੇ ਚੜ੍ਹ ਗਏ। ਦੂਸਰਾ ਜਿਹੜਾ ਸੀ ਜਜ਼ੀਆ ਲਾ ਦਿਤਾ, ਟੈਕਸ ਲਾ ਦਿਤੇ। ਖਾਣਾ ਪੀਣਾ ਘਟੀਆ ਕਰ ਦਿਤਾ, ਪੁਸ਼ਾਕ ਘਟੀਆ ਕਰ ਦਿਤੀ, ਹਿੰਦੂ ਕੋਠੇ 'ਤੇ ਨਹੀਂ ਸੀ ਚੜ੍ਹ ਸਕਦਾ। ਜੇ ਗਲੀ ਪੈ ਗਈ, ਨਾਲ ਦੇ ਨੂੰ ਆਵਾਜ਼ਾਂ ਦੇਣੀਆਂ ਕਿ ਸਾਡੇ ਕੋਠੇ 'ਤੇ ਗਲੀ ਪੈ ਗਈ, ਤੂੰ ਬੰਦ ਕਰ। ਜੇ ਚੜ੍ਹਨਾ ਹੈ ਤਾਂ ਪਹਿਲਾਂ ਉਨ੍ਹਾਂ ਦੀ ਮਨਜ਼ੂਰੀ ਲੈਣੀ ਹੈ ਕਿ ਮੈਂ ਕੋਠੇ 'ਤੇ ਚੜ੍ਹਨਾ ਹੈ, ਦਾਣੇ ਸੁਕਾਉਣੇ ਨੇ ਤੇ ਤੁਸੀਂ ਖਬਰਦਾਰ ਕਰ ਦਿਓ ਸਾਰਿਆਂ ਨੂੰ। ਐਹੋ ਜਿਹੇ ਅਸੂਲ ਸੀਗੇ।

ਸਿੰਧ ਵਿਚ ਮੈਂ ਦੇਖੇ ਨੇ ਛੋਟੇ ਜਿਹੇ ਹੁੰਦੇ ਨੇ, ਜਦੋਂ ਮੈਂ ਸਿੰਧ ਵਿਚ ਸੀ, ਉਹ ਅਜੇ ਵੀ ਇਸੇ ਤਰ੍ਹਾਂ ਚਲਦੇ ਸੀ। ਸੋ ਐਸੀਆਂ ਪਾਬੰਦੀਆਂ ਲਾ ਕੇ ਕਸ਼ਮੀਰ ਦੇ ਅੰਦਰ ਦਮਨ ਚੱਕਰ ਚੱਲ ਗਿਆ ਤੇ ਗੁਰੂ ਨਾਨਕ ਪਾਤਸ਼ਾਹ ਨੇ ਇਹ ਸਾਰਾ ਹਾਲ ਆਪਣੇ ਨੇਤਰਾਂ ਦੇ ਨਾਲ ਦੇਖਿਆ ਤੇ ਰਾਜਸੀ ਜਿਹੜਾ ਰਾਜਾ ਧਰਮੀ ਹੁੰਦਾ ਸੀ, ਹਰੀ ਚੰਦ ਵਰਗੇ ਰਾਜੇ, ਸ੍ਰੀ ਰਾਮ

ਚੰਦਰ ਜੀ ਵਰਗੇ ਤੇ ਯੁਧਿਸ਼ਟਰ ਵਰਗੇ ਰਾਜੇ। ਰਾਜੇ ਸਾਰੇ ਕਰਮੀ ਧਰਮੀ ਹੋਇਆ ਕਰਦੇ ਸੀ। ਕੋਈ-ਕੋਈ ਟਾਵਾਂ ਹੈ ਦੁਰਯੋਧਨ ਵਰਗਾ, ਰਾਵਣ ਵਰਗਾ। ਲੇਕਿਨ ਕਲਜੁਗ ਦੇ ਅੰਦਰ ਮਹਾਰਾਜ ਕਹਿੰਦੇ ਰਾਜਾ ਤਾਂ ਜਿਹੜਾ ਕਲਜੁਗ ਹੈ ਇਹ ਕੈਂਚੀ ਬਣ ਗਿਆ ਕੱਟਣ ਵਾਲੀ ਤੇ ਰਾਜੇ ਜਿਹੜੇ ਨੇ ਇਨ੍ਹਾਂ ਨੇ ਕਸਾਈਆਂ ਦਾ ਰੂਪ ਧਾਰ ਲਿਆ। ਰਾਜੇ ਦਾ ਕੰਮ ਹੁੰਦਾ ਹੈ ਕਿ -

*ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥*

*ਅੰਗ - ੧੨੪੦*

ਸਭ ਨੂੰ ਇਕ ਅੱਖ ਨਾਲ ਦੇਖਣਾ ਤੇ ਨਿਆਂ ਕਰਨਾ। ਧਰਮ ਜਿਹੜਾ ਹੁੰਦਾ ਹੈ, ਇਨਸਾਨ ਦੇ ਚਰਿੱਤਰ ਦੇ ਥੰਮ ਨੇ ਧਰਮ। ਮਜ਼੍ਹਬ ਹੋਰ ਹੁੰਦਾ ਹੈ, ਧਰਮ ਹੋਰ ਹੁੰਦਾ ਹੈ। ਮਜ਼ਹਬ ਦੇ ਨਾਲ ਜੇ ਰਾਜ ਰਲ ਜਾਵੇ ਤਾਂ ਆਹੀ ਹਾਲ ਹੁੰਦਾ ਹੈ ਜਿਹੜਾ ਔਰੰਗਜ਼ੇਬ ਦਾ ਸੀ ਜੇ ਧਰਮ ਨਾਲ ਰਲ ਜਾਵੇ ਫੇਰ ਉਹ ਸਮੂਹਕ ਆਚਰਨ (□□□□□□□□□ □□□□□□-□□□) ਹੋਇਆ ਕਰਦਾ ਹੈ। ਸੋ ਮਹਾਰਾਜ ਨੇ ਕਿਹਾ ਜਿਹੜੀ ਧਰਮ ਦੀ ਜ਼ਿੰਦਗੀ ਸੀ ਲੋਕਾਂ ਦੇ ਅੰਦਰ, ਉਹ ਤਾਂ ਬਿਲਕੁਲ 100% ਖਤਮ ਹੋ ਗਈ-

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥* *ਅੰਗ - ੧੪੫*

ਅਮਾਵਸ ਬਣ ਗਈ ਕੂੜ ਦੀ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥* *ਅੰਗ - ੧੪੫*

ਪਤਾ ਨਹੀਂ ਲਗਦਾ ਕਿ ਕਿੱਧਰ ਗਿਆ ਚੰਦਰਮਾ, ਸੱਚ ਦਾ ਜਿਹੜਾ ਸੀ ਅਲੋਪ ਹੋ ਗਿਆ ਤੇ ਸਾਰੇ ਜਗ ਦੀ ਹਾਲਤ ਐਸੀ ਹੋ ਗਈ -

***ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ***
***ਸੱਚ ਵਾਲਾ ਕਾਲ ਪੈ ਗਿਆ।***

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*

*ਅੰਗ - ੪੬੮*

ਆਪ-ਹੁਦਰੇਪੁਣ ਦਾ, ਹਫੜਾ ਦਫੜੀ ਦਾ, ਹਨ੍ਹੇਰ ਗਵਾਰ ਦਾ, ਅਗਿਆਨਤਾ ਦਾ ਪਸਾਰਾ, ਮੱਸਿਆ ਦੀ ਰਾਤ ਨੂੰ ਫੈਲ ਗਿਆ। ਕੋਈ ਰਾਹ ਨਾ ਲੱਭੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥* *ਅੰਗ - ੧੪੫*

ਮਹਾਰਾਜ ਕਹਿੰਦੇ, ਇਹ ਗਤੀ ਕਿਵੇਂ ਕਰੀ ਜਾਵੇ। ਕੀ ਹੋ ਗਿਆ ਸੰਸਾਰ ਨੂੰ। ਰਾਜਾ ਵੀ ਅੰਨ੍ਹਾ ਹੋ ਗਿਆ, ਪ੍ਰਜਾ ਨੂੰ ਆਪਣੇ ਹੱਕਾਂ ਦਾ ਪਤਾ ਨਹੀਂ ਹੈ। ਉਹ ਦਿਲ ਤੋੜ ਬੈਠੀ ਕਿ ਅਸੀਂ ਤਾਂ ਭੇਡਾਂ ਹਾਂ, ਚਾਹੇ ਇਹ ਰਾਜਾ ਹੈ, ਚਾਹੇ ਹੋਰ ਰਾਜਾ ਹੈ, ਸਾਡੇ ਉਤੋਂ ਤਾਂ ਉੱਨ ਲਾਹੁੰਣੀ ਹੀ ਲਾਹੁੰਣੀ ਹੈ। ਏਸ ਖਿਆਲ ਦੇ ਵਿਚ ਦੁਨੀਆਂ ਹੋ ਗਈ। ਮਨੁੱਖੀ ਅਧਿਕਾਰਾਂ ਵਾਸਤੇ ਕੋਈ ਵੀ ਬੰਦਾ ਨਹੀਂ ਸੀ ਜਿਹੜਾ ਅੜਦਾ ਜਾਂ ਅਣਖ ਵਿਚ ਆਉਂਦਾ। ਸੋ ਇਸ ਤਰ੍ਹਾਂ ਦੇ ਹਾਲਾਤ ਵਿਚ ਦਮਨ ਦਾ ਜੋ ਚੱਕਰ ਚੱਲਿਆ, ਕਸ਼ਮੀਰ ਦੇ ਅੰਦਰ, ਉਸ ਵੇਲੇ ਉਸ ਥਾਂ ਦਾ ਜੋ ਗਵਰਨਰ ਸੀ ਉਹਦਾ ਨਾਉਂ ਇਫਤਖਾਰ ਖਾਨ ਸੀਗਾ, ਬੜਾ ਹੀ ਜ਼ਾਲਮ ਦੇਖ ਕੇ ਲਾਇਆ ਗਿਆ ਕਿ ਪੱਥਰ ਵਰਗਾ ਦਿਲ ਹੈ ਇਸਦਾ। ਉਹਨੇ ਦਹਿਸ਼ਤ ਪਾਉਣ ਵਾਸਤੇ ਸੌ ਬ੍ਰਾਹਮਣ ਫੜ ਲੈਣਾ, ਜੇਹਲਮ ਦੇ ਕੰਢੇ ਬੈਠ ਜਾਣਾ, ਡਲ੍ਹ ਝੀਲ ਦੇ ਨੇੜੇ ਤੇ ਉਥੇ ਥੋੜ੍ਹਾ ਪਾਣੀ ਸੀ ਪੰਜ-ਛੇ ਫੁੱਟ, ਸੌ ਬੰਦੇ ਨੂੰ ਸੰਗਲ 'ਚ ਬੰਨ੍ਹ ਕੇ ਵਿਚ ਧੱਕਾ ਦੇ ਦੇਣਾ। ਲੰਮੇ ਜਿਹੜੇ ਸੀ ਉਨ੍ਹਾਂ ਨੇ ਅੜਨਾ, ਜਿਹੜੇ ਛੋਟੇ ਸੀ ਉਨ੍ਹਾਂ ਦੇ ਮੂੰਹ ਵਿਚ ਪਾਣੀ ਪੈਣਾ, ਡੁੱਬ ਜਾਣਾ, ਅਖੀਰ ਸਾਰਿਆਂ ਨੇ ਦਰਿਆ 'ਚ ਰੁੜ੍ਹ ਜਾਣਾ, ਦੋ ਚਾਰ ਮੀਲ ਤੇ ਜਾ ਕੇ ਫੇਰ ਰੋਕ ਲੈਣਾ, ਸੰਗਲ ਖੋਲ੍ਹ ਲਿਆਉਣਾ, ਬੰਦੇ ਰੁੜ੍ਹ ਜਾਂਦੇ ਸੀ। ਐਸਾ ਜਦ ਅਨਿਆ ਹੋਣ ਲੱਗ ਗਿਆ, ਉਸੇ ਵੇਲੇ ਇਕ ਬੜੀ ਭਾਰੀ ਮੀਟਿੰਗ ਹੋਈ ਕਿ ਕੀ ਕਰਿਆ ਜਾਵੇ? ਕਿਉਂਕਿ ਉਥੇ ਦੀ ਹਾਲਤ -

***ਕਤਲਗਾਹ ਅੱਜ ਧਰਮ ਦਾ ਬਣਿਆ ਭਾਰਤ ਦੇਸ਼***
***ਨਹੀਂ ਜਰਵਾਣੇ ਸਾਮ੍ਹਣੇ ਚਲਦੀ ਕੋਈ ਪੇਸ਼।***

ਪੇਸ਼ ਨਹੀਂ ਸੀ ਚਲਦੀ। ਨਿਰੀ ਮਜ਼ਬੂਰੀ ਉਸ ਵੇਲੇ ਬਣੀ ਹੁੰਦੀ ਹੈ ਜਦੋਂ ਆਦਮੀ ਮੁਹਥਾਜ ਹੋ ਜਾਵੇ, ਕਿਸੇ ਵੱਡੇ ਰਾਜੇ ਦਾ, ਕਿਸੇ ਵੱਡੇ ਗੁਰੂ ਪੀਰ ਦਾ, ਜਾਂ ਫੇਰ ਦੇਵੀ ਦੇਵਤਿਆਂ ਦਾ। ਉਸ ਵੇਲੇ ਫੈਸਲਾ ਕੀਤਾ ਗਿਆ ਕਿ ਐਸ ਵੇਲੇ ਸਾਰੇ ਭਾਰਤ ਵਰਸ਼ ਦੇ ਵਿਚ, ਪੁੱਛ-ਪੁਛ ਕੇ ਦੇਖ ਲਿਆ, ਨਾ ਕੋਈ ਰਾਜਪੂਤ ਰਾਜਾ ਉਠਦਾ ਹੈ, ਨਾ ਕੋਈ ਪਹਾੜੀ ਰਾਜੇ ਉਠਦੇ ਨੇ, ਉਹ ਤਾਂ ਬਿਲਕੁਲ ਡਰੇ ਬੈਠੇ ਨੇ, ਆਪਣੇ ਦਿਨ ਕਟੀ ਕਰ ਰਹੇ ਨੇ, ਹਾਅ ਦਾ ਨਾਅਰਾ ਮਾਰਨ ਵਾਲਾ ਕੋਈ ਨਹੀਂ। ਜਦੋਂ ਸੰਸਾਰ ਦੇ ਅੰਦਰ ਕੋਈ ਨਾ ਹੋਵੇ, ਉਸ ਵੇਲੇ ਪ੍ਰਮੇਸ਼ਰ ਰਹਿ ਜਾਂਦਾ ਹੈ। ਉਸ ਵੇਲੇ ਇਹ ਬਹੁਤ ਸਾਰੇ ਬਿਰਧ, ਬਹੁਤ ਸਾਰੇ ਪਾਠ ਕਰਨ ਵਾਲੇ ਵੇਦ ਪਾਠੀ ਇਕੱਠੇ ਹੋ ਕੇ ਅਮਰਨਾਥ ਦੀ ਗੁਫਾ 'ਚ ਚਲੇ ਗਏ, ਉਥੇ ਬੈਠ ਕੇ ਰੋਜ਼ ਪੁਕਾਰਾਂ ਕਰਨ ਲੱਗੇ, ਹੇ ਸ਼ਿਵ ਜੀ ਮਹਾਰਾਜ!

ਕ੍ਰਿਪਾ ਕਰੋ, ਇਨ੍ਹਾਂ ਦੁਸ਼ਟਾਂ ਦਾ ਪੱਖਸ਼ ਨਾ ਕਰੋ, ਤੀਸਰਾ ਨੇਤਰ੍ ਖੋਲ੍ਹੋ ਤੇ ਇਨ੍ਹਾਂ ਨੂੰ ਸੁਆਹ ਕਰ ਦਿਓ। ਤੁਹਾਡਾ ਭਾਰਤ ਵਰਸ਼ ਰਿਸ਼ੀਆਂ ਮੁਨੀਆਂ ਦਾ ਦੇਸ਼ ਅੱਜ ਤਬਾਹ ਹੋ ਰਿਹਾ ਹੈ। ਵੇਦਾਂ ਦੀ ਬੇ-ਹੁਰਮਤੀ ਹੋ ਰਹੀ ਹੈ, ਮਿਟ ਜਾਏਗੀ ਕਲਚਰ। ਕੁਛ ਹੋਰ ਹੋ ਜਾਏਗਾ, ਮੰਦਰ ਮਿਟ ਜਾਣਗੇ। ਕ੍ਰਿਪਾ ਕਰੋ ਐਸ ਵੇਲੇ। ਕੋਈ ਜਵਾਬ ਨਾ ਆਇਆ, ਬਹੁਤ ਦਿਨ ਲੰਘਣ ਤੋਂ ਬਾਅਦ ਬਹੁਤ ਸਾਰਿਆਂ ਨੇ ਭੁੱਖ ਹੜਤਾਲ ਕਰ ਲਈ ਕਿ ਇਥੇ ਹੀ ਮਰ ਜਾਣਾ ਚੰਗਾ ਹੈ। ਐਸਾ ਖਿਆਲ ਹੈ ਕਿ ਉਸ ਵੇਲੇ ਇਕ ਆਵਾਜ਼ ਆਉਂਦੀ ਹੈ ਕਿ ਐ ਫਰਿਆਦੀਓ! ਐਸ ਵੇਲੇ ਕਲਜੁਗ ਦਾ ਸਮਾਂ ਹੈ। ਇਹਦੇ ਵਿਚ ਕੋਈ ਵੀ ਦੇਵੀ ਦੇਵਤਾ ਨਹੀਂ ਅੱਗੇ ਆ ਸਕਦਾ। ਕਲਜੁਗ ਦਾ ਤਪ ਤੇਜ ਐਨਾ ਵਧਿਆ ਹੋਇਆ ਹੈ, ਕੋਈ ਵੀ ਆ ਕੇ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ। ਐਸ ਵੇਲੇ ਜੇ ਕੋਈ ਹੈ ਤੁਹਾਡੀ ਬਾਂਹ ਫੜਨ ਵਾਲਾ, ਤੁਹਾਡੀ ਗੱਲ ਸੁਣਨ ਵਾਲਾ ਤਾਂ ਧਿਆਨ ਦੇ ਕੇ ਤੁਸੀਂ ਸੁਣੋ। ਉਹ ਐਸ ਵੇਲੇ ਅਨੰਦਪੁਰ ਸਾਹਿਬ ਦੇ ਅੰਦਰ ਬਿਰਾਜਮਾਨ ਹੈ। ਉਥੇ ਗਏ ਬਗੈਰ ਤੁਹਾਡਾ ਦੁਖ ਦੂਰ ਨਹੀਂ ਹੋਣਾ। ਐਸ ਤਰ੍ਹਾਂ ਦੇ ਨਾਲ ਪੜ੍ਹ ਲਓ -

***ਧਾਰਨਾ - ਬਾਂਹ ਫੜੇਗਾ ਤੁਹਾਡੀ***
***ਸਤਿਗੁਰ ਨੌਂਵਾਂ,***
***ਓਟ ਜਾ ਕੇ ਲੈ ਲਓ ਓਸਦੀ।***

ਸ਼ਹੀਦ ਬਿਲਾਸ ਪੁਸਤਕ ਹੈ, ਇਕ ਹੋਰ ਪੁਸਤਕ ਹੈ ਇਨ੍ਹਾਂ ਦੇ ਅੰਦਰ ਇਸ ਘਟਨਾ ਨੂੰ ਬੜਾ ਹੀ ਖੋਲ੍ਹ ਕੇ ਲਿਖਿਆ ਹੋਇਆ ਹੈ, ਕਵਿਤਾ ਦੇ ਅੰਦਰ -

***ਆਖਿਆ ਸ਼ਿਵ ਭਗਵਾਨ ਨੇ ਮੁਖੋਂ***
***ਇਉਂ ਉਚਾਰ ਭਾਰਤ ਵਿਚ ਪ੍ਰਗਟਿਆ***
***ਕਲਜੁਗ ਰਖਣਹਾਰ ਤੇਗ ਬਹਾਦਰ ਨਾਮ ਹੈ***
***ਮਹਿਮਾ ਅਪਰ ਅਪਾਰ***
***ਬੈਠਾ ਵਿਚ ਅਨੰਦਪੁਰ ਲਾ ਕੇ ਹੈ ਦਰਬਾਰ।***
***ਜਾਓ ਉਸ ਦੀ ਸ਼ਰਨ ਵਿਚ ਛੱਡ ਕੇ ਹੋਰ ਵਿਚਾਰ***
***ਨਉਕਾ ਹਿੰਦੂ ਧਰਮ ਦੀ ਲਾਇਗਾ ਓਹ ਪਾਰ।***

ਸਾਰਿਆਂ ਨੇ ਆਵਾਜ਼ ਸੁਣੀ, ਵੱਡਿਆਂ-ਵੱਡਿਆਂ ਨੇ ਆਵਾਜ਼ ਸੁਣੀ। ਇਕੱਠ ਹੋਇਆ, ਉਠ ਆਏ ਜਿਨ੍ਹਾਂ ਨੇ ਮਰਨ ਵਰਤ ਰੱਖਿਆ ਸੀ ਕਿ ਰਾਹ ਤਾਂ ਸਾਨੂੰ ਦੱਸ ਗਏ। ਭਾਵੇਂ ਦੇਵਤਾ ਆਪ ਪ੍ਰਗਟ ਨਹੀਂ ਹੋ ਰਹੇ। ਏਸ ਕਰਕੇ ਕਿ ਕਲਜੁਗ ਦਾ ਸਮਾਂ ਹੈ, ਦੇਵਤੇ ਆ ਨਹੀਂ ਸਕਦੇ। ਉਨ੍ਹਾਂ ਦੇ ਮੰਦਰ ਢਾਹ ਦਿਤੇ। ਐਸਾ ਹਾਲ ਸੀ ਕਿ =

***ਕੀਤੇ ਗਊਆਂ ਮਾਰ ਕੇ ਮੰਦਰ ਕਈ ਪਲੀਤ***
***ਕੱਲ੍ਹ ਸੀ ਮੰਦਰ ਦਿਸਦਾ ਦਿਸੇ ਪਈ ਮਸੀਤ***
***ਨਉਕਾ ਹਿੰਦੂ ਧਰਮ ਦੀ ਡੋਲੇ***
***ਅੱਜ ਮੰਝ ਧਾਰ ਨਾ ਦਿਸਦਾ ਉਰਵਾਰ ਹੀ***
***ਤੇ ਨਾ ਹੀ ਦਿਸਦਾ ਪਾਰ***

ਕੋਈ ਨਹੀਂ ਬਹੁੜਿਆ, ਪਹਿਲੀਆਂ ਕਹਾਣੀਆਂ ਵਿਚ ਸੀਗਾ ਕਿ ਬਹੁੜਦੇ ਸੀ। ਲੇਕਿਨ ਕਲਜੁਗ 'ਚ ਨਹੀਂ ਕੋਈ ਬਹੁੜਿਆ। ਕਹਿਣ ਲੱਗੇ, ਜਾਓ ਜਿਸਨੇ ਰਖਿਆ ਕਰਨੀ ਹੈ, ਉਹ ਅਨੰਦਪੁਰ ਸਾਹਿਬ ਦੇ ਅੰਦਰ ਹੈ ਤੇ ਗੁਰੂ ਤੇਗ ਬਹਾਦਰ ਉਸਦਾ ਨਾਉਂ ਹੈ। ਸੋ ਉਸ ਵੇਲੇ ਇਕੱਠ ਹੋਇਆ ਬਹੁਤ ਵੱਡਾ, ਕੋਈ ਪੰਜ ਸੌ ਬ੍ਰਾਹਮਣ ਜਿਹੜਾ ਸਿਖਰ ਦਾ ਸੀ, ਸਾਰੇ ਭਾਰਤ ਵਰਸ਼ 'ਚੋਂ ਇਹ ਨਹੀਂ ਕਿ ਇਕੱਲੇ ਕਸ਼ਮੀਰ ਦਾ ਆਏ ਸੀ, ਕਸ਼ਮੀਰ ਦੇ ਬਹੁਤੇ ਸੀ, ਪੜ੍ਹੇ ਲਿਖੇ ਜ਼ਿਆਦਾ ਸੀ। ਇਤਿਹਾਸ ਭਾਰਤ ਵਰਸ਼ ਦਾ ਕਿਤੇ ਨਹੀਂ ਲਿਖਿਆ ਗਿਆ, ਕਸ਼ਮੀਰ ਵਾਲਿਆਂ ਨੇ ਲਿਖਿਆ ਹੈ ਸੰਸਕ੍ਰਿਤ ਦੇ ਅੰਦਰ ਤੇ ਉਨ੍ਹਾਂ ਦਾ ਮੁਖੀ ਬਣਿਆ ਕ੍ਰਿਪਾ ਰਾਮ, 500 ਸਾਰੇ ਭਾਰਤ ਵਰਸ਼ ਵਿਚੋਂ, ਨਾਮੀ-ਨਾਮੀ ਬ੍ਰਾਹਮਣ ਦੇ 16 ਮੁਖੀ ਸੀਗੇ। ਇਹ ਸਾਰੇ ਅਨੰਦਪੁਰ ਸਾਹਿਬ ਪਹੁੰਚਦੇ ਨੇ -

***ਚੱਲ ਕੇ ਆਏ ਪੁਰੀ ਅਨੰਦ ਬਾਂਹ ਅਸਾਡੀ***
***ਪਕੜੀਏ ਗੁਰੂ ਹਰਿਗੋਬਿੰਦ ਕੇ ਚੰਦ।***

ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਆਹ ਜ਼ੁਲਮ ਹੋਏ ਨੇ, ਰੋ-ਰੋ ਕੇ ਗੱਲਾਂ ਦਸਦੇ ਨੇ ਕਿ ਸਾਡਾ ਕੋਈ ਨਹੀਂ ਹੈ, ਦੇਵੀ ਦੇਵਤਾ ਵੀ ਕੋਈ ਨਹੀਂ ਬਹੁੜਿਆ, ਮਰਨ ਵਰਤ ਵੀ ਕਰੇ, ਬੈਠੇ ਵੀ ਰਹੇ, ਵੇਦ ਮੰਤਰ ਵੀ ਉਚਾਰਦੇ ਰਹੇ, ਇਕ ਨਹੀਂ ਬਹੁੜਿਆ। ਇਕ ਆਵਾਜ਼ ਆਈ ਹੈ ਸੱਚ ਦੀ, ਕਿ ਅਨੰਦਪੁਰ ਸਾਹਿਬ ਹੈ ਜਿਹਨੇ ਤੁਹਾਡੀ ਰਖਿਆ ਕਰਨੀ ਹੈ।

***ਕੇਵਲ ਇਕੋ ਆਪ ਹੋ ਕੇਵਲ ਇਕੋ ਆਪ।***
***ਮੇਟੋ ਹਿੰਦੂ ਧਰਮ ਤੇ ਬਣਿਆ ਜੋ ਸੰਤਾਪ।***

ਐਸ ਵੇਲੇ ਕੋਈ ਨਹੀਂ ਰੱਖਿਆ ਕਰਨ ਵਾਲਾ ਪਾਤਸ਼ਾਹ! ਪਹਿਲਾਂ ਸੁਣਦੇ ਆਏ ਹਾਂ ਕਿ ਪ੍ਰਹਿਲਾਦ ਨੂੰ ਸੁੱਟਿਆ ਗਿਆ ਕਿ ਉਹਦੇ ਸੱਟ ਨਾ ਲੱਗੀ, ਪਾਣੀ 'ਚ ਡੋਬਿਆ ਗਿਆ -

***ਜਲ ਅਗਨੀ ਵਿਚਿ ਘਤਿਆ***
***ਜਲੈ ਨ ਡੁਬੈ ਗੁਰ ਪਰਸਾਦਿ।***
***ਭਾਈ ਗੁਰਦਾਸ ਜੀ, ਵਾਰ 10 ਪਉੜੀ 2***

ਨਾ ਜਲਿਆ, ਨਾ ਡੁੱਬਿਆ, ਜਦ ਗਰਮ ਥੰਮ 'ਤੇ ਲਾਉਣ ਲੱਗੇ ਉਸ ਵੇਲੇ -

***ਥੰਮੁ ਪਾੜਿ ਪ੍ਰਗਟਿਆ***
***ਨਰਸਿੰਘ ਰੂਪ ਅਨੂਪ ਅਨਾਦਿ॥***
***ਭਾਈ ਗੁਰਦਾਸ ਜੀ, ਵਾਰ 10 ਪਉੜੀ 2***

ਪਾਤਸ਼ਾਹ! ਹੁਣ ਐਨਾ ਜ਼ੁਲਮ ਹੋ ਰਿਹਾ ਹੈ। ਇਕ ਵੀ ਦੇਵਤਾ ਨਹੀਂ ਪ੍ਰਗਟ ਹੋਇਆ, ਕੋਈ ਰਾਖੀ ਨਹੀਂ ਕਰਦਾ।

'ਚਲਦਾ.........।'

# ਪਿਆਰ ਭਰਿਆ ਸੁਗੰਧਤ ਜੀਵਨ
# (ਪਿਆਰੇ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ)

*ਭਾਈ (ਡਾ.) ਸੁਖਵਿੰਦਰ ਸਿੰਘ*

*ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥*
*ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥*

*ਅੰਗ- ੪੮੬*

ਪਾਵਨ ਪੰਕਤੀ ਦੇ ਸ਼ਬਦਾਰਥ ਅਨੁਸਾਰ ਪ੍ਰਮੇਸ਼ਰ ਵਾਹਿਗੁਰੂ ਜੀ ਨੂੰ ਚੰਦਨ ਦੇ ਬ੍ਰਿਖ ਨਾਲ ਤੁਲਨਾ ਕਰਕੇ ਸੁਗੰਧਿਤ ਦੱਸਿਆ ਹੈ। ਹੇ ਮਾਧੋ! ਤੂੰ ਚੰਦਨ ਦਾ ਬੂਟਾ ਹੈ, ਮੈਂ ਨਿਮਾਣਾ ਇਰੰਡ ਹਾਂ। ਤੇਰੀ ਮਿਹਰ ਸਦਕਾ ਤੇਰੇ ਚਰਨਾਂ ਵਿਚ ਰਹਿਣ ਲਈ ਥਾਂ ਮਿਲ ਗਈ ਹੈ। ਤੇਰੀ ਸੋਹਣੀ ਮਿੱਠੀ ਵਾਸ਼ਨਾ ਮੇਰੇ ਅੰਦਰ ਵਸ ਗਈ ਹੈ। ਹੁਣ ਮੈਂ ਨੀਵੇਂ ਤੋਂ ਉਚਾ ਬਣ ਗਿਆ ਹਾਂ। ਪਵਿੱਤਰ ਗੁਰਬਾਣੀ ਧੁਰ ਕੀ ਬਾਣੀ ਹੈ। ਪ੍ਰਮੇਸ਼ਰ ਦੇ ਆਪਣੇ ਬੋਲ ਪ੍ਰਮੇਸ਼ਰ ਸਰੂਪ ਹਨ। ਸਚਖੰਡ ਦੀ ਬਾਣੀ ਹੈ। ਇਲਾਹੀ ਨਾਦ ਹੈ। ਇਸ ਨੂੰ ਸੁਖੈਨ ਸਮਝਣ ਤੇ ਸਮਝਾਉਣ ਵਾਸਤੇ ਇਸ ਦੀ ਬਖਸ਼ਿਸ਼ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਵਿਚ ਸਾਨੂੰ ਹੋਈ। ਇਨ੍ਹਾਂ ਧੁਰ ਦਰਗਾਹੀ ਬੋਲਾਂ ਨੂੰ (□□□□ & □□□□□□) ਚਿੰਨ ਤੇ ਨਿਸ਼ਾਨਾਂ ਦੀ ਵਰਤੋਂ ਕਰਕੇ ਸਾਨੂੰ ਸਮਝਾਉਣਾ ਕੀਤਾ ਹੈ। ਭਾਵ ਕਿ ਦੁਨਿਆਵੀ ਉਦਾਹਰਣਾਂ, ਪ੍ਰਮਾਣ ਦਿਤੇ ਗਏ ਹਨ ਤਾਂ ਜੋ ਸਾਡੇ ਕਲਜੁਗੀ ਜੀਵਾਂ ਦੇ ਸੁਖੈਨ ਭਾਵ ਅਰਥ ਸਮਝ ਆ ਜਾਣ। ਉਪਰੋਕਤ ਪੰਕਤੀ ਅਨੁਸਾਰ ਚੰਦਨ ਰੂਪੀ ਵਾਹਿਗੁਰੂ ਨੂੰ ਸੁਗੰਧਤ ਦਸਿਆ ਗਿਆ ਹੈ। ਭਾਵ ਕਿ ਵਾਹਿਗੁਰੂ ਜੀ ਆਪ ਖੁਸ਼ਬੋ ਰੂਪ ਹੈ। ਉਨ੍ਹਾਂ ਦੀ ਛੋਹ ਵਿਚੋਂ ਰਸ, ਅਨੰਦ ਖੇੜਾ ਇਤਿਆਦਿਕ ਖੁਸ਼ਬੋਆਂ ਆਉਂਦੀਆਂ ਹਨ। ਜੋ ਵੀ ਸ਼ੈਅ ਉਸ ਸੁਗੰਧਤ ਸ਼ਕਤੀਸ਼ਾਲੀ ਨੂੰ ਛੋਹ ਜਾਂਦੀ ਹੈ, ਉਹ ਵੀ ਖੁਸ਼ਬੋਦਾਰ ਬਣ ਜਾਂਦੀ ਹੈ। ਚੰਦਨ ਦੇ ਨੇੜੇ ਉੱਗਣ ਵਾਲੀਆਂ ਜੜ੍ਹੀਆਂ ਬੂਟੀਆਂ ਘਾਹ ਆਦਿਕ ਵੀ ਸੁਗੰਧਤ ਹੋ ਜਾਂਦੇ ਹਨ। ਕੇਵਲ ਬਾਂਸ ਨੂੰ ਛੱਡ ਕੇ ਚੌਗਿਰਦਾ ਸੁੰਗਧਤ ਹੋ ਜਾਂਦਾ ਹੈ। ਸਮੁੱਚੇ ਨੇੜਲੇ ਵਾਤਾਵਰਣ ਵਿਚੋਂ ਸੁਗੰਧੀਆਂ ਦੀ ਬਹਾਰ ਮਹਿਸੂਸ ਹੁੰਦੀ ਹੈ। ਪਵਿੱਤਰ ਗੁਰਬਾਣੀ ਅੰਦਰ ਇਸ ਪ੍ਰਮਾਣ ਨੂੰ ਹੋਰ ਖੋਲ੍ਹ ਕੇ ਸਮਝਾਉਣਾ ਕੀਤਾ ਹੈ -

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*

*ਅੰਗ- ੧੩੬੫*

ਇਸੇ ਤਰ੍ਹਾਂ ਜੋ ਵਾਹਿਗੁਰੂ ਨਾਲ ਅਭੇਦ ਹੋ ਜਾਂਦੇ ਹਨ, ਉਹ ਵੀ ਉਸ ਦੀ ਖੁਸ਼ਬੋ ਨੂੰ ਭੁੰਚ ਕੇ ਖੁਸ਼ਬੋਆਂ ਵੰਡਣ ਵਾਲੇ ਬਣ ਜਾਂਦੇ ਹਨ। ਭਾਈ ਨੰਦ ਨਾਲ ਜੀ ਅਨੁਸਾਰ ਜੋ ਕੱਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਿਖਾਰੀ ਸਨ ਅੱਜ ਉਹ ਕਲਗੀਧਰ ਪਿਤਾ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਬਾਦਸ਼ਾਹੀਆਂ ਵੰਡਦੇ ਦੇਖੇ ਗਏ ਹਨ। ਦੋਹਾਂ ਜਹਾਨਾਂ ਦੀ ਬਾਦਸ਼ਾਹੀ ਉਨ੍ਹਾਂ ਨੂੰ ਪ੍ਰਾਪਤ ਹੋ ਗਈ।

ਪਿਆਰ ਅਤੇ ਖੁਸ਼ਬੋ ਨੂੰ ਮਹਿਸੂਸ ਕੀਤਾ ਜਾਂਦਾ ਹੈ। ਪ੍ਰਮੇਸ਼ਰ ਵਾਹਿਗੁਰੂ ਪ੍ਰੇਮ ਸਰੂਪ ਹੋ ਕੇ ਫੈਲਿਆ ਹੋਇਆ ਹੈ।

*ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥*

*ਜਾਪੁ ਸਾਹਿਬ*

ਪ੍ਰਮੇਸ਼ਰ ਦੇ ਪਿਆਰ ਵਿਚ ਰਹਿਣ ਵਾਲੇ ਵੀ ਪਿਆਰ ਭਰੇ ਸੁੰਗਧਤ ਜੀਵਨ ਦੇ ਧਾਰਨੀ ਬਣ ਜਾਂਦੇ ਹਨ। ਦੁਨੀਆਂ ਦੀਆਂ ਵਸਤੂਆਂ ਵਿਚੋਂ ਜਿਥੇ ਸਾਨੂੰ ਖੁਸ਼ਬੋ ਭਾਸਦੀ ਹੈ, ਉਥੋਂ ਬਦਬੂ ਵੀ ਨਾਲੋਂ ਨਾਲ ਚਲੀ ਆਉਂਦੀ ਹੈ। ਜਿਥੇ ਕੁਝ ਚੰਗਾ ਨਜ਼ਰ ਆਉਂਦਾ ਹੈ, ਉਥੇ ਮਾੜਾ ਵੀ ਹੋ ਸਕਦਾ ਹੈ। ਸਦਗੁਣਾਂ ਰੂਪੀ ਖੁਸ਼ਬੋ ਹੈ ਤੇ ਆਸੁਰੀ ਸ਼ਕਤੀਆਂ ਰੂਪੀ ਦੁਰਗੰਧ ਵੀ ਹੈ। ਸਤ, ਸੰਤੋਖ, ਧੀਰਜ, ਖਿਮਾ, ਮਿੱਠਾ ਬੋਲਣਾ, ਪਰਉਪਕਾਰੀ ਜੀਵਨ ਇਹ ਸਭ ਖੁਸ਼ਬੋਆਂ ਹਨ। ਇਨ੍ਹਾਂ ਨਾਲ ਮਾਨਵਤਾ ਸੁਗੰਧਤ ਹੁੰਦੀ ਹੈ। ਪਰ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ), ਪੰਜ ਵਿਸ਼ੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਇਤਿਆਦਿਕ ਦੁਰਗੰਧ ਵੀ ਹਨ। ਇਨ੍ਹਾਂ ਨਾਲ ਮਾਨਵਤਾ ਦੁਰਗੰਧਤ ਹੋ ਜਾਂਦੀ ਹੈ ਕੇਵਲ ਇਕ ਜਨਮ ਹੀ ਨਹੀਂ, ਜਨਮਾਂ-ਜਨਮਾਂ ਤਕ ਇਹ ਦੁਰਗੰਧੀ ਖਤਮ ਨਹੀਂ ਹੁੰਦੀ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

*ਅੰਗ- ੪੬੬*

ਰੱਬ ਦੇ ਪਿਆਰੇ ਉਸ ਵਾਹਿਗੁਰੂ ਤੋਂ ਨਾਮ ਦੀ ਸੁਗੰਧੀ ਲੈ ਕੇ ਮਾਨਵਤਾ ਨੂੰ ਵੰਡ ਕੇ ਦੁਰਗੰਧ ਤੋਂ ਛੁਟਕਾਰਾ ਦਿਵਾਉਂਦੇ ਹਨ। ਪਹਿਲਾਂ ਆਪ ਸੁੰਗਧਤ ਹੁੰਦੇ ਹਨ-

*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥*

*ਅੰਗ- ੩੮੧*

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*  *ਅੰਗ- ੧੦੭੬*

***'ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥'*** ਦੇ ਧਾਰਨੀ ਬਣ ਜਾਂਦੇ ਹਨ। ਇਸ ਨਾਮ ਰੂਪੀ ਖੁਸ਼ਬੋ ਨਾਲ ਇਕ

ਨਹੀਂ ਅਨੇਕਾਂ ਸੁਗੰਧਿਤ ਹੋ ਜਾਂਦੇ ਹਨ। ਇਹ ਸੁਗੰਧੀ ਬਿਨਾਂ ਕਿਸੇ ਵਿਤਕਰੇ, ਰੂਪ, ਜਾਤ, ਪਾਤ, ਨਸਲ, ਲਿੰਗ ਭੇਦ ਤੋਂ ਵੰਡੀ ਜਾਂਦੀ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ਅੰਗ- ੧੨੯੯*

ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਵੀ ਇਹੀ ਉਪਦੇਸ਼ ਬਖਸ਼ਿਸ਼ ਹੋਇਆ ਸੀ ਜਦੋਂ 'ਉਜੜ ਜਾਉ ਤੇ ਵਸਦੇ ਰਹੋ' ਦੀ ਬਖਸ਼ਿਸ਼ ਕੀਤੀ ਸੀ। ਜਿਨ੍ਹਾਂ ਨੇ ਸੱਚੇ ਪਾਤਸ਼ਾਹ ਦੀ ਦਿਲੋਂ ਤਨੋ, ਮਨੋਂ ਸੇਵਾ ਕੀਤੀ ਜੋ ਸੁੰਗਧਿਤ ਸਨ, ਉਨ੍ਹਾਂ ਨੂੰ ਬਚਨ ਕੀਤਾ ਕਿ ਉਜੜ ਜਾਉ ਤੇ ਜੋ ਤਨ-ਮਨੋ ਸਤਿਗੁਰੂ ਦੀ ਮਹਿਮਾ ਤੋਂ ਅਣਜਾਣ ਸਨ ਉਨ੍ਹਾਂ ਨੂੰ ਵਸਦੇ ਰਹੋ ਦਾ ਬਚਨ ਕੀਤਾ। ਭਾਈ ਮਰਦਾਨੇ ਦੇ ਸ਼ੰਕਾ ਭਰੇ ਮਨ ਨਾਲ ਪੁੱਛਣ ਤੇ ਬਚਨ ਕੀਤਾ ਕਿ ਸੁਗੰਧੀ ਫੈਲਾਉਣੀ ਚਾਹੀਦੀ ਹੈ ਜਾਂ ਢੱਕਣੀ। ਮਹਾਰਾਜ! ਸੁਗੰਧੀ ਜਿੰਨੀ ਫੈਲੇ ਓਨੀ ਥੋੜ੍ਹੀ; ਗੰਦਗੀ, ਬਦਬੂ ਢੱਕਣੀ ਚੰਗੀ ਜਾਂ ਫੈਲਾਉਣੀ। ਮਹਾਰਾਜ ਗੰਦਗੀ ਢਕੀ ਚੰਗੀ। ਮਹਾਰਾਜ ਨੇ ਬਚਨ ਕੀਤਾ ਕਿ ਅਸੀਂ ਸੁਗੰਧੀ ਫੈਲਾਈ ਹੈ ਤੇ ਦੁਰਗੰਧ ਨੂੰ ਢਕਿਆ ਹੈ। ਇਹ ਰੱਬ ਦੇ ਪਿਆਰੇ, ਰੱਬ ਦੇ ਪਿਆਰ ਵਿਚ ਸੁਗੰਧਤ ਹੋਏ ਹਨ ਇਹ ਜਿਥੇ ਵੀ ਜਾਣਗੇ ਉਥੇ ਰੱਬੀ ਪਿਆਰ ਦੀ ਸੁਗੰਧੀ ਚੌਤਰਫੇ ਵਿਚ ਵੰਡਣਗੇ। ਮਾੜੀ ਬਿਰਤੀ ਵਾਲੇ ਇਕੋ ਜਗ੍ਹਾ ਰਹੇ ਚੰਗੇ ਤਾਂ ਜੋ ਮਾੜੀਆਂ ਕੁਰੀਤੀਆਂ ਹੋਰ ਪਾਸੇ ਨਾ ਫੈਲਾ ਸਕਣ।

ਇਸ ਸਾਖੀ ਦੀ ਵਿਚਾਰ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਮਨੁੱਖਾਂ ਦੇ ਜੀਵਨ ਵੀ ਸੁਗੰਧ ਜਾਂ ਦੁਰਗੰਧ ਨਾਲ ਭਰੇ ਹੋ ਸਕਦੇ ਹਨ। ਅਸੀਂ ਕੇਵਲ ਸਰੀਰਕ ਜਾਂ ਸਥੂਲ, ਸੁਗੰਧ ਜਾਂ ਦੁਰਗੰਧ ਨੂੰ ਜਾਣਦੇ ਹਾਂ। ਭਾਵ ਦੁਨਿਆਵੀ ਪਦਾਰਥਵਾਦੀ ਖੁਸ਼ਬੋ ਜਾਂ ਬਦਬੋ ਨੂੰ ਜਾਣਦੇ ਹਾਂ। ਪਰ ਸਤਿਗੁਰੂ ਨੇ ਸਾਨੂੰ ਸਰੀਰਕ ਪਵਿੱਤਰਤਾ ਦੇ ਨਾਲ-ਨਾਲ ਅੰਦਰਲੀ ਪਵਿੱਤਰਤਾ ਰੱਖਣ ਦੀ ਤਾਗੀਦ ਕੀਤੀ ਹੈ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ- ੬੧੧*

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*
*ਅੰਗ- ੧੩੮੨*

ਫਿਰ ਇਕ ਸਮਰੱਥ ਸਤਿਗੁਰੂ ਦੇ ਬਣਨ ਨਾਲ ਸਾਰੀ ਮਾਨਵਤਾ ਆਪਣੀ ਬਣ ਜਾਂਦੀ ਹੈ।

*ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥*
*ਅੰਗ- ੪੫੦*

ਰੱਬ ਦੇ ਪਿਆਰੇ ਇਕ ਦੀ ਪੂਜਾ ਕਰਕੇ ਆਪ ਪੂਜਣਯੋਗ ਬਣ ਜਾਂਦੇ ਹਨ। ਉਹਨਾਂ ਦੇ ਅੰਦਰ ਦਵੈਸ਼ ਭਾਵ ਖਤਮ ਹੋ ਜਾਂਦਾ ਹੈ। ਅਭੇਦਤਾ ਪ੍ਰਾਪਤ ਹੋ ਜਾਂਦੀ ਹੈ। ਗੁਰੂ ਦੀ ਐਸੀ ਕ੍ਰਿਪਾ ਹੋ ਜਾਂਦੀ ਹੈ -

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥ ਅੰਗ- ੬੩੪*

ਭਾਵੇਂ ਸਭ ਦੇ ਸਰੀਰ ਪੰਜਾਂ ਤੱਤਾਂ ਦੇ ਹਨ ਪਰ ਆਮ ਮਨੁੱਖ ਵਿਚ ਪੰਜਾਂ ਤੱਤਾਂ ਵਾਲੇ ਗੁਣ ਸੁਭਾਇਮਾਨ ਨਹੀਂ ਹੁੰਦੇ। ਰੱਬ ਦੇ ਪਿਆਰਿਆਂ ਦਾ ਸਰੀਰ ਵੀ ਭਾਵੇਂ ਪੰਜ ਭੌਤਿਕ ਹੀ ਹੁੰਦਾ ਹੈ ਪਰ ਉਹਨਾਂ ਦੇ ਅੰਦਰ ਇਨ੍ਹਾਂ ਪੰਜਾਂ ਤੱਤਾਂ ਵਾਲੇ ਗੁਣ ਮੌਜੂਦ ਹੁੰਦੇ ਹਨ -

*ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥*
*ਐਸੀ ਰਹਤ ਰਹਉ ਹਰਿ ਪਾਸਾ ॥ ਅੰਗ- ੩੨੨*

ਪੰਜ ਤੱਤਾਂ ਦੇ ਸੁਭਾਅ ਦੀ ਖੁਸ਼ਬੋ ਉਨ੍ਹਾਂ ਦੇ ਜੀਵਨ ਵਿਚੋਂ ਆਪ ਮੁਹਾਰੇ ਸਹਿਜੇ ਹੀ ਝਲਕਦੀ ਨਜ਼ਰ ਆਉਂਦੀ ਹੈ।

## 1. ਧਰਤੀ: ਦਾ ਗੁਣ (ਸੁਗੰਧ) -

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥*
*ਅੰਗ- ੨੭੨*

ਰੱਬ ਦੇ ਪਿਆਰਿਆਂ ਦੇ ਅੰਦਰ ਇਕ ਵੱਡਾ ਗੁਣ ਧੀਰਜ ਦਾ ਹੁੰਦਾ ਹੈ। ਜੀਵਨ ਦੀ ਹਰ ਸਥਿਤੀ ਵਿਚ ਦੁਖ-ਸੁਖ, ਹਾਨ-ਲਾਭ, ਆਦਰ-ਨਿਰਾਦਰ 'ਚ ਮਿੱਟੀ ਵਾਂਗੂੰ ਸਮ ਰਹਿਣਾ। ਕੋਈ ਧਰਤੀ ਨੂੰ ਚੰਦਨ ਦਾ ਲੇਪ ਕਰੇ ਕੋਈ ਉਸ ਨੂੰ ਖੋਦੇ, ਧਰਤੀ ਨੂੰ ਕੋਈ ਫਰਕ ਨਹੀਂ ਪੈਂਦਾ। ਵੱਡੇ-ਵੱਡੇ ਉਚੇ ਪਹਾੜ ਉਸਰ ਜਾਣ ਜਾਂ ਡੂੰਘੇ ਤੋਂ ਡੂੰਘੇ ਟੋਏ ਪੁੱਟੇ ਜਾਣ, ਧਰਤੀ ਨੂੰ ਕੋਈ ਫਰਕ ਨਹੀਂ। ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਵਿਚ ਇਕ ਨਹੀਂ ਅਨੇਕਾਂ ਘਟਨਾਵਾਂ ਇਹੋ ਜਿਹੀਆਂ ਵਾਪਰੀਆਂ ਕਿ ਆਪ ਜੀਆਂ ਨੇ ਧੀਰਜ ਨਹੀਂ ਛੱਡਿਆ। ਸੰਨ ੧੯੯੮ ਈ. ਦੇ ਕਰੀਬ ਮੋਰਿੰਡੇ ਦੀਵਾਨਾਂ 'ਚ ਸੰਗਤ ਦੇ ਕੁਝ ਪ੍ਰੇਮੀਆਂ ਦੇ ਦੱਸਣ ਤੇ ਕੋਈ ਅਖੌਤੀ ਸੰਤ ਆਪ ਜੀ ਦੀ ਨਿੰਦਿਆ ਕਰਦਾ ਹੋਇਆ ਕੁਝ ਰੁੱਖੇ ਬਚਨ ਬੋਲਦਾ ਹੈ। ਮਹਾਂਪੁਰਸ਼ਾਂ ਨੇ ਬੜੇ ਧੀਰਜ ਨਾਲ ਉਸ ਦੇ ਬੋਲਾਂ ਦਾ ਜਾਂ ਕੀਤੇ ਗਏ ਸ਼ੰਕਿਆਂ ਦਾ ਜਵਾਬ ਸਮਾਗਮ ਦੇ ਆਖਰੀ ਦੀਵਾਨ ਵਿਚ ਦਿਤਾ ਕਿ ਹਾਂ ਭਾਈ! ਉਹ ਸੰਤ ਹਨ, ਸਹੀ ਹੀ ਕਹਿੰਦੇ ਹਨ। ਸੰਤ ਕਦੇ ਝੂਠ ਨਹੀਂ ਬੋਲਦੇ। ਭਾਵ ਈਰਖਾਲੂ ਨਾਲ ਵੀ ਕਦੇ ਈਰਖਾ ਨਹੀਂ ਕੀਤੀ। ਹਮੇਸ਼ਾ ਧੀਰਜ ਤੋਂ ਕੰਮ ਲਿਆ। ਯੂ.ਪੀ ਵਿਚ ਆਪ ਜੀਆਂ ਤੇ ਜਾਨ ਲੇਵਾ ਹਮਲਾ ਹੋਇਆ ਪਰ ਕ੍ਰੋਧ ਵਿਚ ਨਹੀਂ ਆਏ ਸਗੋਂ ਧੀਰਜਤਾ ਤੋਂ ਕੰਮ ਲੈਂਦੇ ਹੋਏ ਆਪਣਾ ਸਹਿਜ ਕਾਇਮ ਰੱਖਿਆ। ਹਮਲਾ ਕਰਨ ਵਾਲਿਆਂ ਨੂੰ ਬਰੀ ਕਰਵਾ ਦਿਤਾ।

## 2. ਪਾਣੀ ਦਾ ਗੁਣ -

*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥*
*ਜੈਸੇ ਮੈਲੁ ਨ ਲਾਗੈ ਜਲਾ ॥ ਅੰਗ- ੨੭੨*

ਪਾਣੀ ਦਾ ਇਕ ਗੁਣ ਹੈ ਕਿ ਇਸ ਨੂੰ ਜਿਸ ਭਾਂਡੇ ਵਿਚ ਪਾਇਆ ਜਾਂਦਾ ਹੈ, ਉਹੋ ਜਿਹਾ ਹੀ ਰੂਪ ਧਾਰਨ ਕਰ

ਲੈਂਦਾ ਹੈ। ਦੁਨਿਆਵੀ ਮੈਲਾਂ ਨੂੰ ਪਾਣੀ ਧੋਣ ਦੇ ਸਮਰੱਥ ਹੈ। ਪਰ ਆਪ ਮੈਲ ਤੋਂ ਰਹਿਤ ਰਹਿੰਦਾ ਹੈ।

ਪਿਆਰੇ ਮਹਾਂਪੁਰਸ਼ਾਂ ਦਾ ਇਹੋ ਜਿਹਾ ਜੀਵਨ ਕਿ ਗ੍ਰਹਿਸਥ ਵਿਚ ਰਹਿੰਦੇ ਹੋਏ ਦੁਨਿਆਵੀ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਨਿਰਲੇਪ ਰਹੇ।

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ- ੯੩੮*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ- ੧੩੭੬*

*ਗੁਰਮੁਖ ਮਾਇਆ ਵਿਚ ਉਦਾਸੀ। ਭਾਈ ਗੁਰਦਾਸ ਜੀ*

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ- ੯੫੨*

ਬਾਣੀ ਦੇ ਇਨ੍ਹਾਂ ਸਿਧਾਂਤਾਂ 'ਤੇ ਪਹਿਰਾ ਦਿੰਦੇ ਹੋਏ ਮਾਨਵਤਾ ਨੂੰ ਇਹੋ ਜਿਹੀ ਜ਼ਿੰਦਗੀ ਜਿਉਣ ਲਈ ਪ੍ਰੇਰਨਾ ਦਿਤੀ–

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰ ਸਮਝਹੁ*
*ਮਨ ਹੀ ਮਾਹਿ ਉਦਾਸਾ॥ ਰਾਮਕਲੀ ਪਾਤਿਸ਼ਾਹੀ ੧੦*

ਐਸਾ ਜੀਵਨ ਸੀ ਪਿਆਰੇ ਮਹਾਂਪੁਰਸ਼ਾਂ ਦਾ ਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਜੀਆਂ ਦਾ। ਦੁਨੀਆਂ ਵਿਚ ਰਹਿੰਦੇ ਹੋਏ ਪਰ ਦੁਨੀਆਂ ਦੀਆਂ ਮੈਲਾਂ ਤੋਂ ਨਿਰਲੇਪ ਸਨ। ਰਾਜਨੀਤਿਕ ਲੋਕਾਂ ਵਲੋਂ ਮਾਇਆ ਦੇ ਲਾਲਚ ਦਿਤੇ ਗਏ ਕਿ ਇਕ ਬਿਆਨ ਲਾ ਦਿਉ ਕਿ ਫਲਾਨਾ ਬੰਦਾ ਚੰਗਾ ਹੈ। ਪਰ ਆਪ ਜੀ ਕਿਸੇ ਲਾਲਚ ਵਿਚ ਨਹੀਂ ਆਏ। ਲੱਖਾਂ ਰੁਪਿਆਂ ਦੀ ਭਰੀ ਅਟੈਚੀ ਨੂੰ ਠੋਕਰ ਮਾਰ ਕੇ ਵਰਜਿਆ ਕਿ ਖਬਰਦਾਰ! ਜੇ ਮੇਰੇ ਕੋਲੋਂ ਦੁਬਾਰਾ ਇਹੋ ਜਿਹੀ ਪੇਸ਼ਕਸ਼ ਕੀਤੀ। ਐਸੀ ਤਾੜਨਾ ਉਨ੍ਹਾਂ ਸਵਾਰਥੀ (ਮਨ ਦੇ ਮੈਲਿਆਂ) ਨੂੰ ਕੀਤੀ। ਦੁਬਾਰਾ ਕਿਸੇ ਦਾ ਜੇਰਾ ਨਹੀਂ ਪਿਆ ਕਿ ਕੋਈ ਲਾਲਚ ਵਾਲੀ ਪੇਸ਼ਕਸ਼ ਉਨ੍ਹਾਂ ਨੂੰ ਕੀਤੀ ਜਾਵੇ।

**ਅਕਾਸ਼ ਵਾਲਾ ਗੁਣ –** ਅਕਾਸ਼ ਦੇ ਸੁਭਾਅ ਮੁਤਾਬਿਕ ਮਹਾਂਪੁਰਸ਼ਾਂ ਦੇ ਜੀਵਨ ਵਿਚੋਂ ਅਕਾਸ਼ ਵਾਲੀ ਅਸੀਮਤਾ ਅਤੇ ਵਿਸ਼ਾਲਤਾ ਪ੍ਰਤੱਖ ਹੁੰਦੀ ਹੈ।

*ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥*
*ਜੈਸੇ ਧਰ ਊਪਰਿ ਆਕਾਸੁ ॥ ਅੰਗ- ੨੭੨*

ਰੱਬ ਦੇ ਪਿਆਰਿਆਂ ਦੇ ਮਨ ਵਿਚ ਗਿਆਨ ਦਾ ਐਸਾ ਚਾਨਣ ਹੋ ਜਾਂਦਾ ਹੈ ਕਿ ਪ੍ਰਭੂ ਹਰ ਥਾਂ 'ਤੇ ਮੌਜੂਦ ਹੈ। ਜਿਵੇਂ ਧਰਤੀ ਉਤੇ ਅਕਾਸ਼ ਸਭ ਥਾਂ ਵਿਆਪਕ ਹੈ। ਉਨ੍ਹਾਂ ਅੰਦਰ ਗੁਰਬਾਣੀ ਦੀ ਰੋਸ਼ਨੀ ਹੁੰਦੀ ਹੈ –

*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ॥ ਅੰਗ- ੬੭*

*ਦੀਵਾ ਬਲੈ ਅੰਧੇਰਾ ਜਾਇ ॥*
*ਬੇਦ ਪਾਠ ਮਤਿ ਪਾਪਾ ਖਾਇ ॥*
*ਉਗਵੈ ਸੂਰੁ ਨ ਜਾਪੈ ਚੰਦੁ ॥*
*ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥*
*ਬੇਦ ਪਾਠ ਸੰਸਾਰ ਕੀ ਕਾਰ ॥*
*ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥*
*ਬਿਨੁ ਬੂਝੇ ਸਭ ਹੋਇ ਖੁਆਰ ॥*
*ਨਾਨਕ ਗੁਰਮੁਖਿ ਉਤਰਸਿ ਪਾਰਿ ॥ ਅੰਗ- ੭੯੧*

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ - ੨੯੩*

ਪਿਆਰੇ ਮਹਾਂਪੁਰਸ਼ਾਂ ਦੀ ਬਿਰਤੀ ਹਰ ਵਕਤ ਪ੍ਰਮੇਸ਼ਰ 'ਚ ਲੀਨ ਰਹਿੰਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਨਮਾਜ਼ ਅਦਾ ਕਰਨ ਵਾਲੀ ਸਾਖੀ ਦਾ ਪ੍ਰਮਾਣ ਦੇ ਕੇ ਬਚਨ ਕਰਦੇ ਹੁੰਦੇ ਕਿ ਦੂਰੀ ਦੀ ਨਹੀਂ, ਹਜ਼ੂਰੀ ਦੀ ਨਮਾਜ਼ ਪੜ੍ਹਨੀ ਹੈ। ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਾਣੀ ਪੜ੍ਹਨੀ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ- ੬੭੭*

***'ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥'*** ਵਾਲੀ ਧਾਰਨਾ ਅਕਸਰ ਆਪਣੇ ਦੀਵਾਨਾਂ ਵਿਚ ਪੜ੍ਹਿਆ ਕਰਦੇ ਸਨ।

ਉਨ੍ਹਾਂ ਦੇ ਅੰਦਰ ਨਾਮ ਦਾ ਪ੍ਰਕਾਸ਼ ਇੰਨਾ ਸੀ ਕਿ ਕੋਈ ਵੀ ਸਾਖੀ ਪ੍ਰਮਾਣ ਦੀ ਇਸ ਤਰ੍ਹਾਂ ਤਰਜਮਾਨੀ ਕਰਦੇ ਕਿ ਸਭ ਕੁਝ ਸਾਹਮਣੇ ਹੁੰਦਾ ਨਜ਼ਰ ਆਉਂਦਾ ਸੀ। ਲੰਘ ਚੁਕਾ ਸਮਾਂ ਖਿੱਚ ਕੇ ਸਰੋਤਿਆਂ ਦੇ ਸਾਮ੍ਹਣੇ ਪ੍ਰਤੱਖ ਦ੍ਰਿਸ਼ਟਮਾਨ ਕਰ ਦਿੰਦੇ ਸਨ। ਗੁਰਬਾਣੀ ਦਾ ਚਾਨਣ ਏਨਾ ਸੀ ਕਿ ਹਰ ਬਚਨ ਗੁਰਬਾਣੀ ਦੀ ਰੋਸ਼ਨੀ ਵਿਚ ਹੀ ਕਰਨਾ। ਆਪ ਜੀ ਐਸੇ ਗੁਰਵਾਕ ਸੰਗਤ ਨਾਲ ਸਾਂਝੇ ਕਰਦੇ –

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥*
*ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥*
*ਅੰਗ - ੭੬੬*

ਜੀਵਨ ਭਰ ਉਨ੍ਹਾਂ ਨੇ ਗੁਰਬਾਣੀ ਤੇ ਅਧਾਰਿਤ ਤੱਤ ਬਚਨ ਕੀਤੇ। ਗੁਰਮਤਿ ਦੇ ਗਹਿਰੇ ਸਿਧਾਂਤ ਸਰਲ, ਸੁਖੈਨ

ਬੋਲੀ ਵਿਚ ਦੁਨਿਆਵੀ ਪ੍ਰਮਾਣ ਦੇ ਕੇ ਸਮਝਾਉਣਾ ਕੀਤਾ। ਇਨ੍ਹਾਂ ਪ੍ਰਵਚਨਾਂ ਦਾ ਪ੍ਰਗਟਾਵਾ ਉਨ੍ਹਾਂ ਵਲੋਂ ਰਿਕਾਰਡ ਕੀਤੀਆਂ ਸੀਡੀਆਂ ਵਿਚ ਮਿਲਦਾ ਹੈ। 'ਆਤਮ ਮਾਰਗ' ਮੈਗਜ਼ੀਨ ਅਤੇ ਅਨੇਕਾਂ ਰੂਹਾਨੀ ਪ੍ਰਵਚਨਾਂ ਨਾਲ ਭਰਪੂਰ ਪੁਸਤਕਾਂ ਉਨ੍ਹਾਂ ਦੇ ਸਰਲ ਸੁਖੈਨ ਬਚਨਾਂ ਰਾਹੀਂ, ਗੁਰਮਤਿ ਦੇ ਗੂੜ੍ਹ ਸਿਧਾਂਤਾਂ ਦੀ ਤਰਜਮਾਨੀ ਕਰ ਰਹੀਆਂ ਹਨ।

## ਅਗਨਿ ਵਾਲਾ ਨਿੱਘ –

*ਬ੍ਰਹਮ ਗਿਆਨੀ ਸਦਾ ਨਿਰਦੋਖ ॥*
*ਜੈਸੇ ਸੂਰੁ ਸਰਬ ਕਉ ਸੋਖ ॥ ਅੰਗ- ੨੭੨*

ਜਿਵੇਂ ਸੂਰਜ ਸਾਰੇ ਰਸਾਂ ਨੂੰ ਸੁਕਾ ਲੈਂਦਾ ਹੈ ਇਸੇ ਤਰ੍ਹਾਂ ਰੱਬ ਦੇ ਪਿਆਰੇ ਸਾਰੇ ਪਾਪਾਂ ਦਾ ਖਾਤਮਾ ਕਰ ਦਿੰਦੇ ਹਨ। ਖੋਟੀ ਮੱਤ ਦਾ ਨਾਸ਼ ਕਰ ਦਿੰਦੇ ਹਨ। ਗੁਰਮਤਿ ਦਾ ਪ੍ਰਕਾਸ਼ ਕਰਦੇ ਹਨ। ਜਿਵੇਂ ਗਨਕਾ ਦਾ ਉਧਾਰ ਪ੍ਰਭੂ ਪਿਆਰ ਵਾਲੇ ਮਹਾਂਪੁਰਸ਼ਾਂ ਰਾਹੀਂ ਹੋਇਆ –

*ਮਹਾਂਪੁਰਖ ਆਚਾਣਚੱਕ ਗਨਿਕਾ ਵਾੜੇ ਆਇ ਖਲੋਤਾ।*
*ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸਨੋ ਦਿਤੋਨੁ ਤੋਤਾ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਰੱਬ ਦੇ ਪਿਆਰੇ ਖੋਟੀ ਮਤ ਵਾਲਿਆਂ ਤੇ ਵੀ ਪਸੀਜ ਕੇ, ਤਰਸ ਖਾ ਕੇ ਉਸ 'ਤੇ ਦਿਆਲ ਹੋ ਕੇ ਪ੍ਰਮੇਸ਼ਰ ਦੀ ਕ੍ਰਿਪਾ ਦੇ ਪਾਤਰ ਬਣਾ ਦਿੰਦੇ ਹਨ –

*ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥*
*ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥ ਅੰਗ- ੨੭੯*

*ਸਾਧੂ ਕੀ ਜਉ ਲੇਹਿ ਓਟ ॥*
*ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥ ਅੰਗ- ੧੧੯੬*

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ- ੨੭੩*

ਭਾਵ ਉਨ੍ਹਾਂ ਦੀ ਸੰਗਤ ਵਿਚ, ਆਉਣ ਵਾਲਾ ਵੀ ਤਰ ਜਾਂਦਾ ਹੈ –

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਅੰਗ- ੧੦*

ਪਿਆਰੇ ਮਹਾਂਪੁਰਸ਼ਾਂ ਨੇ ਇਕ ਨਹੀਂ ਅਨੇਕਾਂ ਨੂੰ ਮਨਮਤਿ ਤੋਂ ਹਟਾ ਕੇ ਗੁਰਮਤਿ ਦੇ ਧਾਰਨੀ ਬਣਾਇਆ। ਯੂ.ਪੀ ਵਿਚ ਇਕ ਵਾਰੀ ਕਿਸੇ ਸ਼ਰਾਬੀ ਵਲੋਂ ਆਪ ਜੀਆਂ ਨੂੰ ਜੱਫੀ ਪਾਉਣ ਵੇਲੇ ਆਪ ਜੀ ਦੇ ਬਸਤਰਾਂ ਨੂੰ ਮੈਲੇ ਕਰ ਦਿਤਾ ਗਿਆ ਪਰ ਆਪ ਜੀ ਨੇ ਉਸ ਨੂੰ ਕੁਝ ਨਹੀਂ ਕਿਹਾ ਸਗੋਂ ਉਸ ਨੂੰ ਤਰਸ ਭਰੀ ਦ੍ਰਿਸ਼ਟੀ ਨਾਲ ਦੇਖਿਆ। ਉਸ ਦ੍ਰਿਸ਼ਟੀ ਦਾ ਐਸਾ ਅਸਰ ਹੋਇਆ ਕਿ ਉਹ ਸਦਾ ਲਈ ਨਸ਼ੇ ਨੂੰ ਛੱਡ ਗਿਆ। ਗੁਰੂ ਵਾਲਾ ਬਣ ਕੇ ਸੁਚੱਜਾ ਜੀਵਨ ਬਸਰ ਕਰਨ ਲੱਗਾ। ਇਸ ਤਰ੍ਹਾਂ ਇਕ ਨਹੀਂ ਅਨੇਕਾਂ ਮਿਸਾਲਾਂ ਹਨ ਜੋ ਵੀ ਆਪ ਜੀ ਦੇ ਸੰਪਰਕ/ਸੋਭਤ ਵਿਚ ਆਇਆ ਉਹ ਮਾੜੇ ਕਰਮਾਂ ਤੋਂ ਤੋਬਾ ਕਰਕੇ ਗੁਰਮਤਿ ਦਾ ਧਾਰਨੀ ਬਣਿਆ। ਸਿੰਧ, ਯੂ.ਪੀ ਦੇ ਤਰਾਈ ਅਤੇ ਰੋਪੜ, ਚੰਡੀਗੜ੍ਹ ਦੇ ਇਲਾਕੇ ਵਿਚ, ਭਾਵ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਇਕ ਨਹੀਂ ਅਨੇਕਾਂ ਮਿਸਾਲਾਂ ਹਨ ਕਿ ਕਿੰਨਿਆਂ ਦਾ ਜੀਵਨ ਆਪ ਜੀ ਦੇ ਪ੍ਰਵਚਨਾਂ ਰਾਹੀਂ ਸਿੱਧੇ ਰਸਤੇ ਪਿਆ। ਯੂ.ਪੀ ਦੇ ਦੀਵਾਨਾਂ ਵਿਚ ਕੁਰਾਹੇ ਪਏ ਪ੍ਰਾਣੀ ਆਪ ਦੀਵਾਨ ਵਿਚ ਉਠ ਕੇ ਦਸਦੇ ਕਿ ਮੈਂ ਇਤਨੇ ਪਾਪ ਕੀਤੇ, ਮੇਰਾ ਉਧਾਰ ਕਿਵੇਂ ਹੋ ਸਕਦਾ ਹੈ? ਖਾਸ ਕਰਕੇ ਜਦੋਂ ਆਪ ਜੀ ਭੂਮੀਏ ਚੋਰ, ਲੱਖੂ ਧਾੜਵੀ, ਸੱਜਣ ਠੱਗ ਤੋਂ ਭਾਈ ਭੂਮੀਆ ਤੇ ਭਾਈ ਸੱਜਣ, ਭਾਈ ਲੱਖੂ ਬਣਨ ਦੀਆਂ ਸਾਖੀਆਂ ਸੁਣਾਇਆ ਕਰਦੇ। ਸਤਿਗੁਰਾਂ ਦੀ ਰਹਿਮਤ ਉਹਨਾਂ ਮਨਮਤੀਆਂ, ਕੁਰਾਹੀਆਂ ਤੇ ਵੀ ਵਰਸਦੀ ਤੇ ਉਹ ਅੱਗੇ ਤੋਂ ਮਾੜੇ ਕੰਮਾਂ, ਚੋਰੀਆਂ, ਡਾਕੇ ਧਾੜਿਆਂ ਤੇ ਸ਼ਰਾਬਾਂ ਕਬਾਬਾਂ ਤੋਂ ਤੋਬਾ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰਮਤਿ ਦੀ ਰਹਿਣੀ ਬਹਿਣੀ ਵਾਲਾ ਜੀਵਨ ਬਸਰ ਕਰਨ ਦਾ ਪ੍ਰਣ ਕਰਦੇ।

## ਹਵਾ ਵਾਲੀ ਸਮ-ਦ੍ਰਿਸ਼ਟੀ –

*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥*

***ਅੰਗ- ੨੭੨***

ਰੱਬ ਦੇ ਪਿਆਰਿਆਂ ਅੰਦਰ ਸਮਾਨ ਨਜ਼ਰ ਨਾਲ ਤੱਕਣ ਦਾ ਸੁਭਾਅ ਹੁੰਦਾ ਹੈ ਜਿਵੇਂ ਹਵਾ ਰਾਜੇ ਤੇ ਕੰਗਾਲ ਨੂੰ ਇਕੋ ਜਿਹੀ ਲਗਦੀ ਹੈ। ਉਨ੍ਹਾਂ ਦੀ ਦ੍ਰਿਸ਼ਟੀ ਵਿਚੋਂ ਹਰ ਵਕਤ ਨਾਮ ਅੰਮ੍ਰਿਤ ਛਲਕਦਾ ਹੈ –

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ- ੨੭੩*

ਪਿਆਰੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਕੋਈ ਆਇਆ ਭਾਵੇਂ ਕੋਈ ਰਾਜਾ, ਅਮੀਰ, ਗਰੀਬ ਪਰ ਉਥੇ ਵਿਤਕਰਾ ਕੋਈ ਨਹੀਂ ਸੀ। ਹਰ ਇਕ ਨੂੰ ਬਣਦਾ ਮਾਣ ਸਤਿਕਾਰ ਦਿੰਦੇ। ਵੱਡੇ-ਵੱਡੇ ਸਮੇਂ ਦੇ ਹਾਕਮਾਂ ਦੀ ਪ੍ਰਵਾਹ ਨਹੀਂ ਕੀਤੀ।

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*
*ਅੰਗ- ੪੭੩*

ਇਕ ਸੱਚੇ ਵਾਹਿਗੁਰੂ ਦੀ ਓਟ ਪਕੜੀ ਤੇ ਸਾਰੀ ਜ਼ਿੰਦਗੀ ਪਕੜ ਕੇ ਰੱਖੀ। ਆਪ ਜੀ ਅਕਸਰ ਦੀਵਾਨ ਦੇ ਸ਼ੁਰੂ ਵਿਚ ਅਰਦਾਸ ਰੂਪ ਵਿਚ ਮੰਗਲਾਚਰਣ ਕਰਦੇ ਕਿ –

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

ਆਪ ਜੀ ਨੇ ਹਮੇਸ਼ਾ ਆਸਰਾ ਆਪਣੇ ਸਤਿਗੁਰੂ ਜੀ ਦਾ ਤੱਕਿਆ। ਸਮੇਂ-ਸਮੇਂ ਸਿਰ ਦੇਸ਼ ਦੇ ਪ੍ਰਧਾਨ

ਮੰਤਰੀ ਡਾ. ਮਨਮੋਹਨ ਸਿੰਘ ਤੇ ਡਾ. ਸਵਾਮੀ ਰਾਮ ਜੀ ਆਏ। ਸਭ ਨੂੰ ਪਿਆਰ ਦੀ ਸੁਗੰਧੀ ਹੀ ਵੰਡੀ।

ਇਸ ਤਰ੍ਹਾਂ ਪੰਜ ਤੱਤਾਂ ਵਿਚ ਸੁਗੰਧੀ ਰੂਪੀ ਜੋ ਗੁਣ ਸੁਭਾਇਮਾਨ ਹਨ ਉਹ ਆਪ ਜੀ ਦੇ ਜੀਵਨ ਵਿਚ ਪ੍ਰਤੱਖ ਝਲਕਦੇ ਸਨ -

*ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥*
*ਐਸੀ ਰਹਤ ਰਹਉ ਹਰਿ ਪਾਸਾ ॥*
*ਕਹੈ ਕਬੀਰ ਨਿਰੰਜਨ ਧਿਆਵਉ ॥*
*ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥*

*ਅੰਗ- ੩੨੭*

ਐਸੀਆਂ ਰਹਿਤਾਂ ਰਖਦੇ ਹੋਏ ਆਪ ਜੀ ਨੇ ਪ੍ਰਮੇਸ਼ਰ ਨੂੰ ਧਿਆਉਣਾ ਕੀਤਾ ਤੇ ਐਸੇ ਘਰਿ ਵਿਚ ਵਾਸਾ ਪਾ ਲਿਆ ਕਿ ਮੁੜ ਕੇ ਆਉਣਾ ਜਾਣ ਖਤਮ ਹੋ ਗਿਆ।

ਆਪ ਜੀ ਦੇ ਜੀਵਨ ਵਿਚੋਂ ਇਕ ਨਹੀਂ ਅਨੇਕਾਂ ਮਿਸਾਲਾਂ ਹਨ ਜਿਨ੍ਹਾਂ ਵਿਚੋਂ ਰੂਹਾਨੀਅਤ ਦੀਆਂ ਸੁਗੰਧੀਆਂ ਝਲਕਦੀਆਂ ਹਨ। ਉਹਨਾਂ ਦਾ ਜੀਵਨ ਅੱਜ ਵੀ ਖੁਸ਼ਬੋਆਂ ਵੰਡ ਰਿਹਾ ਹੈ। ਜੀਵਨ ਦੇ ਵੱਖ-ਵੱਖ ਪੜਾਵਾਂ ਦੀਆ ਖੁਸ਼ਬੋਆਂ ਵੰਡਦਾ ਜੀਵਨ ਮਾਨਵਤਾ ਲਈ ਚਾਨਣਾ ਮੁਨਾਰਾ ਹੈ।

**ਬਚਪਨ ਦੀ ਖੁਸ਼ਬੋ -** ਬਚਪਨ ਤੋਂ ਹੀ ਨਾਮ-ਬਾਣੀ ਦੀ ਲਗਨ ਸੀ। ਮੁੱਢਲੀ ਵਿਦਿਆ ਸਮੇਂ ਕਾਪੀ ਤੇ ਜਗਤ ਜੂਠ ਅੱਖਰ ਨਾ ਲਿਖਣਾ, ਜੁਆਨੀ 'ਚ ਸੇਵਾ-ਸਿਮਰਨ, ਕੀਰਤਨ ਵਿਚ ਰੁਝੇ ਰਹਿਣਾ, ਰੋਜ਼ਾਨਾ ਦਾ ਨਿਤਨੇਮ ਅਨੇਕਾਂ ਮਿਸਾਲਾਂ ਆਪ ਜੀ ਦੇ ਜੀਵਨ ਦੀਆਂ ਅੱਜ ਵੀ ਉਤਸ਼ਾਹ ਅਤੇ ਪ੍ਰੇਰਨਾ ਦੇ ਰਹੀਆਂ ਹਨ।

**ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਮਿਲਾਪ -** ਪਹਿਲੀ ਮਿਲਣੀ ਤੇ 'ਸੁਹਾਗਣ ਨੂੰ ਸੁਹਾਗਣ ਮਿਲੀ ਦਾ ਬਚਨ ਹੋਣਾ। ਇਹ ਵੀ ਇਕ ਸੁਗੰਧੀ ਹੀ ਸੀ। ਇਸ ਬਚਨ ਨੇ ਪਿਛਲੇ ਜਨਮ ਦੀ ਤਪੱਸਿਆ ਹੁਣ ਦੀ ਕਮਾਈ ਤੇ ਸਤਿਗੁਰੂ ਦੀ ਬਖਸ਼ਿਸ਼ ਦਾ ਪ੍ਰਗਟਾਵਾ ਕੀਤਾ ਹੈ ਕਿ ਆਪ ਜੀ ਦੀ ਕਿਤਨੀ ਕਮਾਈ ਸੀ ਕਿ ਸੰਤ ਮਹਾਰਾਜ ਨੇ ਸੋਹਾਗਣ ਵਾਲਾ ਬਚਨ ਕੀਤਾ।

**ਪਿਆਰ ਕੇ ਸਾਗਰ -** ਸੰਸਾਰ ਪ੍ਰਸਿੱਧ, ਅਨੇਕਾਂ ਦੇਸ਼ਾਂ 'ਚ ਘੁੰਮਣ ਵਾਲੇ, ਸਾਰੇ ਧਰਮਾਂ ਦਾ ਅਧਿਐਨ ਕਰ ਚੁਕੇ ਡਾ. ਸਵਾਮੀ ਰਾਮ ਨੇ ਆਪ ਜੀ ਨੂੰ ਮਿਲਣ ਤੋਂ ਬਾਦ ਇਹ ਬਚਨ ਕਹੇ ਕਿ ਆਪ ਤੋ ਪਿਆਰ ਕਾ ਸਾਗਰ ਹੈਂ, ਔਰ ਗਿਆਨ ਕੇ ਸਾਥ ਭਰਪੂਰ ਹੈਂ। ਡਾ. ਸਵਾਮੀ ਰਾਮ ਜੀ ਆਪ ਜੀਆਂ ਦੀ ਸੋਭਤ ਵਿਚ ਆ ਕੇ ਅਨੰਦਿਤ ਹੋ ਗਏ। ਇਹੀ ਕੋਈ ਅਗੰਮੀ ਖੁਸ਼ਬੋ ਸੀ ਕਿ ਜੋ ਡਾ. ਸਵਾਮੀ ਰਾਮ ਜੀ ਨੂੰ ਪ੍ਰਾਪਤ ਹੋਈ ਤੇ ਰਹਿੰਦੀ ਬਾਕੀ ਜ਼ਿੰਦਗੀ ਉਨ੍ਹਾਂ ਨੇ ਇਸੇ ਸੁਗੰਧੀ ਵਿਚ ਬਸਰ ਕੀਤੀ।

ਸਿੰਧ ਵਿਚ, ਗੁਰਮਤਿ ਪ੍ਰਚਾਰ, ਫੌਜ ਵਿਚ, ਸੈਕਟਰੀਏਟ ਵਿਚ ਸਰਵਿਸ, ਯੂ.ਪੀ ਵਿਚ ਫਾਰਮਿੰਗ, ਜੀਵਨ ਦੇ ਹਰ ਪੜਾਅ ਸਮੇਂ ਆਪ ਜੀ ਨੇ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਤੇ ਪਹਿਰਾ ਦਿਤਾ। ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਪੂਜਾ ਅਕਾਲ ਕੀ ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ, ਦੇ ਸਿਧਾਂਤਾਂ ਤੇ ਪਹਿਰਾ ਦਿੰਦੇ ਹੋਏ ਸਾਨੂੰ ਇਹਨਾਂ ਪ੍ਰਤੀ ਪ੍ਰੇਰਨਾ ਦਿਤੀ।

*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਇ ॥* *ਅੰਗ- ੯੨੦*

ਹਮੇਸ਼ਾ ਇਹੀ ਕਹਿਣਾ ਕਿ ਮੈਂ ਕੁਝ ਨਹੀਂ ਕਰ ਰਿਹਾ। ਮੇਰੇ ਕੋਲੋਂ ਕਰਵਾਇਆ ਜਾ ਰਿਹਾ ਹੈ। ਦੂਜੇ ਧਰਮਾਂ/ਮਜ਼੍ਹਬਾਂ ਵਾਲਿਆਂ ਦਾ ਪਿਆਰ ਸਤਿਕਾਰ ਆਪ ਜੀ ਦੇ ਜੀਵਨ ਦੀਆਂ ਦੋ ਘਟਨਾਵਾਂ ਪ੍ਰਤੱਖ ਕਰਦੀਆਂ ਹਨ। ਯੂ.ਪੀ ਵਿਚ ਮੁਸਲਮਾਨ ਵੀਰਾਂ ਵਲੋਂ ਰੋਜੇ ਰੱਖਣੇ, ਸਤਿਕਾਰਯੋਗ ਮਾਤਾ ਜੀ ਵਲੋਂ ਉਨ੍ਹਾਂ ਨੂੰ ਸਵੱਛ ਭੋਜਨ ਬਣਾ ਕੇ ਦੇਣਾ ਜਦੋਂ ਉਨ੍ਹਾਂ ਨੇ ਰੋਜੇ ਖੋਲ੍ਹਣੇ ਹੁੰਦੇ।

ਰਤਵਾੜਾ ਸਾਹਿਬ ਦੇ ਨੇੜੇ ਚਾਹੜਮਾਜਰਾ ਨਗਰ ਦੇ ਮੁਸਲਮਾਨ ਵੀਰਾਂ ਨੂੰ ਮਸਜਿਦ ਦਾ ਨਿਰਮਾਣ ਕਰਕੇ ਦਿਤਾ ਤਾਂ ਜੋ ਉਹ ਵੀ ਆਪਣੇ ਅੱਲਾ ਤਾਲਾ ਨੂੰ ਨਮਾਜ਼ ਰਾਹੀਂ ਸਿਜਦਾ ਕਰ ਸਕਣ।

ਗੁਜਰਾਤ ਦੇ ਭੁਚਾਲਾਂ 'ਚ, ਪੰਜਾਬ 'ਚ ਆਏ ਹੜ੍ਹਾਂ ਵਿਚ ਖਾਣ ਪੀਣ ਦੀ ਸਮੱਗਰੀ ਤੋਂ ਇਲਾਵਾ, ਬਸਤਰ ਬੱਚਿਆਂ ਨੂੰ ਪੁਸਤਕਾਂ/ਕਾਪੀਆਂ, ਵਰਦੀਆਂ ਤੇ ਸਕੂਲਾਂ ਦੀਆਂ ਇਮਾਰਤਾਂ ਦੀ ਸਫੇਦੀ ਆਦਿ ਕਰਵਾ ਕੇ ਦੇਣੀ। ਇਹ ਸਭ ਕੁਝ ਸੁਗੰਧਿਤ ਜੀਵਨ ਦੀਆ ਤਰਜਮਾਨੀਆਂ ਹਨ।

ਤਿਆਗ ਇਤਨਾ ਸੀ ਕਿ ਹਮੇਸ਼ਾ ਇਹੀ ਕਹਿਣਾ ਕਿ -

*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥*

*ਅੰਗ- ੩੮੩*

ਧਾਰਮਿਕ ਫਿਲਮਾਂ ਬਣਾ ਕੇ ਪ੍ਰਚਾਰ ਕਰਨ ਲਈ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਵਲੋਂ ਮਾਇਆ ਦੀ ਪੇਸ਼ਕਸ਼ ਪ੍ਰਵਾਨ ਨਾ ਕੀਤੀ ਤੇ ਸੰਨਿਮਰ ਬੇਨਤੀ ਕੀਤੀ ਕਿ ਮੇਰੀ ਹੀ ਕਮਾਈ ਵਿਚ ਬਰਕਤ ਪਾਉ। ਉਨ੍ਹਾਂ ਨੇ ਬੇਨਤੀ ਪ੍ਰਵਾਨ ਕੀਤੀ ਤੇ ਸਮਾਂ ਆਉਣ 'ਤੇ ਆਪਣੇ ਖਰਚੇ ਨਾਲ ਹੀ ਭਾਵ ਨਿਜੀ ਮਾਇਆ ਨਾਲ ਹੀ ਪ੍ਰਚਾਰ ਆਰੰਭ ਕੀਤਾ। ਫਿਲਮਾਂ ਵੀ ਬਣਾਈਆਂ। ਇਸ ਬਚਨ ਦਾ ਜ਼ਿਕਰ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਆਪਣੀ ਨਿਜੀ ਡਾਇਰੀ ਵਿਚ ਕੀਤਾ ਹੈ।

**ਗੁਰਮਤਿ ਪ੍ਰਚਾਰ ਤੇ ਪਰਉਪਕਾਰ ਦੇ**

**ਕੇਂਦਰ ਰਤਵਾੜਾ ਸਾਹਿਬ ਦੀ ਸਥਾਪਨਾ** – ਜੁਲਾਈ 1986 ਈ. ਵਿਚ ਚੰਡੀਗੜ੍ਹ ਦੇ ਨੇੜੇ ਕੰਡੀ ਏਰੀਏ ਘਾੜ ਦੇ ਇਲਾਕੇ ਵਿਚ ਗੁਰਮਤਿ ਦੇ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਇਹ ਕੇਂਦਰ ਰਤਵਾੜਾ ਸਾਹਿਬ ਦੇ ਨਾਮ ਨਾਲ ਬੜੀ ਛੇਤੀ ਸੰਸਾਰ ਭਰ ਵਿਚ ਪਿਆਰਿਆ ਸਤਿਕਾਰਿਆ ਜਾਣ ਲੱਗਾ। 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥' (ਅੰਗ-450) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਲਗਾਤਾਰ ਸ੍ਰੀ ਅਖੰਡਪਾਠ ਸਾਹਿਬ, ਜਪੁਜੀ ਸਾਹਿਬ, ਮੂਲਮੰਤ੍ਰ ਤੇ ਗੁਰਮੰਤ੍ਰ ਦੇ ਜਾਪਾਂ ਦੀ ਨਿਰੰਤਰਤਾ ਬਣੀ। ਸੇਵਾ ਸਿਮਰਨ ਦੇ ਕੁੰਭ ਸ਼ੁਰੂ ਹੋਏ। ਰੱਬੀ ਬਾਣੀ ਦੀ ਖੁਸ਼ਬੋ ਚੌਗਿਰਦੇ ਵਿਚ ਦੇਸ਼ਾਂ-ਵਿਦੇਸ਼ਾਂ ਤਕ ਫੈਲੀ। ਖੁਸ਼ਬੋ ਦੇ ਖਿੱਚੇ ਭੌਰੇ ਆਉਣੇ ਸ਼ੁਰੂ ਹੋਏ। ਬਹੁਤਿਆਂ ਨੇ ਨੌਕਰੀਆਂ ਛੱਡ ਕੇ ਜੀਵਨ ਗੁਰੂ ਨੂੰ ਅਰਪਣ ਕੀਤੇ। 24 ਘੰਟੇ ਗੁਰੂ ਕੇ ਲੰਗਰ ਸ਼ੁਰੂ ਹੋਏ। ਅਸਥਾਨ ਤੇ ਦਿਨ ਰਾਤ ਸੇਵਾਦਾਰ ਸੇਵਾ ਭਾਵ ਵਿਚ ਅਤੇ ਸਿਮਰਨ ਨਾਲ ਜੁੜੇ। ਧਾਰਮਿਕ ਦੀਵਾਨ ਐਤਵਾਰ, ਪੂਰਨਮਾਸ਼ੀ, ਸੰਗਰਾਂਦ ਦੇ ਸ਼ੁਰੂ ਹੋਏ। ਇਲਾਕੇ ਵਿਚ ਦੂਰ-ਨੇੜੇ ਗੁਰਮਤਿ ਪ੍ਰਚਾਰ ਸ਼ੁਰੂ ਹੋਇਆ। ਲੋਕਾਂ ਦੀ ਕਾਇਆ ਕਲਪ ਹੋਈ। ਪਛੜੇ ਮਹਿਸੂਸ ਕਰਨ ਵਾਲਿਆਂ ਨੂੰ ਬਚਨਾਂ ਰਾਹੀਂ ਪਹਿਲੇ ਦਰਜੇ ਦੇ ਸ਼ਹਿਰੀ ਹੋਣ ਦੀ ਬਚਨਬੱਧਤਾ ਪ੍ਰਗਟਾਈ। ਅਨੇਕਾਂ ਪ੍ਰਾਣੀ ਨਸ਼ਿਆਂ ਆਦਿਕ ਮਾੜੀਆਂ ਅਲਾਮਤਾਂ ਨੂੰ ਛੱਡ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ। ਗੁਰਮਤਿ ਪ੍ਰਚਾਰ ਪੰਜਾਬ ਤੋਂ ਫੈਲ ਕੇ ਪੂਰੇ ਭਾਰਤ ਵਰਸ਼ ਵਿਚ ਅਤੇ ਵਿਦੇਸ਼ਾਂ ਤੱਕ ਫੈਲਿਆ। ਸੰਸਥਾ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਨਾਲ ਹੇਠ ਹੋਂਦ ਵਿਚ ਆਈ। ਸਭ ਕੁਝ ਟਰੱਸਟ ਦੇ ਨਾਮ ਕਰਵਾਇਆ। ਨਿੱਜਤਾ ਦਾ ਲੋਭ, ਲਾਲਚ ਸਦੀਵੀ ਤੌਰ ਤੇ ਖਤਮ ਕੀਤਾ ਗਿਆ। ਗੁਰੂ ਦੇ ਪਰਨੇ ਵਾਲਾ ਗਾਡੀ ਰਾਹ ਤੋਰਿਆ। ***'ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥'(ਅੰਗ-1375)*** ਦੇ ਸਿਧਾਂਤ 'ਤੇ ਚੱਲਣ ਦੀ ਤਾਗੀਦ ਹੋਈ। ਗੁਰਦੁਆਰਾ ਈਸ਼ਰ ਪ੍ਰਕਾਸ਼ ਸੁੰਦਰ ਦਰਬਾਰ ਬਣਿਆ। ਦੀਵਾਨਾਂ ਲਈ ਵਿਸ਼ਾਲ ਸ਼ੈਡ ਬਣੇ। ਬਾਅਦ ਵਿਚ ਵਿਦਿਅਕ ਅਦਾਰੇ ਹੋਂਦ ਵਿਚ ਆਏ। ਵਾਜਬ ਫੀਸਾਂ ਤੇ ਮਿਆਰੀ ਵਿਦਿਆ ਮੁਹੱਈਆ ਕਰਵਾਈ। ਸਰੀਰਕ ਰੋਗੀਆਂ ਲਈ ਫਰੀ ਹਸਪਤਾਲ ਚਾਲੂ ਕੀਤਾ ਗਿਆ। ਅਜੋਕੇ ਸਮੇਂ ਵਿਚ ਫਰੀ ਸਿਲਾਈ ਸੈਂਟਰ, ਫਰੀ ਅੱਖਾਂ ਦੇ ਆਪਰੇਸ਼ਨ ਕੈਂਪ, ਫਰੀ ਕੈਂਸਰ ਚੈਕਅੱਪ ਇਤਿਆਦਿ ਅਨੇਕਾਂ ਪਰਉਪਕਾਰੀ ਕਾਰਜ ਸੰਗਤਾਂ ਲਈ ਵਰਦਾਨ ਸਿੱਧ ਹੋ ਰਹੇ ਹਨ। ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ, ਹੋਰ ਸਹਿਯੋਗੀ ਅਹੁਦੇਦਾਰ ਮੈਂਬਰਾਂ ਤੇ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ ਸਾਰੇ ਕਾਰਜਾਂ ਦੀ ਚੜ੍ਹਦੀ ਕਲਾ ਤੇ ਨਿਰੰਤਰਤਾ ਬਣਾ ਰਹੇ ਹਨ। ਨਿਰਸੰਦੇਹ ਕਹਿ ਸਕਦੇ ਹਾਂ ਕਿ ਰਤਵਾੜਾ ਸਾਹਿਬ ਦਾ ਹਰਿਆ ਭਰਿਆ ਚੌਗਿਰਦਾ ਨਾਮ ਬਾਣੀ ਦੀ ਖੁਸ਼ਬੋਆਂ ਨਾਲ ਸੰਸਾਰ ਭਰ ਨੂੰ ਸਰਸ਼ਾਰ ਕਰ ਰਿਹਾ ਹੈ। ਇਹ ਸਾਰਾ ਕੁਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ਼ ਸਦਕਾ ਸੰਭਵ ਹੈ।

ਨਿਰਸੰਦੇਹ ਆਪ ਜੀ ਦਾ ਸਮੁੱਚਾ ਜੀਵਨ ਸੁਗੰਧਿਤ ਭਰਿਆ, ਖੁਸ਼ਬੋਆਂ ਵੰਡਦਾ ਜੀਵਨ ਸੀ। ਸਤਿਕਾਰਯੋਗ ਬੀਜੀ ਨੇ ਵੀ ਜੀਵਨ ਭਰ ਉਪਰੋਕਤ ਸਾਰੇ ਪੜਾਵਾਂ ਵਿਚ ਆਪ ਜੀ ਦਾ ਸਾਥ ਦਿਤਾ। ਸੋ ਅੱਜ ਵੀ ਉਨ੍ਹਾਂ ਦੀ ਸੁਗੰਧੀ ਉਹਨਾਂ ਨੂੰ ਪਿਆਰ ਕਰਨ ਵਾਲਿਆਂ ਵਿਚੋਂ ਆ ਰਹੀ ਹੈ। ਅੱਜ ਵੀ ਉਹਨਾਂ ਦੀ ਯਾਦ ਵਿਚ ਜੁੜ ਕੇ ਲੱਖਾਂ ਸੰਗਤਾਂ ਦੇਸ਼ ਵਿਦੇਸ਼ ਤੋਂ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਤੇ ਨਾਮ ਬਾਣੀ ਨਾਲ ਜੁੜ ਰਹੀਆਂ ਹਨ। ਇਹ ਸੁੰਗਧਿਤ ਜੀਵਨ ਦੀ ਨਿਸ਼ਾਨੀ –

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*

*ਅੰਗ- ੩੨੦*

ਗੁਰੂ ਕ੍ਰਿਪਾ ਕਰਕੇ ਸਭਨਾਂ ਨੂੰ ਬਾਣੀ ਦੀ ਸੁਗੰਧੀ ਤੇ ਪਿਆਰ ਭਰਿਆ ਜੀਵਨ ਪ੍ਰਾਪਤ ਹੋਵੇ ਜੀ।

## ਜ਼ਰੂਰੀ ਬੇਨਤੀਆਂ

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਆਤਮ ਗਿਆਨ

*ਪ੍ਰਵਚਨ - ਸੰਤ ਬਾਬਾ ਵਰਿਆਮ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-35)*

ਬਾਬਾ ਫਰੀਦ ਜੀ ਨੂੰ ਬਚਪਨ ਤੋਂ ਹੀ ਮਾਂ ਨੇ ਭਗਤੀ ਵਲ ਲਾਇਆ, ਜਦੋਂ ਜੁਆਨ ਹੋਇਆ ਜੰਗਲ ਵਿਚ ਤਪੱਸਿਆ ਕਰਨ ਵਾਸਤੇ ਭੇਜਿਆ। ਉਸ ਨੇ 24 ਸਾਲ ਘੋਰ ਤਪ ਕੀਤਾ ਪਰ ਪ੍ਰਾਪਤੀ ਨਾ ਹੋਈ ਕਿਉਂਕਿ ਉਸ ਨੂੰ ਇਹ ਪਤਾ ਨਹੀਂ ਸੀ ਕਿ ਵਾਹਿਗੁਰੂ ਨੂੰ ਕਿਵੇਂ ਮਿਲੀਦਾ ਹੈ ਪਰ ਉਨ੍ਹਾਂ ਦਾ ਇਰਾਦਾ ਬਹੁਤ ਦ੍ਰਿੜ੍ਹ ਸੀ। ਜਦੋਂ ਜੰਗਲ ਵਿਚ ਰਹਿੰਦਿਆਂ ਜੋਹਦ ਕਰਕੇ, ਪੁੱਠੇ ਲਟਕ ਕੇ, ਭੁੱਖੇ ਰਹਿ ਕੇ ਸਰੀਰ ਸੁੱਕ ਗਿਆ ਤਾਂ ਇਹ ਆਵਾਜ਼ ਆਈ ਕਿ ਰੱਬ ਤਾਂ ਤੇਰੇ ਅੰਦਰ ਹੈ। ਤੂੰ ਮੁਰਸ਼ਦੇ ਕਾਮਲ ਭਾਵ ਸਮਰੱਥ ਗੁਰੂ ਦੀ ਚਰਨ-ਸ਼ਰਨ ਵਿਚ ਜਾਹ, ਉਹ ਤੇਰਾ ਖੁਦਾ ਨਾਲ ਮਿਲਾਪ ਰੱਬ ਨਾਲ ਕਰਵਾ ਦੇਵੇਗਾ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ- ੧੩੭੮*

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥* *ਅੰਗ- ੧੨੬੩*

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ- ੬੨੪*

ਆਪਣੇ ਜ਼ੋਰ ਨਾਲ ਕੋਈ ਵੀ ਪ੍ਰਮੇਸ਼ਰ ਨੂੰ ਨਹੀਂ ਪਾ ਸਕਦਾ, ਕੇਵਲ ਪੂਰਾ ਗੁਰੂ ਹੀ ਰਸਤੇ ਪਾਉਂਦਾ ਹੈ ਤੇ ਇਹ ਬਚਨ ਸਭ ਵਾਸਤੇ ਸਾਂਝਾ ਹੈ। ਵਿਦਵਾਨ ਗੁਰੂ, ਅੰਨਾ ਗੁਰੂ ਤੇ ਕੱਚਾ ਗੁਰੂ ਇਨ੍ਹਾਂ ਤਿੰਨਾਂ ਵਿਚੋਂ ਕੋਈ ਵੀ ਪਾਰ ਨਹੀਂ ਕਰਾ ਸਕਦਾ ਪਰ ਜਿਹੜਾ ਗੁਰੂ ਸਮਰੱਥ ਹੋਵੇ, ਉਹੀ ਰਸਤੇ ਉਤੇ ਤੋਰ ਸਕਦਾ ਹੈ। ਪ੍ਰਮੇਸ਼ਰ ਤੇ ਜੀਵ ਦੋਵੇਂ ਇਕੱਠੇ ਰਹਿੰਦੇ ਹਨ ਪਰ ਜਿਹੜੀ ਹਉਮੈ ਹੈ ਉਹ ਵਾਹਿਗੁਰੂ ਨੂੰ ਦਿਸਣ ਨਹੀਂ ਦਿੰਦੀ। ਹਉਮੈ ਦਾ ਪਰਦਾ ਤਾਂ ਬਹੁਤ ਬਰੀਕ ਹੈ ਪਰ ਜੀਵ ਤੇ ਪ੍ਰਮੇਸ਼ਰ ਵਿਚਕਾਰ ਕੰਧ ਬਣਾ ਕੇ ਖੜ੍ਹਾ ਹੋ ਗਿਆ। ਇਸ ਮਨ ਦੇ ਅੰਦਰ ਵਾਹਿਗੁਰੂ ਹੈ, ਜਿਹੜਾ ਮਨ ਹੈ, ਇਸ ਵਿਚ ਵਾਹਿਗੁਰੂ ਹੈ। ਇਸ ਕਰਕੇ ਵਾਹਿਗੁਰੂ ਨਾਲ ਹੁੰਦਾ ਹੋਇਆ ਵੀ ਦੂਰ ਲਗਦਾ ਹੈ। ਸੰਸਾਰ ਦੇ ਅੰਦਰ ਪੂਰਾ ਸਤਿਗੁਰੂ ਹੀ ਹਉਮੈ ਦੀ ਕੰਧ ਨੂੰ ਤੋੜਨ ਦੇ ਸਮਰੱਥ ਹੁੰਦਾ ਹੈ। ਅਧੂਰਾ ਗੁਰੂ ਕਦੇ ਵੀ ਜਗਿਆਸੂ ਨੂੰ ਪਾਰ ਨਹੀਂ ਕਰ ਸਕਦਾ ਪਰ ਜੇ ਪੂਰਾ ਗੁਰੂ ਮਿਲ ਜਾਵੇ ਤਾਂ ਗੱਲ ਬਣ ਜਾਂਦੀ ਹੈ।

ਪੀਰ ਬੁੱਧੂ ਸ਼ਾਹ ਜੀ ਸਢੌਰੇ ਵਾਲੇ ਨੇ ਬੜੇ ਕਠਨ ਤਪ (ਜੋਹਦ) ਕੀਤੇ ਹੋਏ ਸਨ, ਕਈ ਵਾਰੀ ਮੱਕੇ ਜਾ ਕੇ ਕਾਬ੍ਹਾ ਸ਼ਰੀਫ ਦਾ ਹੱਜ ਵੀ ਕਰ ਚੁਕਿਆ ਸੀ। ਇਸ ਦੇ ਮੁਰੀਦ ਵੀ ਬਹੁਤ ਸਨ ਪਰ ਪ੍ਰਾਪਤੀ ਨਾ ਹੋਣ ਕਰਕੇ ਮਨ ਸ਼ਾਂਤ ਨਹੀਂ ਸੀ। ਇਸ ਦੇ ਮਨ ਵਿਚ ਵਿਚਾਰ ਆਇਆ ਕਿ ਪੀਰ ਤਾਂ ਮੈਂ ਬਣਿਆ ਹੋਇਆ ਹਾਂ ਪਰ ਹਾਲੇ ਮੈਂ ਅਧੂਰਾ ਹਾਂ ਕਿਉਂਕਿ ਅੰਦਰੋਂ ਇਮਾਨਦਾਰ ਸੀ। ਇਹ ਪੀਰ ਹੁੰਦਿਆਂ ਹੋਇਆਂ ਨਾਲ ਜਗੀਰਦਾਰ ਵੀ ਸੀ, ਹਿੰਦੂ ਤੇ ਇਸਲਾਮ ਮੱਤ ਵਾਲਿਆਂ ਨੂੰ ਸਮ ਦ੍ਰਿਸ਼ਟੀ ਨਾਮ ਦੇਖਦਾ ਸੀ। ਇਸ ਕਰਕੇ ਉਸ ਨੇ ਇਕ ਲੰਗਰ ਹਿੰਦੂ ਮੱਤ ਵਾਲਿਆਂ ਵਾਸਤੇ ਵੱਖਰਾ ਅਤੇ ਇਸਲਾਮ ਵਾਲਿਆਂ ਲਈ ਅਲਹਿਦਾ ਚਲਾਇਆ ਹੋਇਆ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਨਾਲ ਬੜਾ ਪਿਆਰ ਕਰਦਾ ਸੀ ਤੇ ਗੁਰੂ ਘਰ ਦਾ ਹਿਤਾਇਸ਼ੀ ਸੀ। ਭੰਗਾਣੀ ਦੇ ਯੁੱਧ ਵਿਚ ਆਪਣੇ ਦੋ ਪੁੱਤਰ, ਇਕ ਭਰਾ ਤੇ 500 ਤੋਂ ਵੱਧ ਮੁਰੀਦ ਸ਼ਹੀਦ ਕਰਵਾਏ। ਇਸ ਨੇ ਸਾਧੂਆਂ ਤੋਂ ਸੁਣਿਆ ਹੋਇਆ ਸੀ ਕਿ ਕਾਮਲ ਮੁਰਸ਼ਦ ਤੋਂ ਬਿਨਾਂ ਰੂਹਾਨੀ ਸਫਰ ਤਹਿ ਨਹੀਂ ਹੁੰਦਾ ਤੇ ਨਾ ਹੀ ਗਿਆਨ ਦਾ ਪ੍ਰਕਾਸ਼ ਹੋਇਆ ਕਰਦਾ ਹੈ। ਮਨ ਵਿਚ ਵਿਚਾਰ ਆਈ ਕਿ ਗੁਰੂ ਗੋਬਿੰਦ ਸਿੰਘ ਜੀ ਮੁਰਸ਼ਦੇ ਕਾਮਲ ਹਨ ਕਿਉਂ ਨਾ ਉਨ੍ਹਾਂ ਨੂੰ ਮਿਲ ਕੇ ਆਪਣਾ ਕਾਰਜ ਪੂਰਾ ਕੀਤਾ ਜਾਵੇ। ਜਿਸ ਵੇਲੇ ਦਸਵੇਂ ਪਾਤਸ਼ਾਹ ਜੀ ਪਾਉਂਟੇ ਦੀ ਧਰਤੀ ਤੇ ਨਿਵਾਸ ਰੱਖ ਰਹੇ ਸਨ ਤਾਂ ਪੀਰ ਬੁੱਧੂ ਸ਼ਾਹ ਇਸ ਮਨੋਰਥ ਦੀ ਪੂਰਤੀ ਲਈ ਮੁਰੀਦਾਂ ਨੂੰ ਨਾਲ ਲੈ ਕੇ ਪਾਤਸ਼ਾਹ ਜੀ ਦੇ ਦਰਸ਼ਨਾਂ ਨੂੰ ਪਹੁੰਚ ਗਿਆ। ਜਦੋਂ ਇਹ ਨੇੜੇ ਪਹੁੰਚਿਆ ਤਾਂ ਉਸ ਵੇਲੇ ਦੀਵਾਨ ਹੋ ਰਿਹਾ ਸੀ ਤੇ ਗੁਰੂ ਮਹਾਰਾਜ ਜੀ ਤਖਤ ਤੇ ਸੁਸ਼ੋਭਤ ਸਨ। ਦੂਰੋਂ ਦਰਸ਼ਨ ਕਰਕੇ ਹਿਰਦੇ ਅੰਦਰ ਪ੍ਰੇਮ ਦੀ ਐਨੀ ਖਿੱਚ ਪਈ, ਅੰਦਰੋਂ ਸੋਚਦਾ ਹੈ ਕਿ ਮੈਂ ਉਦੋਂ ਗੁਰੂ ਮਹਾਰਾਜ ਦੇ ਚਰਨ ਨਹੀਂ ਛੱਡਣੇ ਜਦ ਤਕ ਮੈਨੂੰ ਖੁਦਾ ਨਾਲ ਨਹੀਂ ਮਿਲਾ ਦਿੰਦੇ। ਜਦੋਂ ਨਜ਼ਦੀਕ ਗਿਆ ਤਾਂ ਮਹਾਰਾਜ ਜੀ ਦੇ ਸਰੂਪ ਨੂੰ ਦੇਖ ਕੇ ਸੰਸਾ ਪੈ ਗਿਆ ਕਿ ਇਹ ਤਾਂ 20 ਕੁ ਸਾਲ ਦੇ ਹਨ, ਹਾਲੇ ਦਾੜ੍ਹਾ ਆਉਣ ਹੀ ਲੱਗਿਆ ਹੈ ਤੇ ਮੈਂ ਬਜ਼ੁਰਗ ਹਾਂ। ਮੈਂ ਬਹੁਤ ਚਿਲੇ ਕੱਟੇ ਹਨ, ਬੜੇ ਸਾਧਨ ਕੀਤੇ ਹਨ, ਕਾਹਬੇ ਦਾ ਹੱਜ ਕੀਤਾ ਹੋਇਆ ਹੈ, ਨੇਕ ਕਰਮ ਤੇ

ਦਾਨ ਮੈਂ ਕਰਦਾ ਹਾਂ। ਜੇਕਰ ਮੈਂ ਇਨ੍ਹਾਂ ਦੇ ਚਰਨੀਂ ਪਿਆ ਤਾਂ ਮੇਰੇ ਮੁਰੀਦ ਕਹਿਣਗੇ ਕਿ ਸਾਡਾ ਪੀਰ ਸਿੱਖਾਂ ਦੇ ਗੁਰੂ ਅੱਗੇ ਝੁੱਕ ਗਿਆ, ਇਹ ਤਾਂ ਗਲਤ ਹੈ। ਬਾਹਰਲੇ ਵੈਰੀ ਤਾਂ ਕੁਝ ਨਹੀਂ ਕਹਿੰਦੇ ਪਰ ਜਿਹੜਾ ਸੰਸਾ ਹੈ, ਹਉਮੈ ਹੈ, ਇਸ ਵਰਗਾ ਵੈਰੀ ਦੁਨੀਆਂ ਵਿਚ ਕੋਈ ਨਹੀਂ ਕਿਉਂਕਿ ਇਹ ਭਰਮ ਵਿਚ ਪਾ ਕੇ ਵਾਹਿਗੁਰੂ ਨਾਲੋਂ ਤੋੜ ਕੇ ਰਖਦਾ ਹੈ। ਉਸ ਵਕਤ ਐਸੇ ਖਿਆਲ ਅੰਦਰ ਪੈਦਾ ਹੋ ਗਏ ਤਾਂ ਜਿਸ ਨਾਲ ਸ਼ਰਧਾ ਵਾਲੀ ਤਾਰ ਟੁੱਟ ਗਈ। ਸਤਿਗੁਰੂ ਜੀ ਨੂੰ ਨਮਸ਼ਕਾਰ ਕਰਨ ਦੀ ਬਜਾਇ ਦਸਤ ਪੰਜਾ ਲੈਣ ਵਾਸਤੇ ਹੱਥ ਵਧਾਇਆ ਤੇ ਮਹਾਰਾਜ ਜੀ ਵੀ ਦੋ ਉਂਗਲਾਂ ਅੱਗੇ ਕਰਕੇ ਕਹਿੰਦੇ, ਆਓ ਪੀਰ ਜੀ! ਕਿਸ ਤਰ੍ਹਾਂ ਦਰਸ਼ਨ ਦਿਤੇ? ਉਸ ਵੇਲੇ ਕਹਿਣ ਲੱਗਿਆ ਮਹਾਰਾਜ! ਜਦੋਂ ਮੈਂ ਪਵਿੱਤਰ ਗੁਰਬਾਣੀ ਦੇ ਇਸ ਸਲੋਕ ਨੂੰ ਪੜ੍ਹ ਕੇ ਵਿਚਾਰਦਾ ਹਾਂ ਤਾਂ ਮੈਨੂੰ ਇਸ ਦੇ ਗੂਹੜ ਭਾਵ ਸਮਝ ਨਹੀਂ ਆਉਂਦੇ।

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*

*ਅੰਗ- ੫੫੦*

ਮੈਂ ਆਪ ਜੀ ਦੇ ਪਾਸ ਇਸ ਸ਼ੰਕੇ ਨੂੰ ਨਵਿਰਤ ਕਰਨ ਲਈ ਪੁੱਜਿਆਂ ਹਾਂ ਤੇ ਮੇਰਾ ਸੁਆਲ ਹੈ ਕਿ ਜੀਵ ਔਰ ਖੁਦਾ ਕਾ ਮੇਲ ਕੈਸੇ? ਕਿਉਂਕਿ ਇਸ ਦੇ ਅੰਦਰ ਇਕ ਤਾਂ ਉਹ ਹੈ ਜਿਹੜਾ ਸਾਖੀ ਹੈ, ਉਹ ਕੁਝ ਕਰਦਾ ਨਹੀਂ, ਭੋਗਦਾ ਨਹੀਂ, ਕਿਸੇ ਵਿਚ ਲਪਾਏਮਾਨ ਨਹੀਂ ਹੁੰਦਾ ਤੇ ਅਨੰਦ ਵਿਚ ਰਹਿੰਦਾ ਹੈ। ਦੂਜਾ ਆਪਣੇ ਆਪ ਨੂੰ ਸੁੱਖੀ, ਦੁਖੀ, ਕਰਤਾ, ਭੋਗਤਾ ਤੇ ਪ੍ਰਲੋਕ ਵਿਚ ਆਉਣ ਜਾਣ ਵਾਲਾ ਸਮਝਦਾ ਹੈ। ਇਨ੍ਹਾਂ ਦੋਨਾਂ ਵਿਚੋਂ ਭੇਦ ਦਾ ਮੈਨੂੰ ਪਤਾ ਨਹੀਂ ਲੱਗਦਾ, ਕਿਰਪਾ ਕਰਕੇ ਮੇਰਾ ਭਰਮ ਦੂਰ ਕਰੋ ਤੇ ਦੱਸੋ ਕਿ ਜੀਵ ਔਰ ਖੁਦਾ ਕਾ ਮੇਲ ਕੈਸੇ? ਮਹਾਰਾਜ ਜੀ ਕਹਿੰਦੇ ਪੀਰ ਜੀ! ਸੱਚ ਔਰ ਝੂਠ ਕਾ ਜੈਸੇ। ਹੁਣ ਹੋਰ ਚੱਕਰ ਵਿਚ ਪੈ ਗਿਆ ਕਿ ਸੱਚ ਤੇ ਝੂਠ ਤਾਂ ਆਪਸ ਵਿਚ ਕਦੀ ਇਕੱਠੇ ਨਹੀਂ ਹੁੰਦੇ। ਕਹਿਣ ਲੱਗਿਆ ਸੱਚੇ ਪਾਤਸ਼ਾਹ ਜੀ! ਮੈਂ ਅਜੇ ਤੱਕ ਸਮਝਿਆ ਨਹੀਂ ਕਿਉਂਕਿ ਰਾਤ-ਦਿਨ ਦਾ ਤੇ ਸੱਚ-ਝੂਠ ਦਾ ਤਾਂ ਕਦੇ ਵੀ ਮੇਲ ਨਹੀਂ ਹੁੰਦਾ। ਮਹਾਰਾਜ ਕਹਿੰਦੇ ਜੇ ਦਿਨ ਚੜ੍ਹ ਜਾਵੇ ਤਾਂ ਰਾਤ ਅਲੋਪ ਹੋ ਜਾਂਦੀ ਹੈ, ਜਦੋਂ ਖੁਦਾ ਦਾ ਦਰਸ਼ਨ ਹੁੰਦਾ ਹੈ ਉਸ ਵੇਲੇ ਝੂਠੀ 'ਮੈਂ' ਮਰ ਜਾਂਦੀ ਹੈ। ਜੀਵ ਭਾਵ ਕਰਕੇ ਜਿਹੜਾ ਇਹ 'ਮੈਂ' ਬਣਿਆ ਹੋਇਆ ਹੈ, ਇਹ ਕੂੜ ਹੈ, ਝੂਠ ਹੈ, ਅਸਲ ਵਿਚ ਇਹ ਜੀਵ ਆਤਮਾ ਹੈ। ਆਤਮਾ ਤੇ ਪ੍ਰਮਾਤਮਾ ਦਾ ਕਦੇ ਵਿਛੋੜਾ ਨਹੀਂ ਹੁੰਦਾ ਇਹ ਤਾਂ ਸਦਾ ਹੀ ਮਿਲੇ ਰਹਿੰਦੇ ਹਨ। ਆਤਮਾ ਦੇ ਅੰਦਰ ਜੋ ਜੀਵ ਦੀ ਕਲਪਨਾ ਹੈ ਉਹ ਬਿਲਕੁਲ ਕੂੜੀ ਹੈ ਜਿਵੇਂ ਹਨ੍ਹੇਰੇ ਵਿਚ ਪਈ ਹੋਈ ਰੱਸੀ ਦੀ ਕਲਪਨਾ ਸੱਪ ਕਰ ਲਈ ਜਾਵੇ ਕਿਉਂਕਿ ਹਨ੍ਹੇਰੇ ਨੇ ਭੁਲੇਖਾ ਪਾ ਕੇ ਉਸ ਨੂੰ ਸੱਪ ਬਣਾ ਦਿਤਾ। ਇਸੇ ਤਰ੍ਹਾਂ ਹਉਮੈ ਦਾ ਭੁਲੇਖਾ ਪੈਣ ਕਰਕੇ ਜੀਵ ਬਣ ਗਿਆ, ਰੂਹ ਬਣ ਗਈ ਪਰ ਸਾਖੀ ਚੇਤਨ ਸਤਿ ਹੈ, ਉਸ ਦਾ ਕਦੇ ਵਿਛੋੜਾ ਨਹੀਂ ਹੁੰਦਾ, ਹਰ ਸਮੇਂ ਨਾਲ ਰਹਿੰਦਾ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ- ੮੪੬*

ਕਹਿਣ ਲੱਗਿਆ ਮਹਾਰਾਜ ਜੀ! ਇਹ ਝੂਠੀ 'ਮੈਂ' ਜੀਵ ਦਾ ਖਹਿੜਾ ਕਿਉਂ ਨਹੀਂ ਛੱਡਦੀ? ਮਹਾਰਾਜ ਜੀ ਕਹਿੰਦੇ ਕਿ ਜੀਵ ਨੂੰ ਲੰਮੇ ਸਮੇਂ ਤੋਂ ਪੰਜ ਭਰਮ ਪਏ ਹੋਏ ਹਨ ਜਿਸ ਕਰਕੇ ਇਸ ਦਾ ਅਧਿਆਸ ਪੱਕ ਗਿਆ, ਇਕ ਮਿਸਾਲ ਨਾਲ ਗੱਲ ਦੀ ਸਮਝ ਆ ਜਾਵੇਗੀ।

ਇਕ ਦਫਾ ਦਾ ਜ਼ਿਕਰ ਹੈ ਕਿ ਰਾਜਾ ਜਨਕ ਸਿੰਘਾਸਨ ਉਤੇ ਬੈਠਾ ਹੈ, ਦਰਬਾਰ ਲੱਗਾ ਹੋਇਆ ਹੈ, ਗਰਮੀ ਦਾ ਮੌਸਮ ਹੋਣ ਕਰਕੇ ਆਲਾ-ਦੁਆਲਾ ਠੰਡਾ ਕੀਤਾ ਹੋਇਆ ਸੀ। ਬੈਠੇ ਨੂੰ ਨੀਂਦ ਆ ਗਈ ਤੇ ਸੁਪਨੇ ਵਿਚ ਕਿਸੇ ਰਾਜੇ ਨੇ ਹਮਲਾ ਕਰ ਦਿਤਾ ਤੇ ਇਸ ਨੂੰ ਹਾਰ ਦੇ ਦਿਤੀ। ਬੜਾ ਬੇਇਜ਼ਤ ਕਰਕੇ ਇਸ ਨੂੰ ਮਹਿਲਾਂ ਵਿਚੋਂ ਕੱਢ ਦਿਤਾ। ਲੋਕੀਂ ਇੱਟਾਂ ਵੱਟੇ ਮਾਰਦੇ ਹਨ, ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਤਿੰਨ ਦਿਨਾਂ ਬਾਅਦ ਦੂਜੇ ਰਾਜ ਵਿਚ ਚਲਿਆ ਜਾਂਦਾ ਹੈ। ਕੱਪੜੇ ਫਾਟ ਗਏ, ਜ਼ਖਮਾਂ 'ਚੋਂ ਖੂਨ ਸਿੰਮ ਰਿਹਾ ਹੈ, ਪੈਰ ਵਿਚ ਜੁੱਤੀ ਨਹੀਂ ਅਤੇ ਥੱਕ ਕੇ ਇਕ ਬੇਰੀ ਦੇ ਮੁੱਢ ਨਾਲ ਬੈਠ ਗਿਆ। ਉਥੇ ਇਕ ਬੰਦੇ ਨੂੰ ਪੁਛਿਆ ਕਿ ਮੈਨੂੰ ਭੁੱਖ ਲੱਗੀ ਹੈ, ਕੁਝ ਖਾਣ ਨੂੰ ਮਿਲੇਗਾ? ਕਹਿੰਦਾ ਔਹ ਸਾਮ੍ਹਣੇ ਛੇਤਰ ਲੱਗਾ ਹੋਇਆ ਹੈ, ਉਥੇ ਖਿੱਚੜੀ ਦਾ ਲੰਗਰ ਵਰਤ ਰਿਹਾ ਹੈ। ਇਹ ਜਾ ਕੇ ਲਾਈਨ ਵਿਚ ਲੱਗ ਗਿਆ ਤਾਂ ਲਾਂਗਰੀ ਨੇ ਕਿਹਾ ਕਿ ਕੋਈ ਬਰਤਨ ਲਿਆ। ਇਸ ਨੇ ਇਕ-ਇਕ ਕੌਡੀ ਮੰਗ ਕੇ 10 ਕੌਡੀਆਂ ਦਾ ਕਸੋਰਾ ਲੈ ਕੇ ਜਦੋਂ ਉਥੇ ਪਹੁੰਚਿਆ ਤਾਂ ਸਭ ਵਰਤ ਚੁੱਕਿਆ ਸੀ। ਲਾਂਗਰੀ ਨੇ ਕਸੋਰੇ ਵਿਚ ਖੁਰਚਣ ਪਾ ਦਿਤੀ ਤੇ ਕਿਹਾ ਉਧਰੋਂ ਘਿਉ ਪਵਾ ਲੈ, ਨਹੀਂ ਤਾਂ ਤੈਨੂੰ ਖਾਣੀ ਔਖੀ ਹੋ ਜਾਵੇਗੀ। ਜਦੋਂ ਬੈਠਣ ਲੱਗਿਆ ਤਾਂ ਕੋਈ ਨੇੜੇ ਨਾ ਲੱਗਣ ਦੇਵੇ ਕਿਉਂਕਿ ਕੇਸ ਖਿੰਡੇ ਹੋਏ, ਕੱਪੜੇ ਪਾਟੇ ਹੋਏ ਲਹੂ ਲੁਹਾਣ ਹੋਣ ਕਰਕੇ ਸਰੀਰ ਦੀ ਹਾਲਤ ਖਸਤਾ ਸੀ। ਥੋੜ੍ਹੀ ਦੂਰ ਜਾ ਕੇ ਜਦੋਂ ਬੈਠ ਕੇ ਖਾਣ ਲੱਗਿਆ ਤਾਂ ਦੋ ਸਾਨ੍ਹ ਭਿੜਦੇ ਹੋਏ ਆ ਗਏ, ਉਨ੍ਹਾਂ ਦੀ ਫੇਟ ਵਿਚ ਆ ਗਿਆ ਤੇ ਜਾਗ ਆ ਗਈ। ਜਾਗ ਕੇ ਦੇਖਿਆ ਕਿ ਮੈਂ ਤਾਂ ਤਖਤ ਉਤੇ ਬੈਠਾ ਹਾਂ ਪਰ ਸੁਪਨੇ ਵਿਚ ਜਿਹੜੀ ਐਨੀ ਮਾੜੀ ਦੁਰਦਸ਼ਾ ਹੋਈ ਸੀ ਉਸ ਦੀ ਚਿੰਤਾ ਵਿਆਪ ਗਈ ਕਿ ਇਹ ਕਿਉਂ? ਰਾਜ ਸਭਾ ਨੂੰ ਬਰਖਾਸਤ ਕਰਕੇ ਨਾਲ ਦੇ ਆਰਾਮ ਵਾਲੇ ਕਮਰੇ ਵਿਚ ਜਾ ਕੇ ਬੈਠ ਗਿਆ, ਕਿਸੇ ਵਜ਼ੀਰ ਜਾਂ ਰਾਣੀਆਂ ਨਾਲ ਗੱਲ ਬਾਤ ਨਹੀਂ ਕਰਦਾ ਕਿਸੇ ਗਹਿਰੀ ਸੋਚ ਵਿਚ ਪੈ ਗਿਆ। ਪੱਕਾ ਭਰਮ ਪੈ ਗਿਆ ਤੇ ਪਤਾ ਨਹੀਂ ਲਗਦਾ ਕਿ ਇਹ ਰਾਜ ਭਾਗ ਸੱਚ ਹੈ ਜਾਂ ਉਹ ਸੱਚ ਸੀ, ਸੁਪਨੇ ਵਾਲਾ ਸੱਚ। ਉਸ

ਨੇ ਪੰਡਤ ਵਿਦਵਾਨ, ਸਾਧੂ, ਮਹਾਤਮਾਵਾਂ ਨੂੰ ਬੁਲਾ ਕੇ ਉਨ੍ਹਾਂ ਪਾਸ ਇਕੋ ਸਵਾਲ ਕਰੀ ਜਾਂਦਾ ਹੈ ਕਿ ਇਹ ਸੱਚ ਹੈ ਜਾਂ ਉਹ ਸੱਚ ਹੈ? ਕਿਸੇ ਕੋਲੋਂ ਜਵਾਬ ਨਹੀਂ ਦੇ ਹੁੰਦਾ ਤੇ ਨਾਹੀ ਕਿਸੇ ਨੂੰ ਘਰ ਜਾਣ ਦਿੰਦਾ ਹੈ, ਕਹਿੰਦਾ, ਮੇਰੇ ਸਵਾਲ ਦਾ ਜਵਾਬ ਦਿਓ ਤਾਂ ਜਾ ਸਕਦੇ ਹੋ ਪਰ ਸਭ ਦੀ ਸੇਵਾ ਹੁੰਦੀ ਹੈ ਤੇ ਘਰ ਦਾ ਖਰਚਾ ਵੀ ਦਿੰਦਾ ਹੈ। ਜਦੋਂ ਕਾਫੀ ਸਮਾਂ ਬੀਤ ਗਿਆ ਤਾਂ ਇਕ ਨੌਜਵਾਨ ਜਿਸ ਦਾ ਨਾਮ ਅਸ਼ਟਾਵਕਰ ਸੀ, ਉਸ ਨੂੰ ਪਤਾ ਲੱਗਾ ਜਿਸ ਦਾ ਪਿਤਾ ਵੀ ਇਨ੍ਹਾਂ ਨਾਲ ਰਾਜੇ ਦੀ ਕੈਦ ਵਿਚ ਸੀ। ਇਹ ਬਾਲ ਬ੍ਰਹਮਚਾਰੀ ਬ੍ਰਹਮਗਿਆਨੀ ਸੀ, ਰਾਜੇ ਦੇ ਸਵਾਲ ਦਾ ਜਵਾਬ ਦੇਣ ਵਾਸਤੇ ਪਹੁੰਚ ਗਿਆ। ਜਿਸ ਵੇਲੇ ਇਹ ਸਭਾ ਵਿਚ ਪਹੁੰਚਿਆ ਤਾਂ ਸਾਰੇ ਸਾਧੂ ਸੰਤ ਇਸ ਨੂੰ ਦੇਖ ਕੇ ਹੱਸ ਪਏ ਕਿਉਂਕਿ ਇਸ ਦੇ ਸਰੀਰ ਵਿਚ ਅੱਠ ਵਲ ਪੈਂਦੇ ਸੀ। ਇਹ ਵੀ ਉਹਨਾਂ ਨੂੰ ਚਿੜਾਉਣ ਲਈ ਦੇਖ ਕੇ ਹੱਸ ਪਿਆ ਜਿਸ ਤੋਂ ਉਹਨਾਂ ਨੇ ਇਤਰਾਜ ਕੀਤਾ। ਰਾਜੇ ਜਨਕ ਨੇ ਕਿਹਾ ਬਾਲ ਬ੍ਰਹਮਚਾਰੀ! ਇਹ ਧੁਰੰਤਰ ਸਾਧੂ ਹਨ, ਵਿਦਵਾਨਾਂ ਦੀ ਸਭਾ ਹੈ, ਤੁਹਾਨੂੰ ਹੱਸਣਾ ਨਹੀਂ ਸੀ ਚਾਹੀਦਾ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਨਿਰਾਦਰ ਹੁੰਦਾ ਹੈ। ਕਹਿਣ ਲੱਗਾ, ਰਾਜਨ! ਮੈਂ ਤਾਂ ਇਹਨਾਂ ਦੀ ਬੁੱਧੀ ਦੇਖ ਕੇ ਹੱਸਿਆ ਹਾਂ ਕਿਉਂਕਿ ਮੇਰੇ ਸਰੀਰ ਨੂੰ ਦੇਖ ਕੇ ਹੱਸੇ ਹਨ ਤੇ ਇਸ ਲਈ ਇਹ ਕੇਵਲ ਚੰਮ ਦੇ ਵਪਾਰੀ ਹਨ। ਇਨ੍ਹਾਂ ਨੂੰ ਇਤਨਾ ਵੀ ਗਿਆਨ ਨਹੀਂ ਕਿ ਮੇਰੀ ਆਤਮਾ ਵਿਚ ਤਾਂ ਕੋਈ ਵਲ ਨਹੀਂ ਜੇ ਗੰਨਾ ਵਿੰਗਾ ਹੋਵੇ ਤਾਂ ਰਸ ਵਿਚ ਤਾਂ ਕੋਈ ਵਲ ਨਹੀਂ ਹੋਇਆ ਕਰਦਾ। ਇਹ ਲੋਕ ਆਤਮਦਰਸ਼ੀ ਨਾ ਹੋਣ ਕਰਕੇ ਤੁਹਾਡੇ ਸਵਾਲ ਦਾ ਜਵਾਬ ਨਹੀਂ ਦੇ ਸਕੇ, ਇਸ ਲਈ ਤੁਸੀਂ ਆਪਣਾ ਸਵਾਲ ਕਰੋ, ਮੈਂ ਜਵਾਬ ਦਿਆਂਗਾ। ਰਾਜਾ ਜਨਕ ਕਹਿਣ ਲੱਗਿਆ ਕਿ ਇਹ ਸੱਚ ਹੈ ਜਾਂ ਉਹ ਸੱਚ ਹੈ? ਕਹਿੰਦਾ, ਰਾਜਨ! ਦੋਵੇਂ ਝੂਠੇ ਹਨ। ਰਾਜਾ ਕਹਿੰਦਾ ਸਮਝ ਵਿਚ ਨਹੀਂ ਆਇਆ। ਅਸ਼ਟਾਵਕਰ ਕਹਿਣ ਲੱਗਿਆ ਕਿ ਜੇ ਤੁਸੀਂ ਖੋਲ੍ਹ ਕੇ ਜਵਾਬ ਲੈਣਾ ਹੈ ਤਾਂ ਖੋਲ੍ਹ ਕੇ ਗੱਲ ਦੱਸੋ। ਇਹ ਸੁਣ ਕੇ ਰਾਜਾ ਜਨਕ ਚੁੱਪ ਕਰ ਗਿਆ ਕਿਉਂਕਿ ਅਜਿਹੀ ਹਾਲਤ ਦੱਸਦਿਆਂ ਲੱਜਾ ਆਉਂਦੀ ਸੀ। ਕਹਿਣ ਲੱਗੇ ਰਾਜਨ! ਤੁਹਾਡਾ ਸੁਪਨੇ ਵਿਚ ਰਾਜ ਖੁਸ ਗਿਆ, ਭਿਖਾਰੀ ਬਣ ਗਏ ਤੇ ਤੁਹਾਡੀ ਬਹੁਤ ਦੁਰਦਸ਼ਾ ਹੋਈ ਜਿਸ ਦਾ ਅਸਰ ਮਨ ਤੇ ਗਹਿਰਾ ਚਲਿਆ ਗਿਆ। ਹੁਣ ਪਤਾ ਨਹੀਂ ਲਗ ਰਿਹਾ ਕਿ ਕਿਹੜਾ ਸੱਚ ਹੈ ਤੇ ਕਿਹੜਾ ਝੂਠ ਹੈ ਪਰ ਦੋਵੇਂ ਹੀ ਝੂਠ ਹਨ ਕਿਉਂਕਿ ਜਿਸ ਤਰ੍ਹਾਂ ਨਾਲ ਉਹ ਰਾਤ ਦਾ ਸੁਪਨਾ ਸੀ ਉਸੇ ਤਰ੍ਹਾਂ ਨਾਲ ਇਹ ਜਗਤ ਵੀ ਜੀਵਨ ਰੂਪੀ ਸੁਪਨਾ ਹੈ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥* *ਅੰਗ- ੮੦੮*

*ਜਗਿ ਜੀਵਨੁ ਐਸਾ ਸੁਪਨੇ ਜੈਸਾ॥*
*ਜੀਵਨੁ ਸੁਪਨ ਸਮਾਨੰ॥* *ਅੰਗ- ੪੯੨*

ਜੇ ਜਗਤ ਸੱਚਾ ਹੁੰਦਾ ਤਾਂ ਸਾਡੇ ਮਾਪੇ ਇਥੇ ਹੀ ਰਹਿੰਦੇ, ਉਹ ਚਲੇ ਗਏ ਤਾਂ ਅਸੀਂ ਵੀ ਚਲੇ ਜਾਣਾ ਹੈ। ਇਸ ਲਾਈ ਇਹ ਵੀ ਸੁਪਨਾ ਹੈ। ਰਾਤ ਵਾਲਾ ਤਾਂ ਸੁਪਨਾ ਹੀ ਸੀ, ਜਿਸ ਤਰ੍ਹਾਂ ਉਸ ਦਾ ਅਧਿਆਸ ਪੱਕ ਗਿਆ, ਇਸੇ ਤਰ੍ਹਾਂ ਜੀਵਨ ਦੇ ਸੁਪਨੇ ਨੂੰ ਸੱਚ ਮੰਨ ਕੇ ਬੈਠੇ ਹੋਏ ਹਾਂ। ਇਸ ਤਰ੍ਹਾਂ ਨਾਲ ਰਿਸ਼ੀ ਅਸ਼ਟਾਵਕਰ ਜੀ ਨੇ ਰਾਜੇ ਜਨਕ ਦਾ ਭਰਮ ਦੂਰ ਕੀਤਾ।

ਮਹਾਰਾਜ ਜੀ ਕਹਿਣ ਲੱਗੇ, ਪੀਰ ਜੀ! ਲੰਮਾ ਅਧਿਆਸ ਹੋਣ ਕਰਕੇ ਜੀਵ ਨੂੰ ਭਰਮ ਪੈ ਗਿਆ ਜਿਸ ਕਰਕੇ ਕੂੜੀ 'ਮੈਂ' ਨੇ ਸਤਿ ਨੂੰ ਢੱਕ ਲਿਆ। ਜਿਵੇਂ ਟੋਭੇ ਦੇ ਪਾਣੀ ਨੂੰ ਬੂਰ ਢੱਕ ਲੈਂਦਾ ਹੈ ਅਤੇ ਅਮਰ ਵੇਲ ਬਿਨਾਂ ਜੜ੍ਹ ਤੋਂ ਹੀ ਬ੍ਰਿਛ ਨੂੰ ਢਕ ਲੈਂਦੀ ਹੈ। ਕਹਿਣ ਲੱਗਿਆ ਫੇਰ ਸੱਚ ਦਾ ਪ੍ਰਕਾਸ਼ ਕਿਵੇਂ ਹੋਵੇ? ਮਹਾਰਾਜ ਕਹਿੰਦੇ ਕਿ ਹਉਮੈ ਦਾ ਤਿਆਗ ਕਰਕੇ। ਕਹਿੰਦਾ ਕਿ ਹਉਮੈ ਛੱਡਣ ਵਾਸਤੇ ਤਾਂ ਮੈਂ ਬਹੁਤ ਸਾਧਨ ਕੀਤੇ, ਵਰਤ ਰੱਖੇ, ਚਲੀਹੇ ਕੱਟੇ, ਕਾਬੇ ਦੇ ਹੱਜ ਕੀਤੇ ਤੇ ਦਾਨ ਕੀਤੇ। ਮਹਾਰਾਜ ਕਹਿੰਦੇ ਕਿ ਇਹ ਤਾਂ ਤੁਸੀਂ ਹਉਮੈ ਦੇ ਹੋਰ ਸੰਗਲ ਲਪੇਟ ਲਏ। ਕਹਿੰਦਾ ਸੱਚੇ ਪਾਤਸ਼ਾਹ ਕ੍ਰਿਪਾ ਕਰਕੇ ਮੈਨੂੰ ਇਸ ਦਾ ਕੋਈ ਹੋਰ ਇਲਾਜ ਦੱਸੋ। ਮਹਾਰਾਜ ਕਹਿੰਦੇ ਸਤਿਸੰਗ ਕਰਨ ਤੋਂ ਬਿਨਾਂ ਇਸ ਦਾ ਹੋਰ ਕੋਈ ਇਲਾਜ ਨਹੀਂ। ਕਹਿੰਦਾ ਕਿ ਸਤਿਸੰਗ ਵਿਚ ਤਾਂ ਮੈਂ ਆਇਆ ਹਾਂ। ਮਹਾਰਾਜ ਜੀ ਕਹਿਣ ਲੱਗੇ, ਪੀਰ ਜੀ! ਆਏ ਤਾਂ ਹੋ ਪਰ ਝੂਠ ਦੀ ਸੰਜੋਅ ਪਹਿਨ ਕੇ, ਝੂਠ ਦਾ ਚੋਲਾ ਪਾ ਕੇ ਕਿ ਮੈਂ ਪੀਰ ਹਾਂ, ਗੁਰੂ ਤਾਂ 20 ਸਾਲ ਦਾ ਹੈ, ਜੇ ਇਸ ਦੇ ਚਰਨੀ ਲੱਗ ਗਿਆ, ਮੇਰੇ ਚੇਲੇ ਕੀ ਕਹਿਣਗੇ? ਕਹਿੰਦਾ ਮਹਾਰਾਜ ਫੇਰ ਪਰਦਾ ਕਿਵੇਂ ਦੂਰ ਹੋਵੇ? ਮਹਾਰਾਜ ਕਹਿੰਦੇ ਝੂਠ ਦਾ ਚੋਲਾ ਉਤਾਰ ਸੁੱਟ ਜਿਸ ਨੇ ਪਰਦਾ ਪਾਇਆ ਹੋਇਆ ਹੈ। ਸੁਣਦੀ ਸਾਰ ਗੱਲ ਸਮਝ ਵਿਚ ਆ ਗਈ, ਵਜਦ ਵਿਚ ਆ ਕੇ ਨੱਚਣਾ ਸ਼ੁਰੂ ਕਰ ਦਿਤਾ ਤੇ ਜਦੋਂ ਨੇੜੇ ਆਇਆ ਤਾਂ ਮਹਾਰਾਜ ਜੀ ਨੇ ਬਾਂਹ ਅੱਗੇ ਕਰਕੇ ਇਸ ਦਾ ਹੱਥ ਫੜ ਕੇ ਥੋੜ੍ਹਾ ਜਿਹਾ ਘੁੱਟ ਦਿਤਾ। ਬੱਸ ਹੱਥ ਫੜਨ ਦੀ ਦੇਰ ਸੀ, ਜਿਹੜੀ ਗੁਰੂ ਦੀ ਕ੍ਰਿਪਾ ਹੁੰਦੀ ਹੈ, ਉਸ ਨਾਲ ਜੀਵ ਤੇ ਬ੍ਰਹਮ ਦਾ ਮੇਲ ਕਰਵਾ ਦਿਤਾ। ਕ੍ਰਿਪਾ ਕਰ ਦਿਤੀ ਜੋ ਕੇਵਲ ਸਮਰੱਥ ਗੁਰੂ ਹੀ ਕਰ ਸਕਦਾ ਹੈ, ਹੋਰ ਕੋਈ ਨਹੀਂ ਕਰ ਸਕਦਾ, ਬਜਰ ਕਪਾਟ ਖੋਲ੍ਹ ਦਿਤੇ। ਜਦੋਂ ਕੂੜ ਦੀ ਕੰਧ ਟੁੱਟ ਗਈ ਫੇਰ ਦੂਜਾ ਨਜ਼ਰ ਨਹੀਂ ਆਉਂਦਾ, ਸਾਰੇ ਪਾਸੇ ਪ੍ਰਮੇਸ਼ਰ ਦੇ ਹੁਕਮ ਦੀ ਖੇਡ ਵਰਤਦੀ ਵਿਖਾਈ ਦਿੰਦੀ ਹੈ। ਜ਼ਰੇ-ਜ਼ਰੇ ਵਿਚ ਉਹੀ ਨਜ਼ਰ ਆ ਰਿਹਾ ਹੈ।

'ਚਲਦਾ...........।'

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-42)*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਰਾਤ ਨੂੰ ਜਦ ਗੁਰੂ ਜੀ ਦੀ ਧੂਣੀ ਦਾ ਸਾਮਾਨ ਜੋਗੀਆਂ ਨੇ ਭਾਈ ਬਾਲੇ ਤੋਂ ਖੋਹ ਖੜਿਆ ਤਾਂ ਗੁਰੂ ਕੇ ਹਜ਼ੂਰ ਚਾਰ ਮੇਂਗਣਾਂ ਤੋਂ ਅਖੁੱਟ ਧੂਣੀ ਲਗ ਗਈ। ਜਦ ਸਿੱਧਾਂ ਨੇ ਡਿੱਠਾ ਕਿ ਗੁਰੂ ਜੀ ਦੇ ਸਾਹਮਣੇ ਬੜੀ ਧੂਣੀ ਲੱਗੀ ਹੈ ਤਾਂ ਉਨ੍ਹਾਂ ਨੇ ਮਾਇਆ ਦੀ ਹਨ੍ਹੇਰੀ ਚਲਾਈ, ਪਰ ਅਸਰ ਉਲਟਾ ਪਿਆ ਕਿ ਸਿੱਧਾਂ ਦੀਆਂ ਆਪਣੀਆਂ ਧੂਣੀਆਂ ਤਾਂ ਉਸ ਹਵਾ ਅੱਗੇ ਉੱਡ ਬੁਝ ਗਈਆਂ, ਪਰ ਗੁਰੂ ਕੀ ਧੂਣੀ ਲੱਗੀ ਰਹੀ। ਸਵੇਰੇ ਪਾਲੇ ਦੇ ਮਾਰੇ ਸਿੱਧ ਅੱਗ ਲੱਗੇ ਬਾਲਣ। ਸ਼ਕਤੀ ਵੀ ਲਾਈ ਪਰ ਅੱਗ ਨਾ ਬਲੀ। ਅੰਤ ਹਾਰ ਕੇ ਭਰਥਰੀ ਨੂੰ ਘੱਲਿਓ ਨੇ ਕਿ ਗੁਰੂ ਜੀ ਤੋਂ ਅੱਗ ਲਿਆਵੇ, ਪਰ ਗੁਰੂ ਜੀ ਨੇ ਆਖਿਆ, ਹੇ ਭਰਥਰੀ ਜੋਗੀ! ਗੋਰਖ ਦੀ ਖੜਾਂਵ ਤੇ ਮੁੰਦਰਾਂ ਲਿਆ ਤਾਂ ਉਸ ਦੇ ਬਦਲੇ ਅੱਗ ਦਿਆਂਗੇ। ਸੋ ਲੋੜ ਦੇ ਮਾਰੇ ਇਨ੍ਹਾਂ ਦੋਹਾਂ ਦੇ ਬਦਲੇ ਭਰਥਰੀ ਅੱਗ ਲੈ ਗਿਆ। ਇਸ ਤਰ੍ਹਾਂ ਕਰਨ ਨਾਲ ਲਿਖਿਆ ਹੈ ਕਿ ਗੋਰਖ ਦੀ ਸ਼ਕਤੀ ਟੁਰ ਗਈ, ਸ਼ਰਮ ਦੇ ਮਾਰਿਆਂ ਚਿਤ ਬ੍ਰਿਤੀ ਸੰਜਮ ਵਿਚੋਂ ਜਾਣੋਂ ਰਹਿ ਗਈ ਹੋਣੀ ਹੈ। ਗੋਰਖ ਨੂੰ ਉਦਾਸ ਦੇਖ ਕੇ ਭੰਗਰਨਾਥ ਗੁੱਸੇ ਨਾਲ ਭਰ ਕੇ ਗੁਰੂ ਜੀ ਪਾਸ ਆਇਆ ਤੇ ਤੂੰਬਾ ਅੱਗੇ ਧਰਿਆ ਕਿ ਦੁੱਧ ਨਾਲ ਭਰ ਦਿਓ। ਗੁਰੂ ਜੀ ਨੇ ਭਰਿਆ ਤਾਂ ਪਾਣੀ ਨਾਲ ਪਰ ਉਹ ਹੋ ਗਿਆ ਦੁੱਧ। ਭੰਗਰ ਉਹ ਲੈ ਗਿਆ ਜੋਗੀਆਂ ਪਾਸ ਤੇ ਸਾਰੇ ਆਪ ਵਿਚ ਵੰਡ ਕੇ ਪੀਣ ਲੱਗੇ ਤਾਂ ਲਿਖਿਆ ਹੈ ਕਿ ਸਾਰੇ ਰੱਜ ਗਏ ਪਰ ਦੁੱਧ ਨਾ ਮੁਕਿਆ। ਇਸ ਤਰ੍ਹਾਂ ਹੋਰ ਕਈ ਪਰਤਾਵੇ ਤੇ ਕਰਾਮਾਤਾਂ ਦੀਆਂ ਪਰਖਾਂ ਹੋ ਹਟੀਆਂ; ਪਰ ਸਿੱਧ ਜਿੱਤ ਨਾ ਸਕੇ। ਜਦ ਗੁਰੂ ਜੀ ਦੇ ਸੱਚ ਦੀ ਸਤਯਾ ਤੇ ਤਾਕਤ ਤੇ ਭਾਰੂ ਨਾ ਪੈ ਸਕੇ, ਤਦ ਜਾਪਦਾ ਹੈ ਕਿ ਉਨ੍ਹਾਂ ਨੇ ਸੋਚਿਆ ਕਿ ਉਹ ਤਾਕਤਾਂ, ਜੋ ਮਨ ਨੂੰ ਸੰਜਮ ਤੇ ਦ੍ਰਿੜ੍ਹ ਕਰਨ ਨਾਲ ਲੱਭਦੀਆਂ ਹਨ, ਜਿਨ੍ਹਾਂ ਨੂੰ ਜੋਗ ਦਰਸ਼ਨ ਵਿਚ ਵਿਭੂਤੀਆਂ ਲਿਖਿਆ ਹੈ, ਸਾਡੇ ਪਾਸ ਗੁਰੂ ਨਾਨਕ ਦੇਵ ਜੀ ਤੋਂ ਘੱਟ ਹਨ, ਭਰਮ ਪਿਓ ਨੇ ਕਿ ਇਸ ਨੇ ਸਾਥੋਂ ਵਡੇਰਾ ਕੋਈ ਜੋਗ ਸਾਧਿਆ ਹੈ, ਤਾਂ ਫੇਰ ਸੋਚਣ ਲੱਗੇ ਕਿ ਇਹ ਥਾਂ ਗੋਰਖ ਮਤਾ ਸਾਡਾ ਭਾਰਾ ਅੱਡਾ ਹੈ, ਇਹ ਇਨ੍ਹਾਂ ਦੀ ਤਾਕਤ ਨਾਲ ਸਾਥੋਂ ਨਾ ਖੁੱਸ ਜਾਵੇ। ਜਿਵੇਂ ਬਨਾਰਸ ਸੰਸਕ੍ਰਿਤ ਪੰਡਤਾਈ ਦਾ ਭਾਰਾ ਅੱਡਾ ਸੀ ਤਿਵੇਂ ਉਸ ਸਮੇਂ ਗੋਰਖ ਮਤਾ ਕੰਨ ਪਾਟਿਆਂ ਜੋਗੀਆਂ ਦੀ ਮਾਨੋਂ ਰਾਜਧਾਨੀ ਸੀ। ਇਥੇ ਇਹਨਾਂ ਦਾ ਅੱਡਾ ਸੀ ਤੇ ਕਿਸੇ ਖਾਸ ਸਮੇਂ ਸਾਰੇ ਜੁੜਦੇ ਸਨ ਤੇ ਮੇਲਾ ਬੀ ਲਗਦਾ ਸੀ, ਜਦੋਂ ਇਨ੍ਹਾਂ ਦੀ ਬਹੁਤ ਪੂਜਾ ਹੁੰਦੀ ਸੀ। ਇਹ ਮੌਕਾ ਹੁਣ ਉਹੋ ਸੀ ਕਿ ਜਿਸ ਵੇਲੇ ਉਹ ਗੁਰੂ ਜੀ ਨੂੰ ਆਪਣਾ ਬਾਲਕਾ ਬਣਾ ਕੇ ਲੋਕਾਂ ਵਿਚ ਆਪਣੀ ਜਿੱਤ ਦੱਸਣਾ ਚਾਹੁੰਦੇ ਸਨ। ਪਰ ਹਰ ਗੱਲੇ ਹਾਰ ਹੋਈ ਕਰਕੇ ਹੁਣ ਉਹਨਾਂ ਨੂੰ ਲੋਕਾਂ ਦੀ ਨਜ਼ਰੋਂ ਹੌਲਾ ਕਰਨਾ ਚਾਹੁੰਦੇ ਸਨ। ਉਹਨਾਂ ਨੂੰ ਇਹ ਬੀ ਫਿਕਰ ਪੈ ਰਿਹਾ ਸੀ ਕਿ ਜੇ ਅਸੀਂ ਹਾਰਦੇ ਹੀ ਗਏ ਤਾਂ ਸਾਨੂੰ ਏਥੋਂ ਟੁਰਨਾ ਪਊ। ਕਿਉਂਕਿ ਜੇ ਗੁਰੂ ਜੀ ਨੇ ਏਥੇ ਟਿਕਾਣਾ ਪਾਈ ਰਖਿਆ ਤਾਂ ਜੋ ਸਾਡੇ ਮੰਨਣ ਵਾਲੇ ਹਨ ਸੋ ਸਭ ਸਾਥੋਂ ਹਟ ਕੇ ਉਧਰ ਚਲੇ ਜਾਣਗੇ। ਫੇਰ ਇਕ ਤਾਂ ਅੱਡਾ ਹੱਥੋਂ ਜਾਊ, ਇਕ ਬਦਨਾਮੀ ਹੋਊ। ਜਦ ਪਹਿਲੇ ਹੀ ਦਾਉ ਸਾਡੀ ਕੋਈ ਪੇਸ਼ ਨਹੀਂ ਗਈ ਤਾਂ ਕਿਸੇ ਹਿਕਮਤ ਨਾਲ ਗੁਰੂ ਜੀ ਨੂੰ ਏਥੋਂ ਟੋਰੀਏ ਜੋ ਸਾਡਾ ਟਿਕਾਣਾ ਬਣਿਆ ਰਹੇ। ਇਹ ਸੋਚ ਕੇ ਉਨ੍ਹਾਂ ਨੇ ਇਕ ਦਿਨ ਸਤਿਗੁਰੂ ਜੀ ਨੂੰ ਕਿਹਾ ਕਿ ਤੁਸੀਂ ਏਥੋਂ ਚਲੇ ਜਾਓ। ਗੁਰੂ ਜੀ ਨੇ ਆਖਿਆ ਕਿ ਸਗਲੀ ਧਰਤੀ ਮਾਲਕ ਦੀ ਹੈ ਤੇ ਸਾਨੂੰ ਕਿਸੇ ਟਿਕਾਣੇ ਨਾਲ ਪਕੜ ਨਹੀਂ ਹੈ, ਚਲੇ ਜਾਵਾਂਗੇ ਪਰ ਤੁਸੀਂ ਜੀਕੂੰ ਸਾਨੂੰ ਟੋਰਦੇ ਹੋ ਉਕਰ ਸਾਡਾ ਜਾਣਾ ਕਠਨ ਹੈ। ਅਸੀਂ ਏਥੇ ਜਗ੍ਹਾ ਮੱਲਣ ਤੇ ਤੁਹਾਨੂੰ ਕੱਢਣ ਨਹੀਂ ਆਏ। ਅਸੀਂ ਦੇਖਦੇ ਫਿਰਦੇ ਹਾਂ ਕਿ ਜਗਤ ਵਿਚ ਸੱਚ ਦੀ ਅਮੱਸਯਾ ਦੀ ਰਾਤ ਪੈ ਰਹੀ ਹੈ, ਕੋਈ ਥਾਂ ਟਿਕਾਣਾ ਐਸਾ ਹੈ ਕਿ ਜਿੱਥੇ ਸੱਚ ਦਾ ਚਾਨਣ ਬੀ ਹੋਵੇ? ਇਸ ਲਈ ਕਈ ਥਾਂ ਤੱਕ ਕੇ ਅਸੀਂ ਏਥੇ ਆਏ ਸਾਂ ਕਿ ਦੇਖੀਏ ਤੁਸਾਨੂੰ ਆਪਣੀ ਮਹੱਤਤਾਈ ਤੇ ਆਪਣੀ ਪੂਜਾ ਦਾ ਹੀ ਫਿਕਰ ਹੈ ਕਿ ਸ੍ਰਿਸ਼ਟੀ ਸਾਡੇ ਮਗਰ ਲੱਗੀ ਰਹੇ ਤੇ ਪੂਜਾ ਹੁੰਦੀ ਰਹੇ ਤੇ ਸਾਡੀਆਂ ਸ਼ਕਤੀਆਂ ਦੇ ਭੈ ਹੇਠ ਲੋਕ ਦਬੇ ਰਹਿਣ ਯਾ ਤੁਸੀਂ ਨਿਰਵਾਸ ਹੋ ਕੇ ਜਗਤ ਤਾਰ ਰਹੇ ਹੋ? ਜੋ ਅਸਾਂ ਨੇ ਤੁਸਾਂ ਵਿਚ ਡਿੱਠਾ ਹੈ, ਸੋ ਪਹਿਲੀ ਗੱਲ ਇਹ ਹੈ ਕਿ ਹਾਲਤ ਅੰਧਕਾਰ ਦੀ ਹੈ। ਤੁਹਾਡਾ ਧਰਮ ਸੀ ਆਪ ਵਾਹਿਗੁਰੂ ਨਾਲ ਜੁੜਨਾ, ਮਨ ਦੀਆਂ ਵਾਸ਼ਨਾ ਨੂੰ ਵਸ ਕਰਨਾ, ਫੇਰ ਮਨ ਨੂੰ ਕੋਹ ਕੇ ਮੁਰਦਾ ਨਾ ਕਰ ਦੇਣਾ, ਸਗੋਂ ਮਨ ਨੂੰ ਸਾਧ ਕੇ ਇਕ ਸੁਤੰਤਰ ਉਡਦੇ ਪੰਛੀ ਵਾਂਗੂੰ ਆਨੰਦ ਦੇ ਪ੍ਰਕਾਸ਼ ਵਿਚ ਵਸਾ ਦੇਣਾ ਤੇ ਇਸ ਨੂੰ ਕਿਸੇ ਮਾਇਕ ਤੇ ਵਿਕਾਰੀ ਕੈਦ ਵਿਚ ਨਾ ਰਹਿਣ ਦੇਣਾ। ਹੋਣਾ ਸੁਤੰਤਰ ਪੰਛੀ ਵਤ ਤੇ ਹਨ੍ਹੇਰੇ ਮੈਲੇ ਥਾਂ, ਨਾਲੀਆਂ, ਖੱਡਾਂ ਕਿ ਮੰਦੀਆਂ ਜਾਈਂ ਕਿਤੇ ਕਦਮ ਨਾ ਧਰਨਾ। ਹੁਣ ਸਾਡੇ ਆਖੇ ਲਗੋ ਇਹ ਰਾਹ ਛੱਡੋ, ਨਾਮ ਜਪੋ, ਜਾਗੋ, ਖੇੜੇ ਦੇ ਘਰ ਆਓ, ਜਗਤ ਨੂੰ ਜਗਾਓ, ਨਾਮ ਦੇ ਲੜ ਲਗੋ ਤੇ ਆਤਮ ਖੇੜੇ

ਨੂੰ ਝੋਲੀ ਪਾਓ। ਤੁਹਾਨੂੰ ਜੋ ਇਹ ਤੌਖਲਾ ਖਾ ਰਿਹਾ ਹੈ ਕਿ ਸਾਡੀ ਪੂਜਾ ਨਾ ਮਰ ਜਾਏ, ਸੋ ਸਜਣੋ! ਸਾਨੂੰ ਪੂਜਾ ਦੀ ਲੋੜ ਨਹੀਂ ਹੈ। ਫਿਕਰ ਨਾ ਕਰੋ, ਅਸਾਂ ਚਲੇ ਜਾਣਾ ਹੈ, ਪਰ ਤੁਸਾਂ ਨਾਲ ਵਿਚਾਰਾਂ ਕਰਕੇ ਜਾਵਾਂਗੇ।

ਪਰ ਇਸ ਸਮਝੌਤੇ ਅੱਗੇ ਬੀ ਜੋਗੀਆਂ ਦੇ ਮਨ ਠੀਕ ਪਾਸੇ ਨਾ ਆਏ, ਸਗੋਂ ਕਹਿਣ ਲੱਗੇ ਕਿ ਪਹਿਲਾਂ ਥਾਂ ਦੀ ਮਾਲਕੀ ਦਾ ਫੈਸਲਾ ਕਰ ਲਓ। ਗੁਰੂ ਜੀ ਨੇ ਕਿਹਾ ਕਿ ਸਾਨੂੰ ਤਾਂ ਲੋੜ ਨਹੀਂ ਹੈ। ਜੋਗੀ ਕਹਿਣ ਲੱਗੇ ਕਿ ਜੇ ਪੂਜਾ ਕਰਾਉਣੀ ਚਾਹੁੰਦੇ ਹੋ ਤਾਂ ਸ਼ਕਤੀ ਦਿਖਾਓ ਤੇ ਨਿਆਂ ਸਾਰਾ ਸ਼ਕਤੀ ਦੇ ਹੱਥ ਹੀ ਰਿਹਾ, ਕਿਸੇ ਹਾਕਮ ਕੋਲ ਨਹੀਂ ਚਲਦੇ, ਧਰਤੀ ਨੂੰ ਹੀ ਪੁੱਛ ਲੈਂਦੇ ਹਾਂ ਕਿ ਹੇ ਧਰਤੀ, ਤੂੰ ਜੋਗੀਆਂ ਦੀ ਹੈਂ ਕਿ ਗੁਰੂ ਨਾਨਕ ਜੀ ਦੀ? ਤਦ ਗੁਰੂ ਜੀ ਮੁਸਕਰਾਏ ਤੇ ਬੋਲੇ –

*ਸ਼ਕਤੀਵਾਨ ਏਕੋ ਜਗਤੇਸ਼ਾ।*
*ਹਮਰੈ ਬਿਖੈ ਪਾਯਤ ਲੇਸ਼ਾ।*
*ਅਜ਼ਮਤ ਕੋ ਹੰਕਾਰ ਤੁਮਾਰੇ।*
*ਹਮਹਿ ਦਿਖਾਵਹੁ ਦੇਖਨਹਾਰੇ।* *ਸ੍ਰੀ ਗੁਰੂ ਨਾਨਕ ਪ੍ਰਕਾਸ਼*

ਤਦ ਸਿੱਧਾਂ ਨੇ ਆਵਾਜ਼ ਦਿਤੀ, ਹੇ ਧਰਤੀ! ਜੇ ਤੂੰ ਸਾਡੀ ਹੈਂ ਤਾਂ ਬੋਲ ਪਉ ਕਿ ਮੈਂ ਤੁਹਾਡੀ ਹਾਂ! ਤ੍ਰੈ ਵਾਰੀ ਕਹੁ ਤਾਂ ਜੋ ਸੰਸਾ ਨਾ ਰਹੇ। ਇਹ ਕਹਿ ਹਟਣ ਬਾਅਦ ਧਰਤੀ ਵਿਚੋਂ ਦਬਵੀਂ ਜਿਹੀ ਸੁਰ ਵਿਚ ਆਵਾਜ਼ ਆਈ, ਮੈਂ ਸਿੱਧਾਂ ਦੀ ਹਾਂ। ਦੂਜੀ ਵੇਰ ਫੇਰ ਸਿੱਧਾਂ ਨੇ ਪੁੱਛਿਆ। ਫੇਰ ਆਵਾਜ਼ ਆਈ, ਮੈਂ ਨਿਸਚੇ ਸਿੱਧਾਂ ਦੀ ਹਾਂ ਹੋਰ ਕਿਸੇ ਦੀ ਨਹੀਂ। ਸਿੱਧ ਅਸਚਰਜ ਹੋ ਕੇ ਦਿਖਾ ਰਹੇ ਸਨ ਤੇ ਗਿੱਬ ਰਹੇ ਸਨ ਕਿ ਹੁਣ ਅਸਾਂ ਗੁਰੂ ਨਾਨਕ ਦੇਵ ਜੀ ਨੂੰ ਸ਼ਕਤੀ ਵਿਚ ਹਰਾ ਲਿਆ ਹੈ। ਹੁਣ ਫੇਰ ਬਫਾਕੇ ਸਿੱਧ ਬੋਲੇ, ਕਹੁ ਧਰਤੀ! ਤੂੰ ਕਿਸਦੀ ਹੈ? ਤੀਜੀ ਵਾਲ ਬੋਲ ਤੇ ਨਬੇੜਾ ਹੋ ਜਾਏ। ਇਸ ਵੇਲੇ ਗੁਰੂ ਜੀ ਬੋਲੇ! ਓਦੇ ! ਅਜੇ ਤਾਂਈਂ ਤੂੰ ਬੋਲਣ ਜੋਗਾ ਹੀ ਰਹਿ ਗਿਆ ਹੈਂ? ਏਸ ਤੋਂ ਬਾਅਦ ਸਿੱਧ ਜ਼ੋਰ ਲਾ ਰਹੇ ਪਰ ਆਵਾਜ਼ ਨਾ ਆਈ। ਗੁਰੂ ਜੀ ਛੇਤੀ ਨਾਲ ਉਠੇ। ਜਿਥੋਂ ਆਵਾਜ਼ ਆਉਂਦੀ ਸੀ ਉਥੇ ਜਾ ਖੜੋਥੇ। ਘਾਹ ਫੂਸ ਜੋ ਉਪਰ ਪਏ ਸਨ, ਸੋ ਪਰ੍ਹੇ ਕੀਤਾ। ਸਿੱਧ ਬੀ ਛੇਤੀ ਨਾਲ ਪਹੁੰਚੇ। ਗੁਰੂ ਜੀ ਨੇ ਕਿਹਾ ਇਹ ਥਾਂ ਪੁੱਟੋ। ਸਿੱਧ ਨਾਲੇ ਤਾਂ ਪੁੱਟਣਾ ਨਾ ਚਾਹੁਣ ਪਰ ਨਾਲੇ ਉਹਨਾਂ ਨੂੰ ਕੋਈ ਉਤਾਵਲੀ ਬੀ ਸੀ। ਆਖਰ ਸ਼ਰਮਿੰਦਿਆਂ ਨੇ ਪੁੱਟਿਆ ਤਾਂ ਹੇਠੋਂ ਇਕ ਸਿੱਧ ਬਾਲਕਾ ਮੋਇਆ ਪਿਆ ਦਿਸ ਰਿਹਾ ਸੀ। ਗੱਲ ਇਹ ਸੀ ਕਿ ਰਾਤ ਨੂੰ ਸਿੱਧਾਂ ਨੇ ਇਕ ਸਿੱਧ ਬਾਲਕਾ ਟੋਇਆ ਪੁਟ ਕੇ ਧਰਤੀ ਦੇ ਵਿਚ ਬਿਠਾਇਆ ਸੀ ਤੇ ਉਤੋਂ ਛੱਤ ਜਿਹੀ ਪਾ ਕੇ ਮਿੱਟੀ ਬਰਾਬਰ ਕਰਕੇ ਘਾਹ ਤੇ ਤ੍ਰਿਣ ਉਪਰ ਖਲੇਰ ਦਿਤੇ ਸਨ। ਆਵਾਜ਼ ਲਈ ਡਾਢਾ ਨਿੱਕਾ ਜਿਹਾ ਛੇਕ ਰਖਿਆ ਸਾਨੇ, ਕਿ ਜਦ ਅਸੀਂ ਧਰਤੀ ਨੂੰ ਪੁਛਾਂਗੇ ਤਦ ਇਹ ਆਵਾਜ਼ ਜੋ ਬਾਲਕਾ ਦੇਵੇਗਾ ਧਰਤੀ ਦੀ ਸਮਝ ਕੇ ਸਾਡੀ ਕਰਾਮਾਤ ਮੰਨੀ ਜਾਊ, ਪਰ ਸਿੱਧਾਂ ਨੂੰ ਇਹ ਨਹੀਂ ਸੀ ਪਤਾ ਕਿ ਇਹ ਖੇਲ੍ਹ ਬੀ ਪੁੱਠੀ ਪਏਗੀ। ਜਗਤ ਗੁਰੂ ਜੀ ਇਹੋ ਜਿਹੀਆਂ ਚਲਾਕੀਆਂ ਵਿਚ ਆਉਣ ਵਾਲੇ ਨਹੀਂ ਸਨ। ਉਹ ਜਾਣਦੇ ਸਨ ਕਿ ਜੋਗੀ ਮਾਇਆ ਵਿਚ ਖੇਲ੍ਹ ਰਹੇ ਹਨ। ਵਿਭੂਤੀਆਂ ਬੀ ਇਕ ਮਾਇਆ ਹੈ, ਪਰ ਉਸ ਵਿਚ ਕਪਟ ਤਾਂ ਨਹੀਂ ਹੈ ਤੇ ਹੁਣ ਇਹ ਇੰਨੇ ਨੀਵੇਂ ਉਤਰੇ ਹਨ ਕਿ ਛਲ ਤੇ ਹਥ-ਨਾਟਕ ਕਰਕੇ ਉਸ ਨੂੰ ਸਿੱਧੀਆਂ ਦੱਸਣ ਲਗ ਪਏ ਹਨ। ਸੋ ਗੁਰੂ ਜੀ ਨੇ ਪਾਜ ਖੋਹਲ ਦਿਤਾ।

ਅਸਲ ਵਿਚ ਕਰਾਮਾਤ ਦੀ ਜੋ ਸਾਧੂ ਪਰਪਾਟੀ ਪਾਉਂਦਾ ਹੈ, ਬਹੁਤ ਔਖਾ ਹੁੰਦਾ ਹੈ। ਜੇ ਕਿਸੇ ਘਾਲੀ ਪਰਖ ਵਿਚ ਕੋਈ ਏਕਾਗਰਤਾ ਦੇ ਕਾਰਣ ਯਾ ਕਿਸੇ ਰਹਿਮਤ ਦੇ ਕਾਰਨ ਕੋਈ ਮਾਨਸਿਕ ਬਲ ਆ ਬੀ ਜਾਵੇ ਤਾਂ ਅਰੋਗ ਅਸੂਲ ਇਹ ਹੈ ਕਿ ਉਹ ਉਸ ਨੂੰ ਮਨ ਦੇ ਟਿਕਾਊ ਲਈ ਵਰਤੇ ਤਾਂ ਸੁਖੀ ਰਹਿੰਦਾ ਹੈ, ਜੇ ਉਹ ਆਪਣਾ ਐਸ਼੍ਵਰਜ ਤੇ ਲੋਕਾਂ ਵਿਚ ਨਾਮਣਾ ਵਧਾਉਣ ਲਈ ਵਰਤੇ ਤਾਂ ਜਿਵੇਂ ਹਰ ਸ਼ੈ ਵਰਤਿਆਂ ਖਰਚ ਹੁੰਦੀ ਹੈ ਉਹ ਤਾਕਤ ਬੀ ਖਰਚ ਹੁੰਦੀ ਹੈ। ਜਦ ਉਸ ਨੂੰ ਬਾਰ-ਬਾਰ ਵਰਤ ਕੇ ਸਾਧੂ ਘਟਾ ਲੈਂਦਾ ਹੈ ਤਾਂ ਸਾਧੂ ਨੂੰ ਫੇਰ ਬਨਾਵਟਾਂ ਦੇ ਛਲ ਤੇ ਹਥਕੰਡੇ ਕਰਨੇ ਪੈਂਦੇ ਹਨ, ਜੈਸੇ ਸਰੂਪ ਅਮਰੀਕਾ ਵਿਚ ਕਈ ਮੀਡਯਮਾ ਨੇ ਸਤਿਆ ਹਰ ਜਾਣੇ ਦੇ ਬਾਦ ਬਾਜ਼ ਵੇਲੇ ਛਲ ਬੀ ਖੇਡੇ ਤੇ ਕਈ ਵੇਰ ਪਕੜੇ ਗਏ ਹਨ। ਇਸ ਤਰ੍ਹਾਂ ਜਦ ਕੋਈ ਇਕ ਅੱਧੀ ਗੱਲ ਕਿਸੇ ਤਰ੍ਹਾਂ ਕਿਸੇ ਸਾਧਕ ਦੀ ਸਿੱਧੀ ਦਿਖਾ ਜਾਵੇ ਤਾਂ ਉਸ ਨੂੰ ਸਦਾ ਦਿਖਾਉਣ ਦਾ ਸੁਭਾ ਪੈ ਜਾਂਦਾ ਹੈ। ਜਦੋਂ ਐਸਾ ਕਰਨ ਨਾਲ ਬਲ ਹਾਰ ਜਾਂਦਾ ਹੈ ਤਾਂ ਕਦੇ ਤਾਂ ਆਪ ਦੁਖ ਪਾਉਂਦਾ ਹੈ ਯਾ ਫੇਰ ਦੰਭ ਕਪਟ ਤੇ ਬਨਾਵਟਾਂ ਨਾਲ ਸਿੱਧੀਆਂ ਲਾਉਂਦਾ ਹੈ, ਪੀਰੀਆਂ ਜਤਾਉਂਦਾ ਹੈ। ਪਹਿਲੋਂ ਤਾਂ ਉਹ ਮਾਯਾ ਦੇ ਇਕ ਹਨ੍ਹੇਰੇ ਵਿਚ ਹੁੰਦਾ ਹੈ ਕਿ ਮੈਂ ਵੱਡਾ ਬਣਾਂ, ਫੇਰ ਉਹ ਝੂਠ ਫਰੇਬ ਤੇ ਕਪਟ ਦੇ ਨੀਵੇਂ ਕੰਮਾਂ ਵਿਚ ਪੈ ਕੇ ਆਪਣੇ ਅੰਦਰਲੇ ਨੂੰ ਹੋਰ ਮੈਲਿਆਂ ਕਰ ਲੈਂਦਾ ਹੈ। ਕਈ ਲੋਕ ਫਿਰ ਪੈਸਿਆਂ ਤੋਂ ਬੁਲਾਰੇ ਚੇਲੇ ਰਖਦੇ ਹਨ ਜੋ ਲੋਕਾਂ ਵਿਚ ਕਾਰਮਾਤਾਂ ਦਾ ਰੌਲਾ ਪਾਉਂਦੇ ਹਨ, ਤੇ ਭੋਲੇ ਲੋਕਾਂ ਨੂੰ ਫਸਾਉਂਦੇ ਹਨ। ਅਤੇ ਕਈ ਵੇਰ ਜੋਗੀਆਂ ਦੇ ਉਪਰ ਦੱਸੇ ਕਪਟ ਵਾਂਗੂੰ ਕਈ ਤਰ੍ਹਾਂ ਦੀਆਂ ਬਨਾਵਟਾਂ ਤੇ ਉਹ ਗੱਲਾਂ ਵਰਤਦੇ ਹਨ ਜੋ ਜਾਦੂ ਤੇ ਤਮਾਸ਼ਿਆਂ ਵਾਲੇ ਹੱਥ ਨਾਟਕਾਂ ਤੇ ਚਲਾਕੀਆਂ ਨਾਲ ਕਰਕੇ ਦਿਖਾਲਦੇ ਹਨ, ਮਾਯਾ ਡਾਢੀ ਹੈ, ਮੋਖ ਦੀ ਇੱਛਾ ਵਾਲੇ ਸਾਧਕ, ਸੰਤ, ਜਗਿਆਸੂ, ਮਹਾਤਮਾ ਕਦੇ ਏਸ ਰਸਤੇ ਨਾ ਪੈਣ। ਸਾਂਈਂ ਨਾਲ ਲਿਵ ਲਾ ਕੇ ਜੀਵਨ ਦੇ ਅਮਲ ਸੱਚ ਪਰ ਟਿਕਣ, ਫਿਰ ਜੋ ਕਰਤਾਰ ਕਰੇ ਸੋ ਹੋਵੇ। ਸਾਧਕ ਪੁਰਖ ਆਪਣੇ ਨਾਮ ਰੰਗ ਵਿਚ ਰਹੇ, ਕਿਸੇ ਦੇ ਭਲੇ ਲਈ ਕਰਤਾਰ ਆਪ ਇਸ ਵਿਚ ਹੋ ਕੇ ਕੁਛ ਕੌਤਕ ਕਰੇ ਤਾਂ ਹੰਕਾਰ ਨਾ ਕਰੇ; ਸਗੋਂ ਡਰੇ ਕਿ ਇਹ ਕੌਤਕ ਕਿਤੇ ਮੈਨੂੰ ਹੋਰ

ਵੱਡੀ ਹਉਮੈ ਵਿਚ ਨਾ ਫਸਾ ਦੇਵੇ। ਆਪ ਨਾਮ ਜਪੇ। ਹੋਰਨਾਂ ਨੂੰ ਜਪਾਵੇ ਤਾਂ ਹੁਕਮ ਸਮਝ ਕੇ, ਹੁਕਮ ਹੋਣ ਤੇ ਜਪਾਵੇ, ਕਰਾਮਾਤ ਦੀ ਇੱਛਾ ਵਿਚ ਜਾਂ ਦਿਖਾਵੇ ਵਿਚ ਕਦੇ ਨਾ ਪਏ। ਜਗਤ ਵਿਚ ਜੋਗੀਆਂ ਦੇ ਉਪਰ ਕਹੇ ਹਾਲ ਵਾਂਗੂੰ ਅੱਜ ਕੱਲ੍ਹ ਬੀ ਕਈ ਪਖੰਡ ਹੋ ਰਹੇ ਹਨ, ਜਗਿਆਸੂਆਂ ਨੂੰ ਸਮਝ ਕੇ ਟੁਰਨਾ ਚਾਹੀਏ। ਗੱਲ ਕੀਹ, ਜਦੋਂ ਜੋਗੀਆਂ ਦਾ ਪਾਜ ਉਘੜ ਗਿਆ ਤਾਂ ਉਲਟੀ ਵਰਤ ਗਈ ਕਿ ਜੋ ਥੋੜ੍ਹੀ ਬਹੁਤ ਸੱਤਿਆ ਹਠਾਂ ਤਪਾਂ ਕਰਕੇ ਹੈਸੀ ਭੀ ਤਾਂ ਉਹ ਬੀ ਉਡ ਗਈ। ਕਵਿ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜੋਗੀ ਇਹ ਹਾਰ ਖਾ ਕੇ ਕੀਕੂੰ ਬੈਠੇ ਹਨ -

*ਆਪ ਆਪਣੇ ਆਸਨ ਬੈਸੇ।*
*ਚੋਰ ਨਾਰ ਜਿਉਂ ਤੂਸ਼ਨਿ ਤੈਸੇ॥ (ਨਾਨਕ ਪ੍ਰਕਸ਼)*

ਸੋ ਜਾਪਦਾ ਹੈ ਕਿ ਜਦ ਇਹ ਉਘਾੜਾ ਹੋ ਗਿਆ ਤੇ ਜੋ ਲੋਕ ਉਥੇ ਸਨ ਸਾਰਿਆਂ ਦੇ ਮੂੰਹ ਉਧਰੋਂ ਮੁੜ ਗਏ ਤਾਂ ਸਾਰੇ ਗੁਰੂ ਜੀ ਵਲ ਉਲਟ ਪਏ। ਜੋਗੀ ਇਕ-ਇਕ ਕਰਕੇ ਸ਼ਰਮ ਦੇ ਮਾਰੇ ਖਿਸਕ ਗਏ। ਇਹ ਵੀ ਖਿਆਲ ਪੈਂਦਾ ਹੈ ਕਿ ਭਰਥਰੀ ਆਦਿ ਜੋ ਭਲੇ ਜੋਗੀ ਸਨ ਉਹਨਾਂ ਦਾ ਗੁਰੂ ਜੀ ਵਲ ਝੁਕਾਉ ਹੋ ਗਿਆ ਹੈ ਤੇ ਅਗਲੇ ਮਿਲਾਪਾਂ ਵਿਚ ਵਧਦਾ-ਵਧਦਾ ਐਸਾ ਹੋਇਆ ਹੈ ਕਿ ਭਰਥਰੀ ਗੁਰੂ ਜੀ ਦੇ ਗੁਣ ਉਚਰਦਾ ਸਦਾ ਫਿਰ ਉਹਨਾਂ ਦੇ ਨਾਲ ਹੀ ਰਿਹਾ। ਗੱਲ ਕੀ, ਜੋਗੀ ਚਲੇ ਗਏ ਤੇ ਲੋਕਾਂ ਦੇ ਥਾਉਂ ਦਾ ਨਾਉਂ, ਗੋਰਖ ਮਤਾ ਦੀ ਥਾਂ ਸ੍ਰੀ ਨਾਨਕ ਮਤਾ ਧਰ ਦਿਤਾ, ਜੋ ਅੱਜ ਤਕ ਪ੍ਰਸਿੱਧ ਹੈ। ਇਹ ਬੀ ਲਿਖਿਆ ਹੈ ਕਿ ਜੋ ਸਿੱਧ ਬਾਲਕਾ ਜ਼ਿਮੀ ਵਿਚ ਲੁਕਾਇਆ ਹੋਇਆ ਸੀ ਤੇ ਮੁਰਦਾ ਨਿਕਲਿਆ ਸੀ ਸੋ ਗੁਰੂ ਮਿਹਰ ਨਾਲ ਸਾਵਧਾਨ ਹੋ ਗਿਆ ਸੀ।

ਗੁਰੂ ਜੀ ਤਾਂ ਉਥੋਂ ਹੁਣ ਅੱਗੇ ਨੂੰ ਰਵਦੇ ਰਹੇ, ਪਰ ਓਥੇ ਲੋਕੀਂ ਜੋ ਗੁਰੂ ਕੇ ਉਪਦੇਸ਼ ਨਾਲ ਇਸ ਰਾਹੇ ਲੱਗੇ, ਸੋ ਸ਼ਰਧਾਵਾਨ ਹੋ ਗਏ। ਕੋਈ ਇਕ ਤਿਆਗੀ ਉਨ੍ਹਾਂ ਵਿਚੋਂ ਇਥੇ ਟਿਕ ਗਿਆ ਤੇ ਕੁਟੀ ਪਾ ਕੇ ਰਹਿ ਪਿਆ ਤੇ ਉਹ ਅਸਥਾਨ ਯਾਤਰਾ ਦਾ ਅਸਥਾਨ ਬਣਿਆ। ਯੂ.ਪੀ ਵਿਚ ਨਾਨਕ ਪੰਥੀ ਲੋਕ ਕਈ ਜਗ੍ਹਾ ਹਨ। ਇਨ੍ਹਾਂ ਦਾ ਮੁੱਢ ਏਥੋਂ ਹੀ ਆਰੰਭ ਹੋਇਆ ਜਾਪਦਾ ਹੈ। ਮਗਰੋਂ ਇਹ ਥਾਂ ਉਦਾਸੀ ਸੰਤਾਂ ਦਾ ਟਿਕਾਣਾ ਬਣ ਗਿਆ। ਹੁਣ ਤਕ ਓਥੇ ਡੇਰਾ ਹੈ ਤੇ ਆਮ ਲੋਕੀਂ ਤੇ ਗੁਰ ਨਾਨਕ ਪੰਥੀ ਮਾਨਤਾ ਕਰਦੇ ਰਹੇ। ਪਰ ਜੋਗੀਆਂ ਦੀ ਖੁਣਸ ਦਿਲੋਂ ਨਾ ਮਿਟੀ। ਛੇਵੇਂ ਸਤਿਗੁਰਾਂ ਦੇ ਵੇਲੇ ਜੋਗੀਆਂ ਫੇਰ ਧਾਈ ਕੀਤੀ ਤੇ ਏਥੇ ਆਪਣੇ ਬਲ ਪਾਇਆ। ਸਾਧ, ਜੋ ਗੁਰੂ ਕੇ ਸਥਾਨ ਦੀ ਸੇਵਾ ਕਰਦਾ ਸੀ, ਇਕੱਲਾ ਸੀ, ਉਸ ਦੀ ਪੇਸ਼ ਕੋਈ ਜਾਵੇ ਨਾ। ਉਸ ਨੇ ਸਤਿਗੁਰ ਦੀ ਅਰਾਧਨਾ ਆਰੰਭ ਦਿਤੀ। ਐਸੀ ਲਿਵ ਲਾਈ ਕਿ ਛੇਵੇਂ ਸ੍ਰੀ ਸਤਿਗੁਰ ਜੀ ਨੂੰ ਖਿੱਚ ਪਈ। ਆਪ ਨੂੰ ਆਪਣੇ ਸੁਆਮੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਕੀਤੇ ਅਸਥਾਨ ਦੀ ਬੇ-ਹੁਰਮਤੀ ਕਿਸ ਤਰ੍ਹਾਂ ਭਾ ਸਕਦੀ ਸੀ। ਕਿੱਥੇ ਪੰਜਾਬ, ਕਿੱਥੇ ਪੀਲੀਭੀਤ, ਪੰਜ ਛੇ ਸੌ ਕੋਹ ਦਾ ਪੈਂਡਾ, ਪਰ ਆਪ ਟੁਰ ਪਏ। ਪੰਜਾਹ ਕੁ ਅਸਵਾਰ ਤੇ ਡੇਰਾ ਨਾਲ ਲੈ ਲਿਆ। ਮੰਜ਼ਲਾਂ ਕਰਦੇ ਟਿਕਾਣੇ ਆ ਪੁੱਜੇ।

ਜੋਗੀਆਂ ਨੂੰ ਪਤਾ ਲਗ ਗਿਆ ਸੀ ਕਿ ਛੇਵੇਂ ਗੁਰੂ ਸਾਹਿਬ ਆਪਣੇ ਆਦਿ ਗੁਰੂ ਸਾਹਿਬ ਦਾ ਨਿਸ਼ਾਨ ਮਿਟਦਾ ਦੇਖ ਕੇ ਆ ਗਏ ਹਨ ਤੇ ਉਹਨਾਂ ਦੇ ਅੱਗੇ ਪੇਸ਼ ਨਹੀਂ ਜਾਣੀ, ਸੋ ਉਨ੍ਹਾਂ ਨੇ ਉਥੋਂ ਕੂਚ ਦੀ ਠਾਣ ਲਈ, ਪਰ ਜਾਣ ਤੋਂ ਪਹਿਲਾਂ ਉਸ ਪਿੱਪਲ ਨੂੰ ਜਿਸ ਹੇਠ ਗੁਰੂ ਜੀ ਬੈਠੇ ਸੇ ਤੇ ਦੁਆਲੇ ਯਾਦਗਾਰ ਖੜ੍ਹੀ ਸੀ, ਛਾਪ ਰੱਖ ਕੇ, ਅੱਗ ਲਾ ਕੇ ਫੂਕ ਦਿਤਾ ਤੇ ਸਾਹਿਬਾਂ ਦੇ ਪੁੱਜਣ ਤੋਂ ਪਹਿਲਾਂ ਆਪ ਰਫੂ-ਚੱਕਰ ਹੋ ਗਏ।

ਸਤਿਗੁਰਾਂ ਨੇ ਪਹੁੰਚ ਕੇ ਓਥੇ ਜਾ ਡੇਰਾ ਪਾਇਆ, ਜੋ ਅਸਥਾਨ ਗੁਰੂ ਨਾਨਕ ਪੰਥੀ ਸਾਧ ਦਾ ਖੁੱਸ ਗਿਆ ਸੀ, ਸੋ ਉਸ ਨੂੰ ਮੁੜ ਕੇ ਉਸ ਤੇ ਕਾਬਜ਼ ਕਰਵਾ ਦਿਤਾ ਤੇ ਦੋ ਚਾਰ ਆਪਣੇ ਸੂਰਮੇ ਉਥੇ ਛੋੜ ਕੇ ਪੱਕਾ ਪ੍ਰਬੰਧ ਕਰ ਦਿਤਾ। ਮਗਰੋਂ ਜਦ ਬਾਬਾ ਸ੍ਰੀ ਚੰਦ ਜੀ ਦੇ ਮੰਗਣ ਪਰ ਗੁਰੂ ਜੀ ਨੇ ਉਹਨਾਂ ਨੂੰ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਦਿੱਤਾ ਤਾਂ ਉਹਨਾਂ ਨੇ ਉਦਾਸ ਮਾਰਗ ਨੂੰ ਚਾਰ ਚੰਨ ਲਾਏ। ਉਦਾਸ ਸੰਪਰਦਾ ਦੇ ਪ੍ਰਚਾਰ ਦੇ ਕੰਮ ਦਾ ਸਾਰਾ ਸਿਹਰਾ ਬਾਬਾ ਗੁਰਦਿੱਤਾ ਜੀ ਦੇ ਸਿਰ ਹੈ। ਚਾਰ ਧੂਣੀਆਂ ਅਰਥਾਤ ਚਾਰ ਵੱਡੇ ਪ੍ਰਚਾਰਕ ਅਥਵਾ ਮੋਢੀਵਾਲ ਆਪ ਨੇ ਹੀ ਪੈਦਾ ਕੀਤੇ, ਇਸ ਤਰ੍ਹਾਂ ਇਹ ਟਿਕਾਣਾ ਬੀ ਫੇਰ ਇਹਨਾਂ ਉਦਾਸੀਆਂ ਦੀ ਸਪੁਰਦੀ ਵਿਚ ਆਇਆ ਜੋ ਹੁਣ ਤਕ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਰਿਆ ਕੀਤਾ ਪਿੱਪਲ ਜਿਸ ਹੇਠ ਆਪ ਓਹਨੀਂ ਦਿਨੀਂ ਟਿਕੇ ਸਨ ਤੇ ਜਿਥੇ ਬੈਠ ਕੇ ਸੱਚ ਦੀ ਵਿਜੈ ਕਰਕੇ ਦਿਖਾਈ ਸੀ ਤੇ ਜਿੱਥੇ ਪਿੱਪਲ ਹਰਾ ਕੀਤਾ ਸੀ, ਉਹ ਨਿਸ਼ਾਨੀ ਮਿਟ ਜਾਣੀ ਸਾਹਿਬਾਂ ਨੂੰ ਨਾ ਸੁਖਾਈ। ਆਪ ਨੇ ਬਹੁਤ ਸਾਰਾ ਕੇਸਰ ਰਗੜਵਾ ਕੇ ਹੱਥ ਵਿਚ ਲੈ ਲਿਆ ਤੇ ਸੜੇ ਬ੍ਰਿਛ ਪਰ ਤ੍ਰੌਂਕਿਆਂ ਤੇ ਬਚਨ ਕੀਤਾ - ਸੱਚ ਦੇ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਸ਼ਾਨੀ! ਤੂੰ ਨਹੀਂ ਮਿਟਣਾ। ਸੁਰਜੀਤ ਹੋ ਜਾਹ, ਫੇਰ ਫੁੱਟ ਪਉ ਤੇ ਹਰੀ ਰਹੇ। ਤੈਂ ਪੁਰ ਕੇਸਰ ਤ੍ਰੌਂਕਿਆ ਹੈ, ਛੱਟੇ ਮਾਰੇ ਹਨ, ਤੇਰੇ ਪੱਤਿਆਂ ਤੇ ਚਿੱਟੇ ਦਾਗ ਹੋਇਆ ਕਰਨਗੇ, ਯਾਦ ਕਰਾਉਣ ਲਈ ਕਿ ਤੂੰ ਮੁੜ ਜੀਵਿਆ ਹੈਂ।

ਸੋ ਉਹ ਪਿੱਪਲ ਫੇਰ ਹਰਾ ਹੋ ਗਿਆ, ਉਸ ਦੇ ਪੱਤੇ ਪਵਿੱਤਰ ਯਾਦਗਾਰ ਜਾਣ ਕੇ ਯਾਤਰੂ ਲਿਆਉਂਦੇ ਹਨ ਤੇ ਚਿੱਟੇ ਨਿਸ਼ਾਨ ਇਹਨਾਂ ਪਰ ਹੁੰਦੇ ਹਨ ਇਸ ਤਰ੍ਹਾਂ ਗੁਰੂ ਬਾਬੇ ਦਾ ਨਿਸ਼ਾਨ ਕਾਇਮ ਕਰਕੇ ਸ੍ਰੀ ਗੁਰੂ ਜੀ ਫੇਰ ਵਾਪਸ ਆਏ।

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-46)*

**ਸਿਰੀਰਾਗੁ ਮਹਲਾ ੧ ਘਰੁ ੫**

**ਅਛਲ ਛਲਾਈ ਨਹ ਛਲੈ; ਨਹ ਘਾਉ ਕਟਾਰਾ ਕਰਿ ਸਕੈ।**

ਮਾਇਆ ਜੋ ਅਛਲ ਹੈ, ਇਹ ਕਿਸੇ ਦੇ ਛਲਿਆ ਨਹੀਂ ਛਲੀ ਜਾਂਦੀ ਅਤੇ ਇਸ ਦੇ ਕਟਾਰਾ=ਕਟਾਰ ਆਦਿ ਨਾਲ ਕੋਈ ਘਾਉ=ਜ਼ਖਮ ਨਹੀਂ ਕਰ ਸਕਦਾ ਅਥਵਾ ਜਿਹੜੇ ਅਛਲ ਕਹਾਉਂਦੇ ਹਨ, ਸੌਰਭ ਰਿਖੀ ਵਰਗੇ, ਉਨ੍ਹਾਂ ਨੂੰ ਵੀ ਇਸ ਨੇ ਛਲ ਲਿਆ ਹੈ।

**ਜਿਉ ਸਾਹਿਬੁ ਰਾਖੈ, ਤਿਉ ਰਹੈ;**
**ਇਸ ਲੋਭ ਕਾ ਜੀਉ ਟਲ ਪਲੈ॥**

ਨਹੀਂ, ਇਹ ਪਰਮੇਸ਼ਰ ਨੂੰ ਨਹੀਂ ਛਲ ਸਕਦੀ, ਕਿਉਂਕਿ ਇਹ ਤਾਂ ਉਸ ਪ੍ਰਭੂ ਦੇ ਅਧੀਨ ਹੈ। ਜਿਉਂ=ਜਿਵੇਂ ਸਾਹਿਬੁ=ਮਾਲਕ (ਪ੍ਰਭੂ) ਰਾਖੈ=ਰੱਖਦਾ ਹੈ, ਇਹ ਮਾਇਆ ਤਾਂ ਉਸ ਦੇ ਹੁਕਮ 'ਚ ਤਿਉ=ਤਿਵੇਂ ਹੀ ਆਗਿਆ ਵਿਚ ਰਹੈ=ਰਹਿੰਦੀ ਹੈ। ਇਹ ਤਾਂ ਲੋਭੀ ਜੀਵ ਹੈ ਜੋ ਇਸ ਮਾਇਆ ਦੇ ਅਧੀਨ ਹੈ। ਇਸ ਲੋਭੀ=ਲਾਲਚੀ ਜੀਵ ਦਾ ਜੀਉ=ਮਨ ਵਾਹਿਗੁਰੂ ਵਲੋਂ ਪਲੈ=ਪਲ ਪਲ ਹੀ ਟਲ=ਟਲਦਾ ਰਹਿੰਦਾ ਹੈ।

**ਬਿਨ ਤੇਲ; ਦੀਵਾ ਕਿਉ ਜਲੈ॥੧॥ਰਹਾਉ॥**

ਹੇ ਭਾਈ! ਪ੍ਰਤੱਖ ਹੈ ਕਿ ਤੇਲ ਤੇ ਬੱਤੀ ਤੋਂ ਬਿਨਾਂ ਦੀਵਾ ਕਿਵੇਂ ਜਲ ਸਕਦਾ ਹੈ? ਭਾਵ ਜਲ ਨਹੀਂ ਸਕਦਾ। ਇਸੇ ਤਰ੍ਹਾਂ ਗਿਆਨ ਰੂਪੀ ਦੀਵਾ ਵੀ ਤੇਲ ਬੱਤੀ ਤੋਂ ਬਗੈਰ ਕਿਉਂ=ਕਿਵੇਂ ਜਲੈ=ਪ੍ਰਕਾਸ਼ ਕਰ ਸਕਦਾ ਹੈ।

**ਪੋਥੀ ਪੁਰਾਣ; ਕਮਾਈਐ॥**

ਪੋਥੀ=ਧਾਰਮਿਕ ਗ੍ਰੰਥ, ਪੁਰਾਣਾਂ ਆਦਿਕਾਂ ਦੇ ਸਿਧਾਂਤ ਰੂਪ ਬਚਨਾਂ ਨੂੰ ਕਮਾਈਐ=ਕਮਾਉਣ ਰੂਪ ਤੇਲ ਪਾਉਣਾ ਕਰੇ।

**ਭਉ ਵਟੀ; ਇਤੁ ਤਨਿ ਪਾਈਐ॥**

ਪ੍ਰਭੂ ਦੀ ਭਉ=ਭੈ ਰੂਪੀ ਵੱਟੀ ਨੂੰ ਇਤੁ=ਇਸ ਤਨਿ=ਸੂਖਮ ਸਰੀਰ ਰੂਪੀ ਠੂਠੀ ਵਿਚ ਪਾਈਐ=ਪਾਉਣਾ ਕਰੋ, ਭਾਵ ਹਰ ਸਮੇਂ ਰੱਬ ਦੇ ਭੈ ਵਿਚ ਜੀਵ ਰਹੇ ਕਿ ਉਹ ਸਭ ਕੁਝ ਸਾਡੇ ਚੰਗੇ ਮਾੜੇ ਕਰਮਾਂ ਨੂੰ ਵੇਖਦਾ ਹੈ।

**ਸਚੁ ਬੂਝਣੁ; ਆਣਿ ਜਲਾਈਐ॥੨॥**

ਗੁਰੂ ਸਾਹਿਬ ਪਾਸੋਂ ਜੋ ਸਚੁ=ਸੱਚੇ ਪ੍ਰਭੂ ਬਾਰੇ ਬੂਝਣੁ=ਸਿੱਖਿਆ ਪ੍ਰਾਪਤ ਕਰਨੀ ਹੈ, ਉਹ ਆਣਿ=ਲਿਆ ਕੇ ਜਲਾਈਐ=ਅਗਨੀ ਪ੍ਰਜ੍ਵਲਿਤ ਭਾਵ ਬਾਲਨਾ ਕਰੀਏ। ਇਸ ਨਾਲ ਇਹ ਗਿਆਨ ਰੂਪੀ ਦੀਪਕ ਜਗ ਜਾਵੇਗਾ ਤੇ ਅੰਧਕਾਰ ਰੂਪੀ ਅਗਿਆਨ ਮਿਟ ਜਾਵੇਗਾ।

**ਇਹੁ ਤੇਲੁ; ਦੀਵਾ ਇਉ ਜਲੈ॥**

ਇਹੋ ਧਾਰਮਿਕ ਗ੍ਰੰਥ, ਪੁਰਾਣਾਂ ਆਦਿਕਾਂ ਦੇ ਸਿਧਾਂਤ ਰੂਪ ਬਚਨਾਂ ਨੂੰ ਕਮਾਉਣ ਰੂਪ ਤੇਲ ਤੇ ਭੈ ਰੂਪੀ ਬੱਤੀ ਦੁਆਰਾ ਇਉਂ=ਇਸ ਪ੍ਰਕਾਰ ਗਿਆਨ ਰੂਪੀ ਦੀਵਾ=ਦੀਪਕ ਜਲੈ=ਪ੍ਰਕਾਸ਼ਦਾ ਹੈ।

**ਕਰਿ ਚਾਨਣੁ; ਸਾਹਿਬ ਤਉ ਮਿਲੈ॥੧॥ ਰਹਾਉ॥**

ਹੇ ਭਾਈ! ਇਸ ਤਰ੍ਹਾਂ ਆਪਣੇ ਹਿਰਦੇ ਵਾ: ਅੰਤਹਕਰਣ 'ਚ ਗਿਆਨ ਰੂਪੀ ਦੀਵੇ ਦਾ ਚਾਨਣੁ=ਪ੍ਰਕਾਸ਼ ਕਰ ਤਉ=ਤਾਂ ਫਿਰ ਸਾਹਿਬ=ਮਾਲਕ ਮਿਲੇਗਾ। ਜੋ ਸਾਰਿਆਂ ਖੰਡਾਂ ਬ੍ਰਹਿਮੰਡਾਂ ਦਾ ਪ੍ਰਕਾਸ਼ ਰੂਪ ਅੰਦਰ ਹੀ ਨਿਵਾਸ ਕਰਦਾ ਹੈ।

**ਇਤੁ ਤਨਿ; ਲਾਗੈ ਬਾਣੀਆ॥**

ਹੇ ਭਾਈ! ਇਤੁ=ਇਸ ਤਨਿ=ਸਰੀਰ ਦਾ ਹਿਸਾਬ ਕਿਤਾਬ ਕਰਨ ਵਾਸਤੇ ਹਰ ਵਕਤ ਧਰਮਰਾਜ ਰੂਪੀ ਬਾਣੀਆਂ ਲਾਗੈ=ਲੱਗਿਆ ਹੋਇਆ ਹੈ।

**ਸੁਖੁ ਹੋਵੈ; ਸੇਵ ਕਮਾਣੀਆ॥**

ਤਾਂ ਗੁਰੂ ਦੀ ਸੇਵਾ ਕਮਾਉਣ ਤੋਂ ਸੁੱਖ ਪ੍ਰਾਪਤ ਹੁੰਦਾ ਹੈ, ਜਿਸ ਆਤਮਿਕ ਸੁੱਖ ਨੂੰ ਦੁਨੀਆਂ ਤਰਸਦੀ ਹੈ।

**ਸਭ ਦੁਨੀਆਂ; ਆਵਣ ਜਾਣੀਆ॥੩॥**

ਹੇ ਭਾਈ! ਇਹ ਦ੍ਰਿਸ਼ਟਮਾਨ ਸਭ=ਸਾਰੀ ਦੁਨੀਆਂ=ਸ੍ਰਿਸ਼ਟੀ ਆਵਣ=ਆਉਣ ਤੇ ਜਾਣੀਆ=ਜਾਣ ਵਾਲੀ ਭਾਵ ਜੰਮਣ ਮਰਨ ਵਾਲੀ ਹੈ।

**ਵਿਚਿ ਦੁਨੀਆ; ਸੇਵ ਕਮਾਈਐ॥**

ਜਿਤਨਾ ਚਿਰ ਦੁਨੀਆ=ਸ੍ਰਿਸ਼ਟੀ ਵਿਚਿ=ਅੰਦਰ ਸਰੀਰ ਕਰਕੇ ਰਹੀਏ ਉਤਨਾ ਚਿਰ ਗੁਰਾਂ, ਸਾਧਸੰਗਤ ਦੀ ਸੇਵ=ਟਹਿਲ ਕਮਾਈਐ=ਕਮਾਉਣਾ ਕਰੀਏ।

**ਤਾ ਦਰਗਹ; ਬੈਸਣੁ ਪਾਈਐ॥**

ਤਾਂ ਹੀ ਦਰਗਹ=ਸੱਚਖੰਡ ਵਿਚ ਬੈਸਣੁ=ਬੈਠਣ ਲਈ ਆਸਣ ਪਾਈਐ=ਪਾਈਦਾ ਹੈ ਵਾ: ਪ੍ਰਭੂ ਦੇ ਦਰ ਤੁਰੀਆ ਪਦ 'ਚ ਉਸ ਦੇ ਅਧਿਸ਼ਠਾਨ ਰੂਪੀ ਬੈਸੁਣ=ਨਿਵਾਸ ਨੂੰ ਪਾਈਦਾ ਹੈ।

**ਕਹੁ ਨਾਨਕ; ਬਾਹ ਲੁਡਾਈਐ**

ਸਤਿਗੁਰ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਤਾਂ ਫਿਰ ਬਾਂਹ=ਭੁਜਾ ਲੁਡਾਈਐ=ਫੈਲਾਅ ਕੇ ਚੱਲੀਦਾ ਹੈ ਭਾਵ ਬੇਫਿਕਰੀ ਨਾਲ ਚੱਲੀਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਬਿਰਤੀ ਰੂਪੀ ਬਾਂਹ ਲੁਡਾ ਕੇ ਬ੍ਰਹਮਾਕਾਰ ਬਿਰਤੀ ਬੇਫਿਕਰੀ ਨਾਲ ਆਤਮਿਕ ਅਨੰਦ 'ਚ ਵਿਚਰੀਦਾ ਹੈ

**ਸਿਰੀਰਾਗ ਮਹਲਾ ੩ ਘਰੁ ੧**
**ੴ ਸਤਿਗੁਰ ਪ੍ਰਸਾਦਿ**

**ਹਉ ਸਤਿਗੁਰੁ ਸੇਵੀ ਆਪਣਾ;**
**ਇਕ ਮਨਿ ਇਕ ਚਿਤਿ ਭਾਇ॥**

ਹੇ ਭਾਈ! ਹਉ=ਅਸੀਂ ਤਾਂ ਆਪਣੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਹੀ ਸੇਵੀ=ਸੇਵਦੇ ਹਾਂ ਭਾਵ ਉਨ੍ਹਾਂ ਦਾ ਹੀ ਭਜਨ ਕਰਦੇ ਹਾਂ ਤੇ ਇਕ ਮਨਿ=ਚਿਤ ਦੀ ਇਕਾਗਰਤਾ ਕਰਕੇ ਤੇ ਇਕ ਚਿਤਿ=ਇਕ ਦੇ ਚਿੰਤਨ ਵਾਲੇ ਹੋ ਕੇ ਭਾਇ=ਪ੍ਰੇਮ ਨਾਲ ਧਿਆਉਂਦੇ ਹਾਂ।

**ਸਤਿਗੁਰੁ ਮਨ ਕਾਮਨਾ ਤੀਰਥੁ ਹੈ; ਜਿਸਨੋ ਦੇਇ ਬੁਝਾਇ॥**

ਕਿਉਂਕਿ ਸਤਿਗੁਰੂ ਜੀ ਹੀ ਮਨ ਕਾਮਨਾ=ਮਨੀਕਰਣ ਤੀਰਥ ਹਨ ਵਾ: ਸਤਿਗੁਰੂ ਜੀ ਹੀ ਮਨ ਕਾਮਨਾ=ਮਨ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੇ ਤੀਰਥ ਹਨ। ਪਰ ਸਤਿਗੁਰਾਂ ਦੀ ਮਹਿਮਾ ਨੂੰ ਉਹੋ ਜਾਣਦਾ ਹੈ, ਜਿਸਨੋ=ਜਿਸ ਨੂੰ ਕ੍ਰਿਪਾ ਕਰਕੇ ਪ੍ਰਭੂ ਆਪ ਹੀ ਦੇਇ ਬੁਝਾਇ=ਸਮਝਾ ਦੇਵੇ।

**ਮਨ ਚਿੰਦਿਆ ਵਰੁ ਪਾਵਣਾ; ਜੋ ਇਛੈ ਸੋ ਫਲੁ ਪਾਇ॥**

ਸਤਿਗੁਰਾਂ ਪਾਸੋਂ ਮਨ ਚਿੰਦਿਆ=ਮਨ ਦੀ ਚਿਤਵਨੀ ਅਨੁਸਾਰ ਭਾਵ ਮਨ ਬਾਂਛਤ ਵਰੁ=ਵਰਦਾਨ ਪਾਵਣਾ=ਪਾਈਦਾ ਹੈ ਅਤੇ ਪ੍ਰੇਮੀ ਸਿੱਖ ਜਾਂ ਸੇਵਕ ਜੋ ਵੀ ਇੱਛਾ ਕਰਦੇ ਹਨ, ਸਤਿਗੁਰਾਂ ਪਾਸੋਂ ਸੋ=ਉਹੋ ਹੀ ਫਲੁ ਪਾਇ=ਪਾ ਲੈਂਦੇ ਹਨ, ਭਾਵ ਧਰਮ, ਅਰਥ, ਕਾਮ, ਮੋਖ ਆਦਿ ਦੀ ਪ੍ਰਾਪਤੀ ਕਰਦੇ ਹਨ।

**ਨਾਉ ਧਿਆਈਐ ਨਾਉ ਮੰਗੀਐ; ਨਾਮੇ ਸਹਜਿ ਸਮਾਇ॥੧॥**

ਹੇ ਭਾਈ! ਸਤਿਗੁਰੂ ਜੀ ਪਾਸੋਂ ਪ੍ਰਭੂ ਦਾ ਨਾਉ=ਨਾਮ ਹੀ ਮੰਗੀਏ ਤੇ ਫਿਰ ਉਸ ਨਾਮ ਨੂੰ ਹੀ ਧਿਆਈਐ=ਧਿਆਉਣਾ ਕਰੀਏ ਭਾਵ ਸ੍ਰਵਣ, ਮੰਨਣ, ਨਿਧਿਆਸਣ ਕਰੀਏ। ਜਿਸ ਨਾਮੇ=ਨਾਮ ਨੂੰ ਜਪਣ ਕਰਕੇ ਪ੍ਰਭੂ ਦੇ ਸਹਿਜ ਸਰੂਪ 'ਚ ਵਾ: ਸਹਜਿ=ਸੁਤੇ-ਸਿੱਧ ਹੀ ਗਿਆਨ ਸਰੂਪ 'ਚ ਸਮਾਇ=ਸਮਾਅ ਜਾਈਦਾ ਹੈ।

**ਮਨ ਮੇਰੇ, ਹਰਿ ਰਸੁ ਚਾਖੁ; ਤਿਖ ਜਾਇ॥**

ਆਪਣੇ ਮਨ ਨੂੰ ਇਵੇਂ ਸਮਝਾਈਏ ਕਿ ਹੇ ਮੇਰੇ ਮਨ! ਹਰਿ=ਪਰਮੇਸ਼ਰ ਦੇ ਨਾਲ ਰਸ ਵਾ: ਪ੍ਰੇਮ ਰਸ ਨੂੰ ਚਾਖੁ=ਚੱਖਣਾ ਕਰ, ਜਿਸ ਕਰਕੇ ਰਸਾਂ ਕਸਾਂ ਦੀ ਤਿਖ=ਤ੍ਰਿਸ਼ਨਾ ਚਲੀ ਜਾਇ=ਜਾਵੇਗੀ।

**ਜਿਨੀ ਗੁਰਮੁਖਿ ਚਾਖਿਆ; ਸਹਜੇ ਰਹੇ ਸਮਾਇ॥੧॥ਰਹਾਉ॥**

ਜਿਨ੍ਹਾਂ ਨੇ ਗੁਰਮੁਖਿ=ਮੁਖੀ ਗੁਰਾਂ ਦੁਆਰਾ ਅੰਮ੍ਰਿਤ ਰੂਪੀ ਨਾਮ ਰਸ ਨੂੰ ਚਾਖਿਆ=ਚੱਖਿਆ ਹੈ, ਉਹ ਸਹਜੇ=ਸੁਤੇ-ਸਿੱਧ ਹੀ ਵਾਹਿਗੁਰੂ 'ਚ ਸਮਾਇ=ਲੀਨ ਰਹੇ=ਰਹਿੰਦੇ ਹਨ, ਭਾਵ ਮਸਤ ਹੋ ਕੇ ਉਸ ਵਿਚ ਅਭੇਦ ਹੋ ਜਾਂਦੇ ਹਨ।

**ਜਿਨੀ ਸਤਿਗੁਰ ਸੇਵਿਆ; ਤਿਨੀ ਪਾਇਆ ਨਾਮੁ ਨਿਧਾਨੁ॥**

ਜਿਨੀ=ਜਿਨ੍ਹਾਂ ਨੇ ਸਤਿਗੁਰਾਂ ਦਾ, ਸੇਵਿਆ=ਸੇਵਨ ਪੂਜਨ ਕੀਤਾ ਹੈ, ਤਿਨੀ=ਉਨ੍ਹਾਂ ਨੇ ਸਤਿਗੁਰਾਂ ਪਾਸੋਂ ਨਾਮ ਦਾ ਨਿਧਾਂਨੁ=ਖਜ਼ਾਨਾ ਪਾਇਆ=ਪ੍ਰਾਪਤ ਕੀਤਾ ਹੈ।

**ਅੰਤਰਿ ਹਰਿ ਰਸ ਰਵਿ ਰਹਿਆ; ਚੂਕਾ ਮਨਿ ਅਭਿਮਾਨੁ॥**

ਉਨ੍ਹਾਂ ਦੇ ਹਿਰਦੇ ਅੰਤਰਿ=ਅੰਦਰ ਹਰਿ ਰਸੁ=ਹਰੀ ਦੇ ਰਸ ਦਾ ਅਨੰਦ ਜੋ ਰਵਿ ਰਹਿਆ=ਵਿਆਪ ਰਿਹਾ ਹੈ, ਤਿਸ ਕਾਰਨ ਉਨ੍ਹਾਂ ਦੇ ਮਨਿ=ਮਨਾਂ ਵਿਚੋਂ ਅਭਿਮਾਨੁ=ਹੰਕਾਰ ਚੂਕਾ=ਚੁੱਕਿਆ ਭਾਵ ਦੂਰ ਹੋ ਗਿਆ ਹੈ।

**ਹਿਰਦੈ ਕਮਲੁ ਪ੍ਰਗਾਸਿਆ; ਲਾਗਾ ਸਹਜਿ ਧਿਆਨੁ॥**

ਉਨ੍ਹਾਂ ਦੇ ਹਿਰਦੇ ਕਮਲ 'ਚ ਗਿਆਨ ਪ੍ਰਗਾਸਿਆ=ਪ੍ਰਕਾਸ਼ਮਾਨ ਹੋਇਆ ਹੈ ਅਤੇ ਪ੍ਰਭੂ ਦੇ ਸਰੂਪ 'ਚ ਉਨ੍ਹਾਂ ਦਾ ਸਹਜਿ=ਸੁਤੇ-ਸਿੱਧ ਹੀ ਧਿਆਨ ਲੱਗ ਗਿਆ ਹੈ।

**ਮਨੁ ਨਿਰਮਲੁ ਹਰਿ ਰਵਿ ਰਹਿਆ;**
**ਪਾਇਆ ਦਰਗਹਿ ਮਾਨੁ॥**

ਉਨ੍ਹਾਂ ਦਾ ਮਨੁ ਨਿਰਮਲੁ=ਮੈਲ ਤੋਂ ਰਹਿਤ ਭਾਵ ਸ਼ੁੱਧ ਹੋ ਗਿਆ ਹੈ ਤੇ ਉਨ੍ਹਾਂ ਨੇ ਪ੍ਰਭੂ ਨੂੰ ਰਵਿ ਰਹਿਆ=ਸਰਬ ਵਿਆਪਕ ਜਾਣਿਆ ਹੈ ਵਾ: ਹਰੀ ਨੂੰ ਹਰ ਵਕਤ ਉਚਾਰਦੇ ਰਹਿੰਦੇ ਹਨ ਤੇ ਦਰਗਾਹਿ=ਪਰਲੋਕ ਵਾ: ਸੱਚਖੰਡ 'ਚ ਉਨ੍ਹਾਂ ਨੇ ਮਾਨੁ=ਇੱਜ਼ਤ ਨੂੰ ਪਾਇਆ ਹੈ ਵਾ: ਜੋ ਦਰ=ਅੰਦਰ ਅੰਤਹਕਰਣ ਰੂਪੀ ਗਹਿ=ਜਗ੍ਹਾ ਹੈ, ਉਸ ਵਿਚ ਪਰਮੇਸ਼ਰ ਦੇ ਮਾਨੁ=ਮੰਨਣ ਗਿਆਨ ਨੂੰ ਪਾ ਲਿਆ ਹੈ।

**ਸਤਿਗੁਰੁ ਸੇਵਨਿ ਆਪਣਾ; ਤੇ ਵਿਰਲੇ ਸੰਸਾਰਿ॥**

ਜੋ ਆਪਣੇ ਸਤਿਗੁਰੂ ਜੀ ਨੂੰ ਸੇਵਦੇ ਤੇ ਉਹ ਪੁਰਸ਼ ਸੰਸਾਰਿ=ਜਗਤ ਵਿਚ ਵਿਰਲੇ=ਥੋੜ੍ਹੇ ਹੀ ਹਨ।

**ਹਉਮੈ ਮਮਤਾ ਮਾਰਿ ਕੈ; ਹਰਿ ਰਾਖਿਆ ਉਰ ਧਾਰਿ॥**

ਉਨ੍ਹਾਂ ਨੇ ਹਉਮੈ=ਦੇਹ ਦੀ ਹੰਗਤਾ ਤੇ ਪਦਾਰਥਾਂ ਦੀ ਮਮਤਾ=ਮੋਹ ਨੂੰ ਮਾਰਿ ਕੈ=ਨਾਸ਼ ਕਰਕੇ ਹਰਿ=ਪ੍ਰਭੂ ਨੂੰ

*(ਬਾਕੀ ਪੰਨਾ 50 'ਤੇ)*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-54)*

ਜਦੋਂ ਤੁਸੀਂ ਆਪਣੇ ਆਪ ਨੂੰ ਸਮਝਣਾ ਸ਼ੁਰੂ ਕਰਦੇ ਹੋ, ਜਦੋਂ ਤੁਸੀਂ ਆਪਣੇ ਆਪ ਨੂੰ ਸਰੀਰ ਤੋਂ ਵੱਖ ਕਰ ਲੈਂਦੇ ਹੋ, ਇੰਦਰੀਆਂ ਤੋਂ ਵੱਖ, ਮਨ ਤੋਂ ਵੱਖ ਕਰ ਲੈਂਦੇ ਹੋ, ਫੇਰ ਤੁਹਾਨੂੰ ਪਤਾ ਲਗਦਾ ਹੈ ਕਿ ਤੁਹਾਡਾ ਆਪਾ, ਸਵੈ ਇਕ ਅੰਦਰ ਦੀ ਲਹਿਰ ਹੈ, ਤੁਹਾਡਾ ਸਵੈ, ਸਦੀਵਤਾ ਦਾ, ਅਮਰਤਾ ਦਾ, ਬੱਚਾ ਹੈ। ਜਿਹੜਾ ਤੁਹਾਡੇ ਲਈ ਸਮੱਸਿਆ ਖੜ੍ਹੀ ਕਰਦਾ ਹੈ ਉਹ ਹੈ ਤੁਹਾਡਾ ਮਨ, ਕਿਉਂਕਿ ਤੁਸੀਂ ਹਰ ਸਮੇਂ ਆਪਣੇ ਆਪ ਨੂੰ ਵਿਚਾਰਾਂ ਨਾਲ ਜੋੜਦੇ ਰਹਿੰਦੇ ਹੋ। ਨਾ ਤੁਸੀਂ ਜਾਣਦੇ ਹੋ, ਨਾ ਤੁਸੀਂ ਸੋਚਦੇ ਹੋ ਕਿ ਇਸ ਤੋਂ ਅੱਗੇ ਵੀ ਕੁਝ ਹੋ ਸਕਦਾ ਹੈ। ਕੁਝ ਡੂੰਘਾ, ਕੁਛ ਉਚੇਰਾ, ਕੁਛ ਸ਼ਕਤੀਸ਼ਾਲ ਸੋਚ ਤੋਂ ਅੱਗੇ ਵੀ ਕੁਛ ਹੈ। ਮਿਸਾਲ ਵਜੋਂ ਤੁਸੀਂ ਸੋਚਦੇ ਹੋ, ਮੇਰੇ ਪਤੀ ਨੇ ਕਿਹਾ ਕਿ ਮੈਂ ਚੰਗੀ ਨਹੀਂ। ਸੋ ਮੈਂ ਚੰਗੀ ਨਹੀਂ, ਮੈਂ ਮਾੜੀ ਹਾਂ, ਮੇਰਾ ਪੁੱਤਰ ਵੀ ਕਹਿੰਦਾ ਹੈ ਕਿ ਮੈਂ ਚੰਗੀ ਨਹੀਂ, ਮੈਂ ਬੁਰੀ ਹਾਂ, ਮੈਂ ਮਾੜੀ ਹਾਂ। ਤੁਸੀਂ ਇਹ ਸਾਰੀਆਂ ਗੱਲਾਂ ਬਾਹਰ ਦੀਆਂ ਮੰਨ ਲਈਆਂ, ਪਰ ਤੁਸੀਂ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ, ਤੁਸੀਂ ਆਪਣੇ ਅੰਦਰ ਨਹੀਂ ਦੇਖਿਆ, ਆਪਣੇ ਅੰਦਰ ਝਾਤੀ ਨਹੀਂ ਮਾਰੀ, ਤੁਸੀਂ ਆਪਣੇ ਆਪ ਨੂੰ ਕਸੂਰਵਾਰ ਸਮਝ ਰਹੇ ਹੋ, ਤੁਸੀਂ ਦੁਖੀ ਹੋ। ਇਹ ਸਾਰਿਆਂ ਨਾਲ ਹੁੰਦਾ ਹੈ। ਤੁਹਾਨੂੰ ਕਿਸੇ ਵਕਤ ਬੈਠ ਕੇ ਸੋਚਣਾ ਚਾਹੀਦਾ ਹੈ, ਇਹ ਸਾਰੀਆਂ ਗੱਲਾਂ ਰੱਬ 'ਤੇ ਨਾ ਸੁੱਟੋ। ਮੈਨੂੰ ਰੱਬ ਨੇ ਇਸ ਤਰ੍ਹਾਂ ਬਣਾਇਆ ਹੈ। ਸੋ ਮੈਂ ਇਸ ਤਰ੍ਹਾਂ ਹੀ ਹਾਂ। ਰੱਬ ਨੇ ਤੁਹਾਨੂੰ ਸੋਹਣਾ ਬਣਾਇਆ ਹੈ, ਤੁਸੀਂ ਆਪਣੇ ਆਪ ਨੂੰ ਦੁਖੀ ਬਣਾ ਲਿਆ ਹੈ। ਤੁਹਾਡੇ ਕੋਲ ਐਨੀ ਸ਼ਕਤੀ ਹੈ ਕਿ ਤੁਸੀਂ ਆਪਣੇ ਆਪ ਨੂੰ ਖੁਸ਼ ਕਰ ਸਕਦੇ ਹੋ। ਖੁਸ਼ੀ, ਦੁਖੀ ਹੋਣਾ ਤੁਹਾਡੇ ਆਪਣੇ ਹੱਥ ਹੈ। ਤੁਸੀਂ ਇਸ ਗੱਲ ਨੂੰ ਸਮਝ ਕੇ ਆਪਣੀ ਸਖਸ਼ੀਅਤ ਨੂੰ ਬਦਲ ਸਕਦੇ ਹੋ।

## ਸਰੀਰ, ਇੰਦਰੀਆਂ ਤੇ ਮਨ ਤੋਂ ਪਰ੍ਹੇ

ਤੁਸੀਂ ਆਪਣੇ ਵਿਅਕਤੀਤਿਤ ਕਿਸ ਤਰ੍ਹਾਂ ਬਦਲ ਸਕਦੇ ਹੋ? ਉਸ ਲਈ ਤੁਸੀਂ ਆਪਣੇ ਅੰਦਰ ਦੇ ਸਤਿ ਤੋਂ ਚੇਤਨ ਰਹੋ। ਉਹ ਸਤਿ ਜਿਹੜਾ ਨਾ ਤਾਂ ਸਰੀਰ ਹੈ, ਨਾ ਇੰਦਰੀਆਂ ਹਨ, ਨਾ ਸੁਆਸ ਹੈ, ਨਾ ਹੀ ਮਨ ਹੈ। ਸਤਿ ਇਨ੍ਹਾਂ ਸਭ ਤੋਂ ਪਰ੍ਹੇ ਹੈ। ਉਹ ਜੋਤ, ਉਹ ਚਾਨਣ, ਉਹ ਜੀਵਨ ਆਪਣੇ ਆਪ ਨੂੰ ਇਹ ਯਾਦ ਕਰਾਓ ਕਿ ਮੈਂ ਸਰੀਰ ਨਹੀਂ ਹਾਂ, ਮੈਂ ਇੰਦਰੀਆਂ ਨਹੀਂ ਹਾਂ, ਮੈਂ ਮਨ ਨਹੀਂ ਹਾਂ। ਸੋ ਮੇਰੇ ਲਈ ਸਮੱਸਿਆ ਕੌਣ ਪੈਦਾ ਕਰ ਰਿਹਾ ਹੈ? ਇਹ ਸਰੀਰ, ਇਹ ਇੰਦਰੀਆਂ, ਇਹ ਵਿਚਾਰ, ਇਨ੍ਹਾਂ ਦੀ ਕੋਈ ਸ਼ਕਤੀ ਨਹੀਂ ਹੈ ਕਿ ਮੇਰੇ ਲਈ ਸਮੱਸਿਆ ਪੈਦਾ ਕਰਨ, ਮੈਂ ਕਿਉਂ ਦੁਖੀ ਹਾਂ, ਮੈਂ ਦੁਖੀ ਹਾਂ ਕਿਉਂਕਿ ਮੈਂ ਸਰੀਰ ਨਾਲ ਜੁੜਿਆ ਹੋਇਆ ਹਾਂ। ਇੰਦਰੀਆਂ ਨਾਲ ਜੁੜਿਆ ਹੋਇਆ ਹਾਂ, ਮਨ ਨਾਲ ਜੁੜਿਆ ਹੋਇਆ ਹਾਂ। ਇਹ ਸਭ ਠੀਕ ਹੈ ਇਨ੍ਹਾਂ ਨੂੰ ਵਰਤੋ, ਮਾਣੋ ਪਰ ਜਦੋਂ ਮੈਂ ਇਨ੍ਹਾਂ ਨਾਲ ਜੁੜ ਜਾਂਦਾ ਹਾਂ। ਆਪਣੇ ਆਪ ਨੂੰ ਇਨ੍ਹਾਂ ਨਾਲ ਅਭੇਦ ਕਰ ਲੈਂਦਾ ਹਾਂ, ਮੈਂ ਦੁਖੀ ਹੋ ਜਾਂਦਾ ਹਾਂ। ਦੁਖ ਉਦੋਂ ਹੁੰਦਾ ਹੈ ਜਦੋਂ ਤੁਹਾਡੇ ਕੋਲ ਕੁਛ ਹੈ ਪਰ ਤੁਸੀਂ ਉਸ ਦੀ ਵਰਤੋਂ ਨਹੀਂ ਜਾਣਦੇ। ਜੇ ਤੁਸੀਂ ਇਸ ਤੋਂ ਚੇਤਨ ਹੋ ਜਾਓ, ਤੁਸੀਂ ਸਮਝ ਜਾਓਗੇ ਕਿ ਤੁਹਾਡੇ ਕੋਲ ਉਹ ਸਭ ਕੁਝ ਹੈ ਜੋ ਤੁਹਾਨੂੰ ਚਾਹੀਦਾ ਹੈ। ਲੋੜ ਹੈ ਇਹ ਸਿੱਖਣ ਦੀ, ਉਨ੍ਹਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ?

ਸੋ ਜਿਹੜੇ ਵੀ ਤੁਹਾਡੇ ਕੋਲ ਸਾਧਨ ਹਨ, ਤੁਹਾਨੂੰ ਉਨ੍ਹਾਂ ਦੀ ਵਰਤੋਂ ਆਉਣੀ ਚਾਹੀਦੀ ਹੈ। ਤੁਹਾਨੂੰ ਹਰ ਸਮੇਂ ਸਤਿ ਲਈ ਚੇਤਨ ਰਹਿਣਾ ਚਾਹੀਦਾ ਹੈ। ਇਹ ਸੋਚਣਾ ਚਾਹੀਦਾ ਹੈ, ਮੈਂ ਸਰੀਰ ਤੋਂ ਪਰ੍ਹੇ ਹਾਂ, ਇੰਦਰੀਆਂ ਤੋਂ ਪਰ੍ਹੇ ਹਾਂ, ਮਨ ਤੋਂ ਪਰ੍ਹੇ ਹਾਂ, ਮੈਨੂੰ ਕੌਣ ਦੁਖ ਪਹੁੰਚਾ ਸਕਦਾ ਹੈ? ਜੇਕਰ ਤੁਸੀਂ ਕਹੋ ਕਿ ਪ੍ਰਮਾਤਮਾ, ਤਾਂ ਪ੍ਰਮਾਤਮਾ ਨੂੰ ਤਾਂ ਤੁਹਾਡੇ ਨਾਲੋਂ ਵੱਧ ਦੁਖੀ ਹੋਣਾ ਚਾਹੀਦਾ ਹੈ ਕਿਉਂਕਿ ਉਸ ਤਰ੍ਹਾਂ ਤਾਂ ਸਾਰਾ ਸੰਸਾਰ ਹੀ ਦੁਖਾਂ ਦਾ ਰਚਿਆ ਹੈ। ਜੇ ਤੁਸੀਂ ਇਹ ਕਹਿੰਦੇ ਹੋ ਕਿ ਪ੍ਰਮਾਤਮਾ ਨੇ ਇਹ ਦੁਖ, ਸੰਤਾਪ ਦਾ ਸੰਸਾਰ ਰਚਿਆ ਹੈ ਤਾਂ ਪ੍ਰਮਾਤਮਾ ਨੂੰ ਮੰਨਣ ਦੀ, ਵਿਸ਼ਵਾਸ਼ ਰੱਖਣ ਦੀ ਕੋਈ ਲੋੜ ਹੀ ਨਹੀਂ। ਪਰ ਸਤਿ ਤਾਂ ਇਹ ਹੈ ਕਿ ਪ੍ਰਮਾਤਮਾ ਨੇ ਦੁੱਖ ਸੰਤਾਪ ਦੀ ਦੁਨੀਆਂ ਨਹੀਂ ਰਚੀ, ਦੁਖ ਸੰਤਾਪ ਤਾਂ ਅਸੀਂ ਆਪਣੇ ਆਪ ਲਈ ਬਣਾ ਲਿਆ ਹੈ। ਅਸੀਂ ਹੀ ਇਸ ਨੂੰ ਹਟਾ ਸਕਦੇ ਹਾਂ, ਖੁਸ਼ ਹੋ ਸਕਦੇ ਹਾਂ। ਸਭ ਤੋਂ ਮਹੱਤਵਪੂਰਣ ਗੱਲ

ਹੈ ਸਤਿ ਨਾਲ ਜੁੜੇ ਰਹੋ। ਸਤਿ ਪ੍ਰਤੀ ਸਤ੍ਰਕ ਰਹੋ ਕਿਉਂਕਿ ਸਤਿ ਸਰੀਰ, ਇੰਦਰੀਆਂ ਮਨ ਤੋਂ ਪਰ੍ਹੇ ਹੈ। ਜਦੋਂ ਤੁਸੀਂ ਆਪਣਾ ਕੰਮ ਕਰਦੇ ਹੋ, ਕਾਰਜ ਕਰਦੇ ਹੋ, ਇਹ ਸੋਚ ਕੇ ਕਰੋ ਕਿ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਇਕ ਸਾਧਨ ਹਨ, ਇਨ੍ਹਾਂ ਨੂੰ ਸਾਧਨ ਕਰਕੇ ਹੀ ਵਰਤੋ, ਮਾਣੋ ਪਰ ਇਹ ਜਾਣੋ ਕਿ ਇਹ ਤੁਹਾਡੀਆਂ ਨਹੀਂ ਹਨ, ਇਸ ਤਰ੍ਹਾਂ ਕਰਕੇ ਤੁਸੀਂ ਖੁਸ਼ ਰਹੋਗੇ, ਖੁਸ਼ੀ ਕੋਈ ਐਸੀ ਚੀਜ਼ ਨਹੀਂ ਜਿਹੜੀ ਅਸੀਂ ਪ੍ਰਾਪਤ ਨਹੀਂ ਕਰ ਸਕਦੇ, ਖੁਸ਼ੀ ਸਾਡਾ ਅਧਿਕਾਰ ਹੈ, ਸਾਡਾ ਜਨਮ ਸਿੱਧ ਅਧਿਕਾਰ ਹੈ। ਅਸੀਂ ਉਸੇ ਲਈ ਕੰਮ ਕਰ ਰਹੇ ਹਾਂ, ਖੁਸ਼ੀ ਲਈ ਹੀ ਜੀਉਂਦੇ ਹਾਂ, ਉਸੇ ਦੀ ਆਸ ਵਿਚ ਜੀਉਂਦੇ ਰਹਾਂਗੇ।

ਤੁਸੀਂ ਦੂਸਰੇ ਸੰਸਾਰ ਦੀ ਗੱਲ ਕਰਦੇ ਹੋ, ਦੂਸਰੀਆਂ ਸੀਮਾਵਾਂ ਦੀ ਗੱਲ ਕਰਦੇ ਹੋ, ਅਣਜਾਣੀਆਂ ਚੀਜ਼ਾਂ ਦੀ ਗੱਲ ਕਰਦੇ ਹੋ। ਉਨ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਜੋ ਕੁਝ ਹੈ ਉਸ ਨੂੰ ਸਮਝੋ, ਜਾਣੋ। ਤੁਸੀਂ ਸੰਸਾਰ ਦੀਆਂ ਚੀਜ਼ਾਂ ਨਾਲ ਸੰਤੁਸ਼ਟ ਨਹੀਂ ਹੋ। ਸੰਸਾਰ ਦਾ ਇਹ ਹੀ ਤਰੀਕਾ ਹੈ ਕਿ ਇਥੇ ਕੁਝ ਵੀ ਅਟੱਲ ਨਹੀਂ, ਸਦੈਵੀ ਨਹੀਂ। ਇਥੇ ਸਭ ਕੁਝ ਬਦਲਦਾ ਹੈ, ਸਭ ਕੁਝ ਢਲਦਾ ਹੈ, ਖਤਮ ਹੁੰਦਾ ਹੈ। ਇਸ ਗੱਲ ਨੂੰ ਮੰਨ ਕੇ ਚੱਲੋ। ਇਸ ਗੱਲ ਨੂੰ ਮੰਨ ਕੇ ਸੰਸਾਰ ਵਿਚ ਰਹੋ, ਜੋ ਨਹੀਂ ਜਾਣਦੇ ਉਸ ਦੀ ਗੱਲ ਨਾ ਕਰੋ। ਇਹ ਨਾ ਸੋਚੋ ਕਿ ਕੋਈ ਅਣਜਾਣਿਆ ਆ ਕੇ ਤੁਹਾਨੂੰ ਜਾਗ੍ਰਤ ਕਰੇਗਾ। ਇਹ ਆਸ ਨਾ ਰੱਖੋ ਕਿ ਕੋਈ ਅਣਜਾਣਿਆ ਆ ਕੇ ਤੁਹਾਨੂੰ ਖੁਸ਼ੀਆਂ ਬਖਸ਼ੇਗਾ, ਆਪਣੇ ਆਪ ਨੂੰ ਖੁਸ਼ ਕਰੋ, ਆਪਣੇ ਅੰਤਰ ਨੂੰ ਜਾਣੋ, ਅੰਦਰ ਦੀ ਰੋਸ਼ਨੀ, ਆਤਮਾ ਨੂੰ ਪਛਾਣੋ।

ਜਿਹੜਾ ਪ੍ਰਮਾਤਮਾ ਹੈ, ਸਰਬ ਵਿਆਪਕ ਹੈ, ਸਰਬੱਗ ਹੈ, ਸਰਬ ਸਮਰੱਥ ਹੈ। ਜੇਕਰ ਉਹ ਤੁਹਾਡੇ ਅੰਦਰ ਨਹੀਂ, ਫੇਰ ਉਹ ਪ੍ਰਮਾਤਮਾ ਨਹੀਂ ਹੈ। ਜੇਕਰ ਉਹ ਸਰਬੱਗ ਹੈ, ਸਰਬ ਗਿਆਤਾ ਹੈ, ਇਸ ਤੋਂ ਭਾਵ ਹੈ ਪ੍ਰਮਾਤਮਾ ਦਾ ਗਿਆਨ ਤੁਹਾਡੇ ਅੰਦਰ ਹੈ। ਜੇਕਰ ਉਹ ਸਰਬ ਸਮਰੱਥ ਹੈ ਫੇਰ ਉਹ ਪੂਰੀ ਸ਼ੋਭਾ ਨਾਲ, ਸ਼ਾਨ ਨਾਲ ਤੁਹਾਡੇ ਅੰਦਰ ਹੈ। ਜਿਸ ਨੂੰ ਪ੍ਰਮਾਤਮਾ ਕਹਿੰਦੇ ਹੋ, ਰੱਬ ਕਹਿੰਦੇ ਹੋ, ਉਹ ਪੂਰੀ ਸ਼ਾਨ ਨਾਲ ਤੁਹਾਡੇ ਅੰਦਰ ਹੈ। ਤੁਸੀਂ ਉਸ ਬਾਰੇ ਨਹੀਂ ਜਾਣਦੇ ਕਿਉਂਕਿ ਤੁਸੀਂ ਤਾਂ ਸਰੀਰ ਵਿਚ ਹੀ ਉਲਝੇ ਪਏ ਹੋ ਜਿਹੜੀ ਕਿ ਨਾਸ਼ਵਰ ਹੈ। ਪਰ ਉਹ ਵੀ ਕੁਝ ਹੈ ਜਿਹੜਾ ਅਜਰ ਹੈ, ਅਮਰ ਹੈ, ਸਰੀਰ, ਮਨ, ਇੰਦ੍ਰੀਆਂ ਤੋਂ ਪਰ੍ਹੇ ਹੈ, ਉਹ ਚਾਨਣ ਹੈ, ਇਕ ਜਲਦੀ ਲਾਟ ਹੈ, ਅਨੰਤ ਹੈ, ਤੁਹਾਡੇ ਅੰਦਰ ਹੈ, ਅਜਰ ਹੈ, ਅਮਰ ਹੈ ਉਹ ਹੀ ਪ੍ਰਮਾਤਮਾ ਹੈ, ਉਹ ਤੁਹਾਡੇ ਅੰਦਰ ਹੈ।

ਯਾਦ ਰੱਖੋ ਤੁਸੀਂ ਐਨੇ ਦੁਖੀ ਨਹੀਂ ਹੋ, ਐਨੇ ਸੰਤਾਪ ਵਿਚ ਨਹੀਂ ਹੋ ਜਿੰਨਾਂ ਤੁਸੀਂ ਆਪਣੇ ਆਪ ਨੂੰ ਸਮਝਦੇ ਹੋ। ਤੁਸੀਂ ਰੱਬ ਹੋ। ਇਸ ਸਤਿ ਨੂੰ ਹਰ ਸਮੇਂ ਅੰਦਰ ਵਸਾਓ, ਇਹ ਜਾਣ ਲੈਣ ਨਾਲ ਤੁਸੀਂ ਮੋਹ ਤੋਂ ਬਚੇ ਰਹੋਗੇ। ਇਹ ਜਾਨਣ ਨਾਲ ਤੁਸੀਂ ਸਰੀਰ, ਮਨ ਤੇ ਇੰਦਰੀਆਂ ਦੀ ਪਕੜ ਤੋਂ ਦੂਰ ਰਹੋਗੇ। ਆਪਣੇ ਆਪ ਨੂੰ ਯਾਦ ਕਰਾਉਂਦੇ ਰਹੋ ਕਿ ਸਰੀਰ, ਮਨ, ਇੰਦਰੀਆਂ ਮੇਰੀਆਂ ਹਨ, ਉਹ ਮੈਂ ਨਹੀਂ। ਮੈਂ ਉਹ ਅੰਤਰ ਜੋਤ ਹਾਂ ਜਿਹੜੀ ਨਾਸ਼ਵਾਨ ਨਹੀਂ, ਜਿਹੜੀ ਅਜਰ ਅਮਰ ਹੈ, ਇਹ ਗਿਆਨ ਸਦਾ ਹੀ ਤੁਹਾਡੇ ਅੰਦਰ ਵਸਦਾ ਰਹਿਣਾ ਚਾਹੀਦਾ ਹੈ।

ਸੋ ਤੁਸੀਂ ਕਿਸ ਤਰ੍ਹਾਂ ਸੰਸਾਰ ਵਿਚ ਰਹਿੰਦੇ ਹੋ ਤੁਹਾਡਾ ਅੰਤਰ ਕਿਵੇਂ ਸ਼ਾਂਤ ਰਹਿੰਦਾ ਹੈ। ਤੁਸੀਂ ਕਿਵੇਂ ਖੁਸ਼ ਰਹਿੰਦੇ ਹੋ? ਉਸ ਲਈ ਤੁਸੀਂ ਬਾਹਰੀ ਸੰਸਾਰ ਤੇ ਅੰਤਰ ਸੰਸਾਰ ਵਿਚ ਸੇਤੂ ਬਣਾਓ, ਸਦਾ ਆਪਣੇ ਅੰਤਰ ਦੇ ਸਤਿ ਨਾਲ ਜੁੜੇ ਰਹਿ ਕੇ ਆਪਣੀ ਸੋਚ, ਕਥਨੀ, ਕਰਨੀ ਕਰਦੇ ਰਹੋ।

**ਸੰਵੇਗਾਂ (ਭਾਵਨਾਵਾਂ) ਦੀ ਸਕਾਰਤਮਕ ਵਰਤੋਂ –** ਅੱਜ ਤਕ ਮਾਨਵਤਾ ਨੇ ਤਿੰਨ ਪੱਧਰਾਂ ਤੇ ਸਮਝਿਆ ਹੈ, ਸ਼ਕਤੀ, ਮਨ ਤੇ ਭੌਤਿਕ ਤੱਤ ਕਾਰਕ ਇਨ੍ਹਾਂ ਤਿੰਨਾਂ ਤੇ ਹੀ ਵੱਧ ਤੋਂ ਵੱਧ ਖੋਜ ਹੋਈ ਹੈ, ਭਾਵਾਂ ਦੀ ਸ਼ਕਤੀ ਤੇ ਬਹੁਤ ਹੀ ਘੱਟ ਕੰਮ ਹੋਇਆ ਹੈ। ਭਾਵ ਕੀ ਹਨ ਸੰਵੇਗ ਕੀ ਹਨ? ਕਿਥੋਂ ਉਤਪੰਨ ਹੁੰਦੇ ਹਨ? ਸਾਨੂੰ ਹਰ ਸਮੇਂ ਸੰਸਾਰ ਤੋਂ ਸੰਵੇਦਨਾ ਮਿਲਦੀ ਰਹਿੰਦੀ ਹੈ, ਇਹ ਸੰਵੇਦਨਾ ਬਿਲਕੁਲ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਪਾਣੀ ਵਿਚ ਕੋਈ ਵੱਟਾ ਸੁੱਟਿਆ ਜਾਂਦਾ ਹੈ। ਇਹ ਮਨ ਵਿਚ ਸੁੱਟੇ ਵੱਟੇ ਹਨ। ਇਹ ਸਾਰੇ ਸੁਨੇਹੇ ਸਾਡੀਆਂ ਅੱਖਾਂ ਰਾਹੀਂ ਦਿਮਾਗ ਵਿਚ ਜਾਂਦੇ ਹਨ, ਫੇਰ ਚੇਤਨ ਮਨ ਵਿਚ, ਅੰਤ, ਅਚੇਤ ਮਨ ਵਿਚ, ਜਾ ਕੇ ਟਿਕ ਜਾਂਦੇ ਹਨ, ਯਾਦਦਾਸ਼ਤ ਵਿਚ ਚਲੇ ਜਾਂਦੇ ਹਨ ਤੇ ਮਨ ਦੀ ਸਤਾ ਤੇ ਜਾ ਕੇ ਬੈਠ ਜਾਂਦੇ ਹਨ। ਜਦੋਂ ਅਸੀਂ ਚਾਹੀਏ ਅਸੀਂ ਯਾਦ ਕਰ ਸਕਦੇ ਹਾਂ। ਇਹ ਸਭ ਇਸੇ ਤਰ੍ਹਾਂ ਚਲਦਾ ਰਹਿੰਦਾ ਹੈ, ਇਸੇ ਤਰ੍ਹਾਂ ਅਸੀਂ ਯਾਦ ਕਰਦੇ ਹਾਂ। ਸਾਡੀ ਸਿਖਿਆ ਸਾਡੇ ਅੰਦਰ ਦੇ, ਉਤਮ ਕੋਮਲ ਪਾਸਿਆਂ ਨੂੰ ਨਹੀਂ ਛੂਹ ਸਕੀ। ਸੋ ਸਾਨੂੰ ਆਪਣੇ ਆਪ ਨੂੰ ਹੀ ਸਿਖਾਉਣਾ ਪੈਂਦਾ ਹੈ, ਠੀਕ ਪੜ੍ਹਾਈ ਸਾਨੂੰ ਉਦੋਂ ਹੀ ਆਉਂਦੀ ਹੈ ਜਦੋਂ ਅਸੀਂ ਸਕੂਲਾਂ, ਕਾਲਜਾਂ ਦੀ ਪੜ੍ਹਾਈ ਪੂਰੀ ਕਰ ਚੁਕਦੇ ਹਾਂ, ਜਿਹੜੀ ਕਿ ਸੰਸਾਰ ਵਿਚ ਵਿਚਰਨ ਲਈ ਅਵੱਸ਼ਕ ਹੈ, ਪਰ ਅੰਤਰ ਦੀਆਂ ਅਵਸਥਾ ਲਈ ਕੋਈ ਜ਼ਰੂਰੀ ਨਹੀਂ।

'ਚਲਦਾ......।'

(ਪੰਨਾ 47 ਦੀ ਬਾਕੀ)

ਉਰ ਧਾਰਿ=ਹਿਰਦੇ 'ਚ ਧਾਰਨ ਕਰਕੇ ਰੱਖਿਆ ਹੈ।

**ਹਉ ਤਿਨ ਕੈ ਬਲਿਹਾਰਣੈ; ਜਿਨਾ ਨਾਮੇ ਲਗਾ ਪਿਆਰੁ॥**

ਹਉ=ਮੈਂ ਭਾਵ ਅਸੀਂ ਤਿਨ=ਉਨ੍ਹਾਂ ਪ੍ਰੇਮੀਆਂ ਕੈ=ਦੇ ਉਪਰੋ ਬਲਿਹਾਰੈ=ਕੁਰਬਾਨ ਜਾਂਦੇ ਹਾਂ, ਜਿਨ੍ਹਾਂ ਦਾ ਹਰਿ ਨਾਮ 'ਚ ਪਿਆਰੁ=ਸਨੇਹ ਲਗਾ=ਲੱਗਿਆ ਹੋਇਆ ਹੈ।

**ਸੇਈ ਸੁਖੀਏ ਚਹੁ ਜੁਗੀ; ਜਿਨਾ ਨਾਮੁ ਅਖੁਟੁ ਅਪਾਰੁ॥੩॥**

ਸੇਈ=ਉਹ ਚਹੁ ਜੁਗੀ=ਚਾਰੇ ਜੁਗਾਂ ਵਾਲੇ ਸੰਸਾਰ 'ਚ ਸੁਖੀਏ=ਸੁਖੀ ਹਨ, ਜਿਨ੍ਹਾਂ ਨੂੰ ਪ੍ਰਭੂ ਦੇ ਨਾਮ ਦਾ ਅਪਾਰੁ=ਬੇਅੰਤ ਤੇ ਅਖੁਟੁ=ਨਾ ਮੁੱਕਣ ਵਾਲਾ ਖਜ਼ਾਨਾ ਪ੍ਰਾਪਤ ਹੋਇਆ ਹੈ।

**ਗੁਰ ਮਿਲਿਐ ਨਾਮੁ ਪਾਈਐ; ਚੂਕੈ ਮੋਹ ਪਿਆਸ॥**

ਹੇ ਭਾਈ! ਸਤਿਗੁਰਾਂ ਨੂੰ ਮਿਲਿਐ=ਮਿਲ ਕੇ ਹੀ ਸੱਚੇ ਨਾਮ ਨੂੰ ਪਾਈਐ=ਪਾਈਦਾ ਹੈ, ਜਿਸ ਦੁਆਰਾ ਸਰੀਰ ਦਾ ਮੋਹ ਤੇ ਪਦਾਰਥਾਂ ਦੀ ਪਿਆਸ=ਤ੍ਰਿਸ਼ਨਾ ਚੂਕੈ=ਖਤਮ ਹੋ ਜਾਂਦੀ ਹੈ ਭਾਵ ਨਾਮ ਸਿਮਰਨ ਕਰਕੇ ਨਾ ਸਰੀਰ ਨਾ ਸਬੰਧੀਆਂ ਦਾ ਮੋਹ ਰਹਿੰਦਾ ਹੈ ਤੇ ਨਾ ਹੀ ਸੰਸਾਰਕ ਪਦਾਰਥਾਂ ਦੀ ਤ੍ਰਿਸ਼ਨਾ ਰਹਿੰਦੀ ਹੈ।

**ਹਰਿ ਸੇਤੀ ਮਨੁ ਰਵਿ ਰਹਿਆ; ਘਰ ਹੀ ਮਾਹਿ ਉਦਾਸੁ॥**

ਉਨ੍ਹਾਂ ਦਾ ਹਰਿ=ਪ੍ਰਭੂ ਸੇਤੀ=ਨਾਲ ਹਰ ਸਮੇਂ ਮਨੁ=ਹਿਰਦਾ ਰਵਿ=ਮਿਲਿਆ ਰਹਿਆ=ਰਹਿੰਦਾ ਹੈ। ਭਾਵ ਨਾਮ ਉਚਾਰਣ ਕਰਨ 'ਚ ਜੁੜਿਆ ਰਹਿੰਦਾ ਹੈ ਤੇ ਉਹ ਘਰ ਭਾਵ ਗ੍ਰਿਹਸਤ ਮਾਹਿ=ਵਿਚ ਰਹਿੰਦੇ ਹੋਏ ਹੀ ਉਦਾਸੁ=ਉਪਰਾਮ ਭਾਵ ਨਿਰਲੇਪ ਰਹਿੰਦੇ ਹਨ। ਜਿਵੇਂ ਕਮਲ ਦਾ ਫੁੱਲ ਪਾਣੀ 'ਚ ਵੀ ਨਿਰਲੇਪ ਰਹਿੰਦਾ ਹੈ।

**ਜਿਨਾ ਹਰਿ ਕਾ ਸਾਦੁ ਆਇਆ;**
**ਹਉ ਤਿਨ ਬਲਿਹਾਰੈ ਜਾਸੁ॥**

ਹੇ ਭਾਈ! ਜਿਨ੍ਹਾ ਨੂੰ ਹਰਿ=ਪ੍ਰਭੂ ਦੇ ਨਾਮ ਦਾ ਸਾਦੁ=ਸਵਾਦ ਆਇਆ ਹੈ, ਹਉ=ਮੈਂ ਭਾਵ ਅਸੀਂ ਤਿਨ=ਉਨ੍ਹਾਂ ਤੋਂ ਬਲਿਹਾਰੈ=ਕੁਰਬਾਣ ਜਾਸੁ=ਜਾਂਦੇ ਹਾਂ।

**ਨਾਨਕ ਨਦਰੀ ਪਾਈਐ; ਸਚੁ ਨਾਮੁ ਗੁਣਤਾਸੁ॥੪॥੩੪॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜੋ ਸਚੁ=ਸੱਚੇ ਪਰਮੇਸ਼ਰ ਦਾ ਨਾਮ ਗੁਣਤਾਸੁ=ਗੁਣਾਂ ਦਾ ਖਜ਼ਾਨਾ ਹੈ, ਉਸ ਨੂੰ ਪੂਰੇ ਗੁਰਾਂ ਦੀ ਕ੍ਰਿਪਾ ਨਦਰੀ=ਦ੍ਰਿਸ਼ਟੀ ਦੁਆਰਾ ਪਾਈਐ=ਪਾਈਦਾ ਹੈ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ - (23 ਨਵੰਬਰ ਦਿਨ, ਸ਼ੁਕਰਵਾਰ)**
**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**
**ਸੰਗਰਾਂਦ - ਮੰਘਿਰਿ, 16 ਨਵੰਬਰ, ਦਿਨ ਸ਼ੁਕਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਸਲਾਨਾ ਸਮਾਗਮ ਦੌਰਾਨ 1-2 ਨਵੰਬਰ ਨੂੰ ਦਿਨ ਦੇ 11 ਵਜੇ ਹੋਵੇਗਾ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ [illegible] ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

***Foreign Membership***

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾ Address..........................................................................

..........................................................................................................

..............................Pin Code..........................................Phone......................... E-mail :..............................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਡਾ. ਜਤਿੰਦਰ ਸਿੰਘ ਅਤੇ ਡਾ. ਕੋਮਲਪ੍ਰੀਤ ਕੌਰ | (ਦੰਦਾਂ ਦੇ ਮਾਹਿਰ) | ਮੰਗਲਵਾਰ |
| 8. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 9. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਬੁੱਧਵਾਰ |
| 10. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 11. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 12. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 13. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 14. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 15. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 16. | ਡਾ. ਜਿੰਦਲ | ਜਨਰਲ ਮੈਡੀਸਨ | " |
| 17. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 18. | ਬੀਬਾ ਹਰਨੀਤ ਕੌਰ | ਫਿਜ਼ਿਓਥਰੈਪਿਸਟ | ਸੋਮਵਾਰ ਅਤੇ ਸ਼ੁਕਰਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

## ਜ਼ਰੂਰੀ ਸੂਚਨਾ

**ਅੱਖਾਂ ਦਾ ਫਰੀ ਆਪਰੇਸ਼ਨ ਕੈਂਪ 27 ਤੋਂ 31 ਅਕਤੂਬਰ,**
**ਫਰੀ ਕੈਂਸਰ ਚੈਕਅੱਪ ਕੈਂਪ 30-31 ਅਕਤੂਬਰ**
**ਫਰੀ ਮੈਡੀਕਲ ਕੈਂਪ - 30-31 ਅਕਤੂਬਰ 1-2 ਨਵੰਬਰ**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਓ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/– |
| 17. | The Story of Immortality (**ਅਮਰ ਗਾਥਾ**) | 260/– |
| 18. | [illegible]? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# ਰਤਵਾੜਾ ਸਾਹਿਬ ਵਿਖੇ ਮਿਤੀ 30-31 ਅਕਤੂਬਰ ਤੇ 1-2 ਨਵੰਬਰ 2018 ਨੂੰ ਹੋ ਰਹੇ ਸਮਾਗਮ ਲਈ ਸਵਾਰੀਆਂ ਦੇ ਰੂਟ

**1. ਮੋਹਾਲੀ –** ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ, ਕੋਠੀ ਨੰ: 781, 3ਬੀ1 ਤੋਂ, ਜ਼ਿੰਮੇਵਾਰ – ਜਰਨੈਲ ਸਿੰਘ (89687-22855)

**2. ਇਲਾਕਾ : ਧਨਾਸ/ਤੋਗਾਂ – ਰੂਟ –** ਤੋਗਾਂ, ਧਨੌੜਾਂ, ਮਸਤਗੜ, ਮਿਲਖ, ਸਾਰੰਗਪੁਰ, ਧਨਾਸ, ਡੱਡੂਮਾਜਰਾ ਜ਼ਿੰਮੇਵਾਰ – ਸੁਖਵਿੰਦਰ ਸਿੰਘ ਤੋਗਾਂ (9915147405)

**3. ਇਲਾਕਾ : ਸੂੰਕ, ਪੜਛ – ਰੂਟ 1. –** ਬਗੀਂਡੀ, ਕਰੌਂਦੇਵਾਲ, ਕਾਹੀਵਾਲਾ, ਖੋਲਮੋਲਾ, ਕਸੌਲੀ, ਗੂੜਾ, ਮਾਜਰੀ ਜ਼ਿੰਮੇਵਾਰ – ਹਰਜਿੰਦਰ ਸਿੰਘ ਸਰਪੰਚ ਸੂੰਕ (94177-78973), ਰਵਿੰਦਰ ਸਿੰਘ ਸੂੰਕ (94642-91318) **ਰੂਟ 2. –** ਸੂੰਕ, ਛੋਟੀ, ਵੱਡੀ ਪੜ੍ਹਛ, ਸਿੰਗਾਰੀ ਵਾਲਾ, ਨਾਡਾ, ਖੁੱਡਾ ਲਹੋਰਾ ਜ਼ਿੰਮੇਵਾਰ – ਭਾਈ ਹਰਜਿੰਦਰ ਸਿੰਘ ਲਾਡੀ (95928-97195), ਭਾਈ ਨਾਇਬ ਸਿੰਘ (98726-93380) **ਰੂਟ 3. –** ਕਕੋਰਾਂ ਛੋਟੀ ਵੱਡੀ, ਨਵਾਂ ਗਰਾਉਂ, ਖੁੱਡਾ ਅਲੀ ਸ਼ੇਰ, ਕਾਂਸਲ, ਕੈਂਬਵਾਲਾ ਜ਼ਿੰਮੇਵਾਰ – ਬਲਵਿੰਦਰ ਸਿੰਘ ਕਾਂਸਲ (95929-13093), ਬਲਦੇਵ ਸਿੰਘ ਬਾਜਵਾ (98151-08168)

**4. ਇਲਾਕਾ : ਬਲਾਕ ਮਾਜਰੀ – ਰੂਟ 1. –** ਸਲੇਮਪੁਰ, ਬਰਸਾਲਪੁਰ ਟੱਪਰੀਆਂ, ਲੁਬਾਣਗੜ੍ਹ, ਖਿਦਰਾਬਾਦ, ਝੰਡੇਮਾਜਰਾ, ਮਰਹੋਲੀ, ਗੁਨੋਮਾਜਰਾ, ਸਿਆਲਵਾ ਮਾਜਰੀ, ਬਲਾਕ ਤੋਂ ਮੁੱਲਾਂਪੁਰ **ਜ਼ਿੰਮੇਵਾਰ –** ਗੁਰਜੀਤ ਸਿੰਘ ਸਲੇਮਪੁਰ (99153-35344) ਲਾਲ ਸਿੰਘ ਗੁਨੋਮਾਜਰਾ (94175-54759) **ਰੂਟ 2. –** ਮੀਆਂਪੁਰ, ਅਭੀਪੁਰ, ਕੁਬਾਹੇੜੀ, ਸੰਗਤਪੁਰਾ, ਮਾਣਕਪੁਰ ਸਰੀਫ, ਬੂਥਗੜ੍ਹ ਤੋਂ ਮੁੱਲਾਂਪੁਰ ਜ਼ਿੰਮੇਵਾਰ – ਗੁਰਨਾਮ ਸਿੰਘ ਕੁਬਾਹੇੜੀ, ਜਰਨੈਲ ਸਿੰਘ ਕੁਬਾਹੇੜੀ (98725-82851) **ਰੂਟ 3. –** ਕਰਤਾਰਪੁਰ, ਕੰਸਾਲਾ, ਢਕੋਰਾਂ ਖੁਰਦ, ਢਕੋਰਾਂ ਕਲਾਂ, ਬਜੀਦਪੁਰ, ਫਾਂਟਵਾਂ, ਨਗਲੀਆਂ, ਖੈਰਪੁਰ, ਸੇਖਪੁਰਾ, ਫਤਿਹਗੜ ਜ਼ਿੰਮੇਵਾਰ – ਦਿਲਬਾਗ ਸਿੰਘ ਢਕੋਰਾਂ (95017-01045) ਮੇਵਾ ਸਿੰਘ ਢਕੋਰਾਂ, **ਰੂਟ 4. –** ਅਭੀਪੁਰ, ਦੁਲਵਾਂ ਖਦਰੀ, ਪਲਣਪੁਰ, ਮਾਜਰਾ, ਹੁਸ਼ਿਆਰਪੁਰ, ਤਕੀਪੁਰ, ਪੜ੍ਹੋਲ ਜ਼ਿੰਮੇਵਾਰ – ਮਹਿੰਦਰ ਸਿੰਘ ਅਭੀਪੁਰ (98762-17525)

**5. ਇਲਾਕਾ : ਤਿਊੜ ਅਤੇ ਖਰੜ – ਰੂਟ 1. –** ਮਾਤਾ ਗੁਜਰੀ ਨਗਰ, ਸੰਨੀ ਇਨਕਲੇਵ, ਝੁੰਗੀਆਂ **ਰੂਟ 2.** – ਜੰਡਪੁਰ, ਠਸਕਾ, ਚੰਦੋ, ਮਨਾਣਾ, ਝਾਮਪੁਰ **ਰੂਟ 3.** – ਬੱਸ ਸਟੈਂਡ ਖਰੜ, ਭੁਖੜੀ, ਰੜਿਆਲਾ, ਭਜੌਲੀ **ਜ਼ਿੰਮੇਵਾਰ–** ਭਾਈ ਸੁਖਵਿੰਦਰ ਸਿੰਘ ਝੁੰਗੀਆਂ ਅਤੇ ਦਿਲਬਾਗ ਸਿੰਘ ਜੰਡਪੁਰ (98151–66684) **ਰੂਟ 4.**– ਬਜਹੇੜੀ, ਪੀਰ ਸੁਹਾਣਾ, ਸਿੰਮਲਮਾਜਰਾ, ਭਾਗੋਮਾਜਰਾ, ਖਾਨਪੁਰ **ਜ਼ਿੰਮੇਵਾਰ –** ਭਾਈ ਜਸਵਿੰਦਰ ਸਿੰਘ ਅਤੇ ਭਾਈ ਸਤਨਾਮ ਸਿੰਘ ਪੀਰ ਸੋਹਾਣਾ **ਰੂਟ 5. –** ਸਕਰੂਲਾਂਪੁਰ, ਘੜੂਆਂ, ਮਾਮੂਪੁਰ। **ਜ਼ਿੰਮੇਵਾਰ –** ਭਾਈ ਬਲਵਿੰਦਰ ਸਿੰਘ ਬਜਹੇੜੀ **ਰੂਟ 6.** – ਪੰਨੂਆਂ, ਚੋਲਟਾ ਖੁਰਦ, ਮਲਕਪੁਰ, ਬੜਾ ਪਿੰਡ, ਮਦਨਹੇੜੀ, ਬੜਾਲਾ ਰੋਡ, ਖਰੜ **ਜ਼ਿੰਮੇਵਾਰ–**ਭਾਈ ਨਾਜ਼ਰ ਸਿੰਘ ਪੰਨੂਆਂ **ਰੂਟ 7. –** ਪੋਪਨਿਆਂ, ਧੜਾਂਕਲਾ, ਖੁਰਦ, ਚੋਲਟਾਕਲਾਂ **ਜ਼ਿੰਮੇਵਾਰ–**ਭਾਈ ਰਣਜੀਤ ਸਿੰਘ ਪੋਪਨਿਆਂ **ਰੂਟ 8. –** ਬਡਾਲੀ, ਬਡਾਲਾ, ਨਵਾਂ ਸ਼ੀਹਰ, ਖਰੜ। **ਜ਼ਿੰਮੇਵਾਰ–** ਭਾਈ ਅਵਤਾਰ ਸਿੰਘ ਬਡਾਲੀ **ਰੂਟ 9. –** ਮੌਜਪੁਰ, ਭਾਗੋਮਾਜਰਾ, ਬੋਰੇਪੁਰ, ਲਖਨੌਰ। **ਜ਼ਿੰਮੇਵਾਰ–**ਭਾਈ ਰਤਨ ਸਿੰਘ ਮੌਜਪੁਰ। **ਰੂਟ 10.** – ਬਲੌਂਗੀ, ਬਲੌਂਗੀ ਕਲੋਨੀ, ਦਾਉ। **ਜ਼ਿੰਮੇਵਾਰ –** ਭਾਈ ਤ੍ਰਿਲੋਚਨ ਸਿੰਘ **ਰੂਟ 11. –** ਦੇਸੂਮਾਜਰਾ, ਫਰਤੂਲਾਪੁਰ, ਮੁੰਡੀਖਰੜ **ਜ਼ਿੰਮੇਵਾਰ–**ਭਾਈ ਹਰਭਾਗ ਸਿੰਘ ਦੇਸੂਮਾਜਰਾ। **ਰੂਟ 12. –** ਰਸਨਹੇੜੀ, ਮਗਰ, ਤੋਲੇਮਾਜਰਾ, ਖੂਨੀਮਾਜਰਾ, ਸੰਤੇਮਾਜਰਾ **ਜ਼ਿੰਮੇਵਾਰ –** ਭਾਈ ਬਾਬੂ ਸਿੰਘ ਮਗਰ **ਰੂਟ 13 –** ਬਡਮਾਜਰਾ ਅਸਥਾਨ, ਜੁਝਾਰ ਨਗਰ, ਰਾਏਪੁਰ, ਬਹਿਲੋਲਪੁਰ, ਝਾਂਮਪੁਰ, ਤੀੜਾ

**6. ਇਲਾਕਾ : ਗੁਰਦੁਆਰਾ ਬਾਉਲੀ ਸਾਹਿਬ (ਜੀਰਕਪੁਰ) – ਰੂਟ 1. –** ਕੁੰਡੀ (ਸੈਕ: 20), ਰੈਲੀ, ਅਭੈਪੁਰ, ਬੁੱਢਨਪੁਰ, ਸੈਕਟਰ 15, ਸੈਕਟਰ 7, ਸਕੇਤੜੀ, ਮਾੜੀ ਵਾਲਾ ਟਾਊਨ ਜ਼ਿੰਮੇਵਾਰ – ਭਾਈ ਸਰਵਣ ਸਿੰਘ ਠੇਕੇਦਾਰ ਪੰਚਕੁਲਾ (98151-00644) ਜਗਮੋਹਨ ਸਿੰਘ ਰੈਲੀ (94177-69178) **ਰੂਟ 2. –**

ਨਾਭਾ ਸਾਹਿਬ, ਸਿੰਘਪੁਰਾ, ਭੂਡਾ, ਜੀਰਕਪੁਰ, ਭਬਾਤ ਜ਼ਿੰਮੇਵਾਰ - ਹਰਦੀਪ ਸਿੰਘ ਸਿੱਧੂ ਜੀਰਕਪੁਰ (98557-07279), ਮਨਮੋਹਨ ਸਿੰਘ (99888-08211) **ਰੂਟ 3.** - ਗੁ. ਬਾਉਲੀ ਸਾਹਿਬ, ਢਕੋਲੀ, ਨਗਲਾ, ਸਨੌਲੀ ਜ਼ਿੰਮੇਵਾਰ - ਜਗਦੇਵ ਸਿੰਘ ਢਕੋਲਾ (99155-21425), ਸੋਹਣ ਸਿੰਘ ਰੰਧਾਵਾ ਜੀਰਕਪੁਰ (95018-04205)

**7. ਇਲਾਕਾ : ਡੇਰਾ ਬੱਸੀ** - **ਰੂਟ 1.** - ਜਾਂਡਲੀ, ਅੰਬ ਛਪਾ, ਜੌਲਾ, ਜੌਲੀ, ਮੀਆਂਪੁਰ, ਦੰਦਰਾਲਾ, ਮਾਹੀਵਾਲਾ, ਡੇਰਾ ਬੱਸੀ ਤੋਂ ਰਤਵਾੜਾ ਸਾਹਿਬ ਜ਼ਿੰਮੇਵਾਰ - ਸੁਰਜੀਤ ਸਿੰਘ ਜਾਂਡਲੀ (99140-03114), ਧਰਮਪਾਲ ਮਾਹੀਵਾਲਾ (99156-73720) **ਰੂਟ 2. -** ਚੜਿਆਲਾ, ਅਮਰਾਲਾ, ਬਰੌਲੀ, ਕਾਰਕੌਰ, ਸੇਖਪੁਰ, ਫਤਿਹਪੁਰ, ਮਹਿਮਦਪੁਰ, ਧਨੌਨੀ, ਈਸਾਪੁਰ, ਜਗਾਧਰੀ ਵਾਇਆ ਭਾਂਖਰਪੁਰ ਜ਼ਿੰਮੇਵਾਰ - ਅਮਰੀਕ ਸਿੰਘ ਮਹਿਮਦਪੁਰ (98725-51816), ਜੱਗਾ ਸਿੰਘ ਕਾਰਕੌਰ (94175-78817) **ਰੂਟ 3.** - ਬਹੋੜਾ, ਬਹੋੜੀ, ਇਬਰਾਹੀਮਪੁਰ, ਪਰਾਗਪੁਰ, ਜਗਾਧਰੀ, ਈਸਾਪੁਰ, ਭਾਂਖਰਪੁਰ ਜ਼ਿੰਮੇਵਾਰ - ਜਗਦੀਸ ਸਿੰਘ ਇਬਰਾਹੀਮਪੁਰ (98724-50551), ਸੁਰਮੁੱਖ ਸਿੰਘ ਪਰਾਗਪੁਰ (99140-75996) **ਰੂਟ 4. -** ਡੇਰਾਬੱਸੀ ਸ਼ਹਿਰ ਜ਼ਿੰਮੇਵਾਰ - ਸੂਰਪ ਸਿੰਘ ਡੇਰਾਬੱਸੀ **ਰੂਟ 5.** - ਹਸਨਪੁਰ, ਲੇਹਲੀ, ਦੱਪਰ, ਜਨੇਤਪੁਰ, ਜਵਾਹਰਪੁਰ ਜ਼ਿੰਮੇਵਾਰ - ਰਾਜਾ ਸਿੰਘ ਦੱਪਰ (98140-34381), ਗੁਰਮੇਲ ਸਿੰਘ ਜਵਾਹਰ ਪੁਰ (98152-31323)

**8. ਇਲਾਕਾ : ਰਾਜਪੁਰਾ - ਰੂਟ 1. -** ਧਮੋਲੀ, ਗੁਰਦੁਆਰਾ ਸਿੰਘ ਸਭਾ ਰਾਜਪੁਰਾ, ਗੁਰਦੁਆਰਾ ਜਾਪ ਸਾਹਿਬ, ਇਸਲਾਮਪੁਰ ਜ਼ਿੰਮੇਵਾਰ - ਬਹਾਦਰ ਸਿੰਘ (99886-88953) **ਰੂਟ 2.** - ਪੁਰਾਣਾ ਰਾਜਪੁਰਾ, ਗੁਰਦੁਆਰਾ ਦੂਧਾ ਧਾਰੀ, ਗੁਰਦੁਆਰਾ ਬਾਬਾ ਚੂਹੜ ਸਿੰਘ, ਗਗਨ ਚੌਂਕ ਜ਼ਿੰਮੇਵਾਰ - ਭਰਪੂਰ ਸਿੰਘ (94633-27041) **ਰੂਟ 3.** - ਸੈਦਖੇੜੀ, ਖਰਾਜਪੁਰ, ਗੁਰੂ ਨਾਨਕ ਮੁਹੱਲਾ, ਗੁਰੂ ਅਰਜਨ ਦੇਵ ਕਲੋਨੀ ਜ਼ਿੰਮੇਵਾਰ - ਵਲਾਇਤ ਸਿੰਘ (94638-91719) **ਰੂਟ 4.** - ਢੀਂਡਸਾ, ਗੰਡਿਆ ਖੇੜੀ, ਖਾਨਪੁਰ, ਰੇਲੂ, ਖੰਡੋਲੀ ਜ਼ਿੰਮੇਵਾਰ - ਬਲਕਾਰ ਸਿੰਘ ਢੀਂਡਸਾ - 98550-71427 **ਰੂਟ 5.** - ਹਰਪਾਲਪੁਰ, ਕੁਥਾਖੇੜੀ, ਖਾਨਪੁਰ, ਭੋਗਲਾ ਜ਼ਿੰਮੇਵਾਰ - ਬੰਤ ਸਿੰਘ ਭੋਗਲਾਂ (88725-91575) **ਰੂਟ 6. -** ਅਲੂਣਾ, ਧਰਮਗੜ੍ਹ, ਚੰਦੂਆਂ ਜ਼ਿੰਮੇਵਾਰ - ਜ਼ਿੰਮੇਵਾਰ - ਅਮੀਰ ਸਿੰਘ (94175-73580) **ਰੂਟ 7.** - ਭੇਡਵਾਲ, ਖਾਨਪੁਰ, ਝੂੰਗੀਆਂ, ਉਕਸੀ ਸੈਣੀਆਂ, ਪਿਲਖਣੀ ਜ਼ਿੰਮੇਵਾਰ - ਸਾਧੂ ਸਿੰਘ (98557-86482)

**9. ਇਲਾਕਾ : ਘਨੌਰ - ਰੂਟ 1. -** ਬਲਹੇੜੀ, ਸਲੇਮਪੁਰ ਜੱਟਾਂ, ਰੁੜਕੀ, ਰੁੜਕਾ, ਬਘੌਰਾ, ਮਾਜਰੀ ਫਕੀਰਾਂ ਜ਼ਿੰਮੇਵਾਰ - ਰਣਜੀਤ ਸਿੰਘ ਰੁੜਕਾ (93171-30523), ਗੁਰਮੀਤ ਸਿੰਘ ਰੁੜਕਾ (90235-81296) **ਰੂਟ 2.** - ਘਨੌਰ, ਮਹਿਦੂਦਾਂ, ਕਾਮੀ ਕਲਾਂ, ਪਿੱਪਲ ਮੰਘੌਲੀ, ਫਰੀਦਪੁਰ ਜੱਟਾਂ, ਧੰਦਾਰਸੀ, ਮਰਦਾਂਪੁਰ ਜ਼ਿੰਮੇਵਾਰ - ਹਰਚੰਦ ਸਿੰਘ ਘਨੌਰ (94175-91649), ਅਮਰਜੀਤ ਸਿੰਘ ਮਰਦਾਂਪੁਰ (98883-63021) **ਰੂਟ 3. -** ਲਾਛੜੂਕਲਾਂ, ਚਮਾਰੂ, ਕਾਮੀ ਖੁਰਦ, ਜੰਡ ਮੰਘੋਲੀ, ਉਂਟਸਰ, ਰਾਏਪੁਰ, ਬੈਲੋਪੁਰ ਜ਼ਿੰਮੇਵਾਰ - ਅਮਰੀਕ ਸਿੰਘ ਕਾਮੀ ਖੁਰਦ (98143-24886), ਦਾਰਾ ਸਿੰਘ ਲਾਛੜੂ (98149-60360) **ਰੂਟ 4.** - ਤੇਜਾ, ਮੋਹੜੀ, ਭਾਨੋਖੇੜੀ, ਲਖਨੌਰ ਸਾਹਿਬ, ਮਾਜਰੀ, ਰਵਾਲੋਂ, ਸੌਂਡਾਂ, ਮਟੇੜੀ ਜ਼ਿੰਮੇਵਾਰ - ਗੁਰਮੀਤ ਸਿੰਘ ਭੜੀ (93158-66990), ਜਤਿੰਦਰ ਸਿੰਘ ਬਲਾਣਾ (098123-13901) **ਰੂਟ 5.** - ਟਿਵਾਣਾ, ਸਰਹਾਲਾ ਖੁਰਦ, ਸਰਹਾਲਾ ਕਲਾਂ, ਕਪੂਰੀ, ਸੋਂਟਾ, ਰਾਮਪੁਰ, ਮਾਰੀਆਂ, ਲੋਹ ਸਿੰਬਲੀ ਜ਼ਿੰਮੇਵਾਰ - ਸੁਬਾ ਸਿੰਘ ਟਿਵਾਣਾ (98554-69282), ਹਰਮੇਸ ਸਿੰਘ ਸਰਪੰਚ ਸਰਹਾਲਾ ਖੁਰਦ (98557-78864) **ਰੂਟ 6.** - ਝਾੜੂਆਂ, ਕੁਰਬਾਨਪੁਰ, ਮਹਿਮਾਂ, ਭੜੀ, ਸੂਲਰ, ਬੁਲਾਣਾ ਜ਼ਿੰਮੇਵਾਰ - ਜਸਮੇਰ ਸਿੰਘ ਕੁਰਬਾਨਪੁਰ (97292-15833), ਗੁਰਮੀਤ ਸਿੰਘ ਭੜ੍ਹੀ (93158-66990) **ਰੂਟ 7. -** ਕੋਟਲਾ, ਬੱਤਾ, ਬੱਤੀ, ਕਰਨਪੁਰ, ਮਲਕਪੁਰ ਜੱਟਾਂ, ਮੰਝੌਲੀ, ਹਰੀਪੁਰ ਝੂੰਗੀਆਂ, ਕਤਲਾਹਰ, ਚੱਪੜ ਜ਼ਿੰਮੇਵਾਰ - ਨਸੀਬ ਸਿੰਘ ਝੂੰਗੀਆਂ (95925-61804), ਬਲਵੀਰ ਸਿੰਘ ਕਰਨਪੁਰ (94179-22972) **ਰੂਟ 8.** - ਭੱਟਮਾਜਰਾ, ਸੇਖੂਪੁਰ, ਲੋਦੀਪੁਰ, ਬਹਾਦਰਗੜ੍ਹ, ਭਟੇੜੀ, ਰਸੂਲਪੁਰ ਜ਼ਿੰਮੇਵਾਰ - ਹਰਬੰਸ ਸਿੰਘ ਭਟਮਾਜਰਾ, ਲਖਵਿੰਦਰ ਸਿੰਘ ਭਟੇੜੀ (99153-83689)

**10. ਇਲਾਕਾ : ਮੋਰਿੰਡਾ - ਰੂਟ 1.** - ਸਿਕੰਦਰ ਪੁਰ, ਨਾਨੋਵਾਲ, ਬਡਵਾਲਾ, ਜੰਵੰਦੇ, ਭਟੇੜੀ, ਰਤਨਗੜ੍ਹ,

ਦਾਤਾਰਪੁਰ ਜ਼ਿੰਮੇਵਾਰ - ਰਜਿੰਦਰ ਸਿੰਘ ਜਵੰਦਾ (99149-22374) ਹਰਨੇਕ ਸਿੰਘ ਦਾਤਾਰਪੁਰ (81461-51925) **ਰੂਟ 2.** - ਬਡਵਾਲੀ, ਸਾਹਪੁਰ, ਤਾਜਪੁਰ, ਬਹਿਬਲਪੁਰ, ਸੱਖੋ ਮਾਜਰਾ, ਚਲਾਕੀ, ਮੋਰਿੰਡਾ ਜ਼ਿੰਮੇਵਾਰ - ਰਣਧੀਰ ਸਿੰਘ ਬਹਿਲਬਲਪੁਰ (92179-52077) **ਰੂਟ 3.** - ਮਾਜਰਾ, ਕੋਟਲੀ, ਮਾਨਪੁਰ, ਕਜੌਲੀ, ਡੁਮਛੇੜੀ, ਮੋਰਿੰਡਾ ਜ਼ਿੰਮੇਵਾਰ - ਅਜਮੇਰ ਸਿੰਘ ਕੋਟਲੀ (95924-62737) ਗੁਰਪ੍ਰੀਤ ਸਿੰਘ ਮਾਨਪੁਰ **ਰੂਟ 4.** - ਬੜਾ ਸਮਾਣਾ, ਓਇੰਦ, ਛੋਟਾ ਸਮਾਣਾ, ਮੁੰਡੀਆਂ, ਢੋਲਣਮਾਜਰਾ ਜ਼ਿੰਮੇਵਾਰ - ਸੁਖਵਿੰਦਰ ਸਿੰਘ ਮੁੰਡੀਆਂ (99140-07236) ਜਸਵਿੰਦਰ ਸਿੰਘ ਢੋਲਣਮਾਜਰਾ (94172-31983) **ਰੂਟ 5.** - ਫਤਿਹਪੁਰ, ਅਰਨੌਲੀ, ਕੋਟਲਾ, ਬੰਗੀਆਂ, ਸਹੇੜੀ ਜ਼ਿੰਮੇਵਾਰ - ਗੁਰਮੀਤ ਸਿੰਘ ਬੰਗੀਆਂ (94172-30673) ਰਣਧੀਰ ਸਿੰਘ ਅਰਨੌਲੀ **ਰੂਟ 6.** - ਕਾਈਨੌਰ, ਗੋਪਾਲਪੁਰ, ਨਥਲਪੁਰ, ਢੰਗਰਾਲੀ, ਰੰਗੀਆਂ ਜ਼ਿੰਮੇਵਾਰ - ਰਣਧੀਰ ਸਿੰਘ ਅਰਨੌਲੀ **ਰੂਟ 7.** - ਲਠੇੜੀ, ਰਾਮਗੜ੍ਹ, ਚੱਕਲਾਂ, ਸਰਾਣਾ, ਕਲਾਰਾਂ, ਕਾਂਜਲਾ ਜ਼ਿੰਮੇਵਾਰ - ਸੁਖਵਿੰਦਰ ਸਿੰਘ ਮੁੰਡੀਆਂ (94175-87877) ਮਲਕੀਤ ਸਿੰਘ ਚੱਕਲਾਂ (97819-83761)

**11. ਇਲਾਕਾ : ਚਮਕੌਰ ਸਾਹਿਬ - ਰੂਟ 1.** - ਮਨੈਲੀ, ਰੱਤੋਂ, ਸੰਧੂਆਂ, ਸੈਦਪੁਰ, ਭੁਰੜੇ, ਪਿੱਪਲ ਮਾਜਰਾ ਜ਼ਿੰਮੇਵਾਰ - ਜਸਵੰਤ ਸਿੰਘ ਸੰਧੂਆਂ (98150-88236), ਕੇਸਰ ਸਿੰਘ ਸੰਧੂਆਂ **ਰੂਟ 2.** - ਚਮਕੌਰ ਸਾਹਿਬ, ਸੱਲੋਮਾਜਰਾ, ਮੁੰਡੀਆਂ, ਡਹਿਰ, ਗੱਗੋ ਗੰਧਰਾਵ, ਦੁਗਰੀ, ਗਧਰਾਮ, ਤਾਲਾਪੁਰ, ਕੋਟਲੀ, ਸਾਂਤਪੁਰ, ਬੂਰਮਾਜਰਾ, ਮੋਰਿੰਡਾ ਜ਼ਿੰਮੇਵਾਰ - ਕੰਵਲਜੀਤ ਸਿੰਘ (84372-04845), ਜਗੀਰ ਸਿੰਘ **ਰੂਟ 3.** - ਬਹਿਰਾਮਪੁਰ ਬੇਟ, ਡੱਲਾ, ਖੋਖਰਾਂ, ਬਜੀਦਪੁਰ, ਮੱਕੋਵਾਲ, ਬੇਲਾ **ਜ਼ਿੰਮੇਵਾਰ** - ਜੋਗਿੰਦਰ ਸਿੰਘ, (94655-30155) ਸੋਹਨ ਸਿੰਘ ਡੱਲਾ (98781-51896) **ਰੂਟ 4.** - ਫਿਰੋਜ਼ਪੁਰ, ਮੁਜਾਫਤ, ਭਲਿਆਣ, ਭੋਜੇਮਾਜਰਾ, ਭੈਰੋਂਮਾਜਰਾ, ਚਮਕੌਰ ਸਾਹਿਬ ਜ਼ਿੰਮੇਵਾਰ - ਮੋਹਨ ਸਿੰਘ ਚਮਕੌਰ ਸਾਹਿਬ - 98159-13790 **ਰੂਟ 5.** - ਮਕੜੌਨਾ ਕਲਾਂ, ਮਕੜੌਨਾ ਖੁਰਦ, ਸਲੇਮਪੁਰ, ਰੋਲੂ ਮਾਜਰਾ, ਪਿੱਪਲ ਮਾਜਰਾ, ਸਮਰੌਲੀ, ਰਸੂਲਪੁਰ, ਮੋਰਿੰਡਾ ਜ਼ਿੰਮੇਵਾਰ - ਸੁਖਵਿੰਦਰ ਸਿੰਘ ਸਲੇਮਪੁਰ (89684-61232) ਤਰਨਜੀਤ ਸਿੰਘ ਸਲੇਮਪੁਰ **ਰੂਟ 6.** - ਬਾਦੇਸਾਂ ਖੁਰਦ, ਬਾਦੇਸਾਂ ਕਲਾਂ, ਹਵਾਰਾ ਕਲਾਂ, ਚੂਹੜਮਾਜਰਾ, ਬਰਸਾਲਪੁਰ, ਰੁੜਕੀ ਹੀਰਾਂ ਜ਼ਿੰਮੇਵਾਰ - ਉਜਾਗਰ ਸਿੰਘ, ਬਲਵੀਰ ਸਿੰਘ (94633-38107) **ਰੂਟ 7.** - ਮਕਾਰਾਂਪੁਰ, ਖਾਨਪੁਰ,, ਹਾਫਿਜਾਬਾਦ, ਫਤਿਹਪੁਰ, ਚਮਕੌਰ ਸਾਹਿਬ ਜ਼ਿੰਮੇਵਾਰ - ਗੁਰਮੁਖ ਸਿੰਘ (98152-51856) ਕੇਸਰ ਸਿੰਘ, ਮਹਿੰਦਰ ਸਿੰਘ

**12. ਇਲਾਕਾ : ਕੁਰਾਲੀ - ਰੂਟ 1.** - ਨਥਲਪੁਰ, ਢੰਗਰਾਲੀ, ਪਪਰਾਲੀ, ਬਮਨਾੜਾ, ਭਾਗੋਵਾਲ, ਕਕਰਾਲੀ, ਧਿਆਨਪੁਰਾ। ਜ਼ਿੰਮੇਵਾਰ - ਭਾਈ ਸਮਿੱਤਰ ਸਿੰਘ ਪਪਰਾਲੀ (99144-72499), **ਰੂਟ 2.** - ਭਾਗੋਵਾਲ, ਬੰਨ ਮਾਜਰਾ, ਸੋਤਲ ਬਾਬਾ, ਝਰਹੇੜੀ, ਅੰਧਰੇੜਾ, ਸਿੰਬਲ, ਚਟੋਲੀ, ਨਿਹੋਲਕਾ, ਚਿੰਤਗੜ੍ਹ। ਜ਼ਿੰਮੇਵਾਰ - ਭਾਈ ਬਲਜਿੰਦਰ ਸਿੰਘ ਸਿੰਬਲ (88724-85563) **ਰੂਟ 3.** - ਹਸਨਪੁਰ, ਬਰੌਲੀ, ਕਾਲੇਵਾਲ, ਸਿੰਘਪੁਰਾ, ਕੁਰਾਲੀ ਜ਼ਿੰਮੇਵਾਰ- ਕਰਮਸਿੰਘ ਬਰੌਲੀ (97817-30554, 89685,26212)

**13. ਇਲਾਕਾ : ਰੋਪੜ ਅਤੇ ਪਰਖਾਲੀ - ਰੂਟ 1.**- ਕਮਾਲਪੁਰ, ਮਨਸੂਹਾ, ਮਾਹਲਾਂ ਝੱਲੀਆਂ, ਭਾਉਵਾਲ, ਬੁੱਢਾ ਭੋਰਾ, ਖੈਰਾਬਾਦ, ਫੂਲ ਖੁਰਦ, ਸਾਮਪੁਰਾ, ਛੋਟੀ ਹਵੇਲੀ, ਬੇਲਾ ਚੌਂਕ, ਹਵੇਲੀ ਕਲਾਂ, ਸਰਕਾਰੀ ਕਾਲਜ, ਨਵਾਂ ਬੱਸ ਅੱਡਾ, ਪੁਰਾਣਾ ਬੱਸ ਅੱਡਾ, ਗੁ: ਸ੍ਰੀ ਭੱਠਾ ਸਾਹਿਬ ਚੌਂਕ, ਪਾਵਰ ਕਲੌਨੀ **ਜ਼ਿੰਮੇਵਾਰ** - ਭਾਈ ਰਾਮ ਸਿੰਘ, ਛੋਟੀ ਹਵੇਲੀ (94638-63839) ਭਾਈ ਗੁਰਦੀਪ ਸਿੰਘ ਸ਼ਾਮਪੁਰਾ (94651-69982) **ਰੂਟ 2.** - ਘਨੌਲੀ, ਥਰਮਲ ਪਲਾਂਟ, ਨੂੰਹੋ, ਰਤਨਪੁਰਾ, ਲੋਹਗੜ੍ਹ ਫਿਡੇ, ਗੁਨੋਮਾਜਰਾ, ਲੋਦੀਮਾਜਰਾ, ਮਦੋਮਾਜਰਾ, ਪਤਿਆਲਾ, ਮਿਆਣੀ, ਬਹਾਦਰਪੁਰ, ਚੰਦਪੁਰ, ਡਕਾਲਾ, ਆਲਮਪੁਰ, ਕੱਟਲੀ, ਖੁਆਸਪੁਰ, ਪਾਵਰ ਕਲੌਨੀ, ਰੰਗੀਲਪੁਰ, ਵੱਡੀ ਗੰਧੋ, ਰਾਜੇਮਾਜਰਾ ਅਤੇ ਮੀਆਂਪੁਰ **ਜ਼ਿੰਮੇਵਾਰ** - ਭਾਈ ਭੁਪਿੰਦਰ ਸਿੰਘ ਘਨੌਲੀ (94174-65785) **ਰੂਟ 3.** - ਢਾਂਗਾਂ, ਬਿਕੋ, ਘਨੌਲਾ, ਥਲੀ ਕਲਾਂ, ਸਿੰਘਪੁਰਾ, ਥਲੀਖੁਰਦ, ਅਹਿਮਦਪੁਰ, ਮਲਕਪੁਰ, ਖੁਆਸਪੁਰਾ, ਲਾਡਲ, ਹੁਸੈਨਪੁਰ, ਨਾਨਕਪੁਰਾ, ਪਾਵਰ ਕਲੌਨੀ, ਪਪਰਾਲਾ, ਰੈਲੋ ਜ਼ਿੰਮੇਵਾਰ- ਭਾਈ ਸੰਤ ਸਿੰਘ ਢਾਂਗਾ (94184-95417) ਭਾਈ ਪੂਰਨ ਸਿੰਘ ਹੁਸੈਨਪੁਰ (94170-92492) **ਰੂਟ 4.** - ਕੋਟਲਾ ਨਿਹੰਗ, ਟੱਪਰੀਆਂ, ਗਰੇਵਾਲ, ਮਾਜਰੀ ਜੱਟਾਂ, ਮਗਰੋੜ,

ਅਕਬਰਪੁਰ, ਬਾਗਬਾਲੀ, ਫਤਹਿਪੁਰ, ਭਗਾਲਾਂ, ਪੁਰਖਾਲੀ, ਕਕੌਟ, ਬਿੰਦਰਖ, ਖਿਜਰਾਬਾਦ ਅਤੇ ਬਲਾਕ **ਜ਼ਿੰਮੇਵਾਰ** – ਭਾਈ ਗੁਰਦਾਸ ਸਿੰਘ ਅਤੇ ਭਾਈ ਸਕੰਦਰ ਸਿੰਘ ਫਤਹਿਪੁਰ ਭੰਗਾਲਾ (94171–57781) ਭਾਈ ਪਾਲ ਸਿੰਘ ਫਤਹਿਪੁਰਾ ਭੰਗਾਲਾ (94780–45864) **ਰੂਟ 5** – ਗੋਬਿੰਦਪੁਰਾ, ਬੰਦੇ ਮਾਹਲਾਂ, ਪਥਰੇੜੀਆਂ, ਸਲੌਰਾ, ਖਾਬੜੇ, ਰੇਹੀ ਮਾਜਰਾ, ਭਗਵੰਤਪੁਰਾ **ਜ਼ਿੰਮੇਵਾਰ** – ਭਾਈ ਬਲਬੀਰ ਸਿੰਘ ਗੋਬਿੰਦਪੁਰਾ–(81950–41372) **ਰੂਟ 6.** – ਝੱਲੀਆਂ, ਬਾਲਸੰਡਾ, ਬੂਰਮਾਜਰਾ, ਸਾਲਾਪੁਰ, ਦੁਲਚੀ ਮਾਜਰਾ, ਰੋੜਮਾਜਰਾ, ਸੀਹੋਂ ਮਾਜਰਾ **ਜ਼ਿੰਮੇਵਾਰ** – ਭਾਈ ਜਸਵੰਤ ਸਿੰਘ ਗੋਬਿੰਦਪੁਰਾ (9914306431) **ਰੂਟ 7.** ਹਿਰਦਾਪੁਰ ਖੇੜੀ, ਹਰੀਪੁਰ, ਬਾਮਣਵਾਲ, ਬਰਦਾਰ, ਹਰਨਾਮਪੁਰਾ, ਮੀਆਂਪੁਰ, ਚੰਗਰ **ਜ਼ਿੰਮੇਵਾਰ** – ਹਾਕਮ ਸਿੰਘ ਬਾਮਣਵਾਲ (95015–19946) ਭਾਈ ਗੁਰਮੁਖ ਸਿੰਘ ਬਰਦਾਰ (75083–59725) **ਰੂਟ 8.** ਛੋਟੀ ਗੰਧੋ, ਲਖਮੀਪੁਰ, ਝੱਲੀਆਂ, ਮਾਣਕਮਾਜਰਾ, ਠੋਣਾ, ਪੜ੍ਹੀ, ਮਾਦਪੁਰ, ਸੈਂਫਲਪੁਰ, ਰਾਮਗੜ੍ਹ ਟੱਪਰੀਆਂ, ਸੰਤੋਖਗੜ੍ਹ ਟੱਪਰੀਆਂ, ਸਰਾੜੀ, ਭੱਦਲ **ਜ਼ਿੰਮੇਵਾਰ** – ਭਾਈ ਗੁਰਬਚਨ ਸਿੰਘ ਸੈਂਫਲਪੁਰ (94783–84471) ਭਾਈ ਗੁਰਦੇਵ ਸਿੰਘ ਛੋਟੀ ਗੰਧੋ – (98557–08635) **ਰੂਟ 9** – ਬੁਰਜਵਾਲ, ਡੇਕਵਾਲਾ, ਮੰਦਵਾੜਾ, ਕਾਕਰੋ, ਕਿਸ਼ਨਪੁਰਾ, ਭੂਪਨਗਰ, ਅਕਾਲਗੜ੍ਹ, ਖਿਜਰਾਬਾਦ **ਜ਼ਿੰਮੇਵਾਰ** – ਭਾਈ ਬਖਸ਼ੀਸ ਸਿੰਘ ਕਾਕਰੋ (98721–15995) **ਰੂਟ 10.** ਕਾਕਰੋ, ਚੈੜੀਆ, ਸਿੰਘ, ਖਾਬੜਿਆਂ, ਚੱਕਲਾਂ, ਲੋਹਾਰੀ, ਬੰਨ ਮਾਜਰਾ, ਝੰਜੇੜੀ **ਜ਼ਿੰਮੇਵਾਰ** – ਭਾਈ ਰਜਿੰਦਰ ਸਿੰਘ ਕਾਂਕਰੋ (98155–94315) **ਰੂਟ 11.** ਆਸਰੋਂ, ਪ੍ਰੇਮਨਗਰ, ਰੈਲ ਮਾਜਰਾ, ਮਾਜਰਾ ਜਟਾਂ **ਜ਼ਿੰਮੇਵਾਰ** – ਭਾਈ ਹਰਭਜਨ ਸਿੰਘ, ਆਸਰੋ (78370–89858) ਭਾਈ ਕਾਲਾ ਸਿੰਘ ਪ੍ਰੇਮ ਨਗਰ – 78376–91955) **ਰੂਟ 12** – ਪਨਿਆਲੀ ਕਲਾਂ, ਪਨਿਆਲੀ ਖੁਰਦ, ਜਮੀਤਗੜ੍ਹ, ਭਲੇ ਫਤਿਹਪੁਰ (ਤਾਜੋਵਾਲ), ਰੈਪੁਰ, ਨੰਗਲ **ਜ਼ਿੰਮੇਵਾਰ** – ਭਾਈ ਅਮਰੀਕ ਸਿੰਘ ਫਤਿਹਪੁਰ (ਤਾਜੋਵਾਲ) (94648–21423) ਭਾਈ ਰਣਜੀਤ ਸਿੰਘ ਪਿੰਡ ਪਥਰੇੜੀਆਂ (75892–07290)

**14. ਇਲਾਕਾ : ਖਮਾਣੋਂ/ਰਾਮਗੜ੍ਹ – ਰੂਟ 1.** – ਚੰਡਿਆਲਾ, ਰਾਏਪੁਰ ਰਾਈਆਂ, ਨਾਨੋਵਾਲ ਕਲਾਂ, ਨਾਨੋਵਾਲ ਖੁਰਦ, ਕਕਰਾਲਾ, ਮਨਸੂਰਪੁਰ, ਅਮਰਗੜ੍ਹ, ਮਨੈਲਾ, ਧਨੋਲਾ, ਸਮਸਪੁਰ, ਸਿੰਘਾਂ, ਰਾਮਗੜ੍ਹ, ਲਖਨਪੁਰ, ਖਮਾਣੋਂ (ਤਿੰਨੇ) ਜ਼ਿੰਮੇਵਾਰ – ਭਾਈ ਜਰਨੈਲ ਸਿੰਘ, ਸਮਸਪੁਰ (94631-16593) ਭਾਈ ਗੁਰਪ੍ਰੀਤ ਸਿੰਘ ਮਨੈਲਾ 98782-40210 **ਰੂਟ 2.** – ਸੁਹਾਵੀ, ਬੁਰਜ, ਲੁਹਾਰ ਮਾਜਰਾ, ਉਚਾ ਪਿੰਡ, ਪਨੈਚਾਂ, ਪੋਹਲੋਮਾਜਰਾ ਜ਼ਿੰਮੇਵਾਰ – ਭਾਈ ਕੁਲਵਿੰਦਰ ਸਿੰਘ, ਲੋਹਾਰ ਮਾਜਰਾ (94172-64725)

**15. ਇਲਾਕਾ : ਦੁਆਬਾ – ਰੂਟ 1.** – ਦੁਸਾਂਝ, ਸਰਹਾਲ ਮੰਡੀ, ਸਰਹਾਲ ਕਾਜੀਆਂ, ਖਾਨਪੁਰ, ਰਸੂਲਪੁਰ, ਬੰਗਾਂ ਜ਼ਿੰਮੇਵਾਰ – ਭਾਈ ਜਗਜੀਤ ਸਿੰਘ ਚੱਕ ਰਾਮੂ (88725–37407) ਗਿਆਨੀ ਸੁਖਵਿੰਦਰ ਸਿੰਘ ਅਨਮੋਲ (94170–78137) ਭਾਈ ਕ੍ਰਿਪਾਲ ਸਿੰਘ ਸਰਹਾਲ ਮੰਡੀ (98150-62173) ਰਣਜੀਤ ਕੌਰ ਸਰਹਾਲ ਕਾਜੀਆਂ – 94784-78013 **ਰੂਟ 2.** ਬਹਿਰਾਮ, ਫਰਾਲਾ, ਸੂੰਢ, ਸੰਧਵਾਂ, ਚੱਕਰਾਮੂ ਜ਼ਿੰਮੇਵਾਰ – ਐਸ.ਡੀ.ਓ ਅਜੈਬ ਸਿੰਘ (01823-270300)

**16. ਇਲਾਕਾ : ਅਬਰਾਵਾਂ/ਸਨੇਟਾ** – **ਰੂਟ** – ਅਬਰਾਵਾਂ, ਤਸੌਲੀ, ਢੇਲਪੁਰ, ਗਡਾਵਾਂ, ਸਨੇਟਾ– ਜ਼ਿੰਮੇਵਾਰ – ਭਾਈ ਜੋਗਿੰਦਰ ਸਿੰਘ ਤਸੌਲੀ (98555-01571),

**17. ਇਲਾਕਾ : ਧਮੋਟ – ਰੂਟ 1.** – **ਜ਼ਿੰਮੇਵਾਰ** ਜਥੇਦਾਰ ਅਮਰ ਸਿੰਘ, ਧਮੋਟ, **ਰੂਟ – 2.** ਮਦਨੀਪੁਰਾ, ਸਿਹੌੜਾ, ਅਲੂਣਾ ਪੱਲਾ, ਮਿਆਨਾ। **ਰੂਟ – 3.** ਨਿਜਾਮਪੁਰ, ਭਾਡੇਵਾਲ, ਪਾਇਲ, ਨਵਾਂ ਪਿੰਡ, ਬੀਜਾ **ਜ਼ਿੰਮੇਵਾਰ** – ਭਾਈ ਹਰਦੀਪ ਸਿੰਘ

**18. ਇਲਾਕਾ : ਬਲਾਚੌਰ – ਰੂਟ 1.** – ਔਲੀਆਪੁਰ, ਕੰਗਣਾ ਬੇਟ, ਮਲਕਪੁਰ, ਜੱਟਪੁਰ, ਧੈਂਗੜਪੁਰ, ਸੁੱਧਾ ਮਾਜਰਾ, ਸੱਜੋਵਾਲ, ਨਿਆਣਬੇਟ, ਜਾਨੀਵਾਲ, ਲਾਲਪੁਰ, ਟੱਪਰੀਆਂ, ਗਾਦੜੀਆਂ, ਆਕਲਿਆਵਾਂ, **ਰੂਟ 2.** – ਕੁਲੇਵਾਲ, ਮਹਿਤਪੁਰ, ਗੜੀ, ਰਾਏਪੁਰ, ਘਮੌਰ, ਸਿਆਣਾ, ਬਲਾਚੌਰ, ਮਜਾਰੀ, ਸਿਬਲ ਮਾਜਰਾ, ਹੁਸੈਨਪੁਰ,

ਗਰਲੇਢਾਹਾ, ਰੱਕੜਾ ਢਾਹਾ, ਬਛੋੜੀ, ਕੋਲਗੜ੍ਹ **ਰੂਟ 3. –** ਮੁਜਫਰਪੁਰ, ਰਕਾਸਨ, ਚਲਾਣ, ਮਹੱਦੀਪੁਰ, ਤਾਜੋਵਾਲ, ਚੱਕ, ਚੱਕਲੀ, ਮਝੂਟ, ਮੀਰਪੁਰ ਜੱਟਾਂ, ਬੀਰੋਵਾਲ ਜ਼ਿੰਮੇਵਾਰ – ਹਰਨਾਮ ਸਿੰਘ ਬਲਾਚੌਰ (94637-40419)

**19. ਹੋਰ ਵੱਖ-ਵੱਖ ਸ਼ਹਿਰਾਂ ਅਤੇ ਇਲਾਕਿਆਂ ਦੇ ਸੰਪਰਕ ਨੰਬਰ : – ਯੂ.ਪੀ. ਅਤੇ ਉਤਰਾਖੰਡ –** ਖੂਬੀਆ ਨੰਗਲ ਅਸਥਾਨ (96394-41313), ਭਾਈ ਪ੍ਰੀਤਮ ਸਿੰਘ, ਬਿਲਾਸਪੁਰ (098371-31140) ਸਾਲਾਪੁਰ ਅਸਥਾਨ (99278-75036) ਹਰਭਜਨ ਸਿੰਘ, ਕਿੱਛਾ, (98373-16924) ਜਸਵੰਤ ਸਿੰਘ ਪਲੀਆ (94154-29624) ਬਾਵਾ ਸਿੰਘ ਮੈਗਲਗੰਜ (97945-06751) ਬਾਵਾ ਸਿੰਘ ਪੰਛੀ ਫਾਰਮ, (99184-46336) ਹਰਪਾਲ ਸਿੰਘ ਪੰਛੀ ਫਾਰਮ (91987-15748) **ਰਾਜਸਥਾਨ –** ਬਾਬਾ ਅਮਰੀਕ ਸਿੰਘ ਬੂੰਦੀ ਰਾਜਸਥਾਨ 99833-97841 **ਹਰਿਆਣਾ** – ਰਣਜੀਤ ਸਿੰਘ ਲਾਡਵਾ (080531-000930) ਹਰਪਾਲ ਸਿੰਘ ਪਾਲੀ ਅੰਬਾਲਾ (92157-45482), ਅੰਮ੍ਰਿਤਪਾਲ ਸਿੰਘ ਬਜਾਜ ਯਮੁਨਾ ਨਗਰ – (94181-16414) **ਪਾਉਂਟਾ ਸਾਹਿਬ –** ਬਲਵਿੰਦਰ ਸਿੰਘ ਪਾਉਂਟਾ ਸਾਹਿਬ (97361-00043) **ਮਾਝਾ –** ਪ੍ਰਗਟ ਸਿੰਘ ਪੱਟੀ – (94637-29915) ਬਲਜੀਤ ਸਿੰਘ ਭਿੱਖੀਵਿੰਡ (98151-25093) ਪ੍ਰਮਜੀਤ ਸਿੰਘ, ਖਡੂਰ ਸਾਹਿਬ – (94652-52638) ਹਰਜਿੰਦਰ ਸਿੰਘ ਫੌਜੀ ਬਟਾਲਾ – (99157-308077. **ਬਨੂੜ –** ਬਾਬਾ ਗੁਰਦੇਵ ਸਿੰਘ 98151-20373, ਸੁਖਜੀਤ ਸਿੰਘ (98154-62204) **ਲੁਧਿਆਣਾ –** ਬਾਗ ਸਿੰਘ (98143-21418,) ਗੁਰਬਾਜ ਸਿੰਘ (98142-68041) **ਸੰਗਰੂਰ –** ਭਾਈ ਸੁਖਜੀਤ ਸਿੰਘ ਛਾਹੜ (98729-18506) ਪਟਿਆਲਾ – ਸੁੱਚਾ ਸਿੰਘ (97801-30180, 99151-66501) **ਮਾਛੀਵਾੜਾ ਸਾਹਿਬ –** ਗੁਰਨਾਮ ਸਿੰਘ (94645-00600) **ਦਿੱਲੀ** – ਪ੍ਰਮਜੀਤ ਸਿੰਘ, (98730-11265) ਸਤਪਾਲ ਸਿੰਘ (98104-30517), ਜਗਜੀਤ ਸਿੰਘ (92664-03650), ਬਲਵਿੰਦਰ ਸਿੰਘ (98991-05205) **ਸ੍ਰੀ ਅਨੰਦਪੁਰ ਸਾਹਿਬ –** ਹਰਭਜਨ ਸਿੰਘ, ਨੂਰਪੁਰ ਬੇਦੀ (98145-18602) ਰਾਮ ਸਿੰਘ, ਨੰਗਲ (94178-76243) **ਫਰੀਦਕੋਟ –** ਭਾਈ ਮੱਖਣ ਸਿੰਘ 98153-80902 **ਮੁੰਬਈ –** ਗੁਰਦੇਵ ਸਿੰਘ ਬਾਂਸਲ, (98678-77056)

**ਜ਼ਰੂਰੀ ਬੇਨਤੀਆਂ –**

* ਸਾਰੇ ਜ਼ਿੰਮੇਵਾਰ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਉਹ ਆਪਣੇ-ਆਪਣੇ ਨਗਰਾਂ ਵਿਚ ਸਮਾਗਮ ਤੋਂ ਤਿੰਨ ਦਿਨ ਪਹਿਲਾਂ ਅਨਾਊਂਸਮੈਂਟਾਂ ਕਰਵਾਉਣ ਅਤੇ ਸੰਗਤਾਂ ਨੂੰ ਨਗਰ ਵਿਚ ਸਵਾਰੀ ਆਉਣ ਬਾਰੇ ਦੱਸਿਆ ਜਾਵੇ। * ਰੂਟ ਦਾ ਜ਼ਿੰਮੇਵਾਰ ਪ੍ਰੇਮੀ ਆਪਣੀ ਸਵਾਰੀ ਵਿਚ ਦੁੱਧ ਦੀ ਸੰਭਾਲ ਲਈ ਇੱਕ ਡਰੰਮ ਰੱਖ ਲਵੇ। * ਰੂਟ ਦਾ ਜ਼ਿੰਮੇਵਾਰ ਪ੍ਰੇਮੀ ਸਮਾਗਮ ਸਥਾਨ 'ਤੇ ਸੰਗਤ ਲਿਆਉਣ ਤੋਂ ਬਾਅਦ ਟਰਾਂਸਪੋਰਟ ਟੈਂਟ ਵਿਚ ਪ੍ਰਬੰਧਕਾਂ ਨੂੰ ਰਿਪੋਰਟ ਕਰਨ ਦੀ ਕ੍ਰਿਪਾਲਤਾ ਕਰੇ। * ਜ਼ਿੰਮੇਵਾਰ ਪ੍ਰੇਮੀ ਸਮਾਗਮ ਤੋਂ ਪਹਿਲਾਂ ਸਵਾਰੀਆਂ ਲਈ ਬੈਨਰ ਰਤਵਾੜਾ ਸਾਹਿਬ ਤੋਂ ਪ੍ਰਾਪਤ ਕਰ ਲੈਣ। * ਇਲਾਕੇ ਦੇ ਜ਼ਿੰਮੇਵਾਰ ਪ੍ਰੇਮੀ ਪ੍ਰਬੰਧਕਾਂ ਨਾਲ ਮਿਲ ਕੇ ਆਪਣੇ ਇਲਾਕੇ ਵਿਚ ਪਤਵੰਤੇ ਸੱਜਣਾਂ ਨੂੰ ਕਾਰਡ ਦੇਣ ਦੀ ਸੇਵਾ ਕਰਨ ਅਤੇ 20 ਅਕਤੂਬਰ ਤੋਂ ਬਾਅਦ ਕਿਸੇ ਸਵਾਰੀ ਰਾਹੀਂ ਅਨਾਊਂਸਮੈਂਟ ਕਰਨ ਦਾ ਪ੍ਰਬੰਧ ਕਰਨ।

ਸਮਾਗਮ ਟਰਾਂਸਪੋਰਟ ਪ੍ਰਬੰਧਕ **ਰਤਵਾੜਾ ਸਾਹਿਬ ਰਜਿੰਦਰ ਸਿੰਘ, ਕਾਕਰੋਂ ਫੋਨ ਨੰ 98155-94315, 94635-86024**

**ਸਮਾਗਮ ਦੌਰਾਨ ਸਵਾਰੀ ਸਬੰਧੀ ਕਿਸੇ ਕਿਸਮ ਦੀ ਸਮੱਸਿਆ ਆਉਣ 'ਤੇ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ ਜੀ –**

**ਭਾਈ ਰਜਿੰਦਰ ਸਿੰਘ ਇੰਚਾਰਜ-ਸਮਾਗਮ ਟਰਾਂਸਪੋਰਟ ਦਫਤਰ ਰਤਵਾੜਾ ਸਾਹਿਬ-ਫੋਨ ਨੰ: – 98155-94315, 94635-86024**


ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥
CASIO
ਇੱਕ ਅਭੁੱਲ ਯਾਦ
ਸੰਤ ਮਹਾਰਾਜ ਜੀ ਅੰਮ੍ਰਿਤ ਮਈ ਕੀਰਤਨ ਦੁਆਰਾ
ਸੰਗਤਾਂ ਨੂੰ ਨਿਹਾਲ ਕਰਦੇ ਹੋਏ।


ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ
ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ
ਨਿੱਘੀ ਯਾਦ ਵਿੱਚ
ਮਹਾਨ ਗੁਰਮਤਿ ਰੂਹਾਨੀ ਸਮਾਗਮ
30-31 ਅਕਤੂਬਰ 1-2 ਨਵੰਬਰ 2018
ਰਤਵਾੜਾ ਸਾਹਿਬ